ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ: 2 ਅੰਕ : 8 Phone : 780 465 9118, 403 775 2100, 204 218 6284 Fax: 780 465 0661, e-mail: info@nawidunia.com ਅਗਸਤ-2011




19 ਅਗਸਤ : ਕਰਜ਼ਨ ਵਾਇਲੀ ਨੂੰ ਗੋਲੀ ਮਾਰਨ ਬਦਲੇ ਮਦਨ ਲਾਲ ਢੀਂਗਰਾ ਨੂੰ ਲੰਡਨ ਵਿਚ ਫਾਂਸੀ (1909)


ਦੀਪਾਲੀ ਕੁਮਾਰ ਗੋਲਡ ਮੈਡਲ ਨਾਲ ਸਨਮਾਨਿਤ — ਪੰਨਾ-3





ਚੈਨਲਾਂ ਨੂੰ ਸਰਕਾਰੀ ਗੱਫੇ — ਪੰਨਾ-9





"ਜੋ ਕਹਾਂਗਾ - ਸੱਚ ਕਹਾਂਗਾ .. ਪਰ !!!" -- ਲਾਲ ਸਿੰਘ — ਪੰਨਾ-27





ਕਲਾ ਅਤੇ ਸਮਾਜਕ ਸਰੋਕਾਰਾਂ ਦਾ ਸੰਗਮ - ਸ਼ਕੀਰਾ — ਪੰਨਾ-38


### ਪੰਜਾਬ ਸਰਕਾਰ ਦਾ ਨਵਾਂ 'ਤੋਹਫਾ'

## 19 ਨਵੀਆਂ ਸ਼ਰਾਬ ਫੈਕਟਰੀਆਂ ਖੁਲ੍ਹਣ ਲੱਗੀਆਂ

ਬਠਿੰਡਾ, (ਨਦਬ) : ਅਕਾਲੀ-ਭਾਜਪਾ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਨੂੰ ਇਹ ਨਵਾਂ 'ਤੋਹਫਾ' ਹੈ ਕਿ ਪੰਜਾਬ ਦੀ ਹਰ ਨੁੱਕਰ ਚ ਹੁਣ 'ਸ਼ਰਾਬ ਫੈਕਟਰੀ' ਲੱਗੇਗੀ। ਕੋਈ ਟਾਵਾਂ ਜ਼ਿਲ੍ਹਾ ਹੀ 'ਸ਼ਰਾਬ ਫੈਕਟਰੀ' ਤੋਂ ਬਚ ਸਕੇਗਾ। ਪੰਜਾਬ ਚ 19 ਨਵੀਆਂ 'ਸ਼ਰਾਬ ਫੈਕਟਰੀਆਂ' ਲੱਗ ਰਹੀਆਂ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਹਰੀ ਝੰਡੀ ਦੇ ਦਿੱਤੀ ਹੈ। ਇਸ ਤੋ ਪਹਿਲਾਂ ਪੰਜਾਬ ਦੇ 7 ਜ਼ਿਲ੍ਹਿਆਂ 'ਚ ਕੇਵਲ 11 ਸ਼ਰਾਬ ਫੈਕਟਰੀਆਂ ਸਨ ਜਦੋਂ ਕਿ ਹੁਣ ਅੱਠ ਹੋਰ ਜ਼ਿਲ੍ਹਿਆਂ 'ਚ ਸ਼ਰਾਬ ਫੈਕਟਰੀਆਂ ਲੱਗਣਗੀਆਂ। ਇੱਥੋਂ ਤੱਕ ਕਿ ਪਵਿੱਤਰ ਸ਼ਹਿਰਾਂ ਵਾਲੇ ਜ਼ਿਲ੍ਹਿਆਂ ਚ ਵੀ ਸ਼ਰਾਬ ਦਾ ਉਤਪਾਦਨ ਹੋਏਗਾ। ਤਖਤ ਦਮਦਮਾ ਸਾਹਿਬ ਦੇ ਲਾਗੇ ਦੋ ਸ਼ਰਾਬ ਸਨਅਤਾਂ ਸਥਾਪਿਤ ਹੋਣੀਆਂ ਹਨ ਜੋ ਕਿ ਬਲਾਕ ਸੰਗਤ ਦੀ ਹਦੂਦ ਵਿੱਚ ਪੈਂਦੀਆਂ ਹਨ।

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਸ਼ਹੀਦਾਂ ਦੀ ਧਰਤੀ ਵਜੋਂ ਜਾਣੇ ਜਾਂਦੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਤਿੰਨ ਨਵੀਆਂ ਹੋਰ ਸ਼ਰਾਬ ਫੈਕਟਰੀਆਂ ਲੱਗਣਗੀਆਂ ਜਦ ਕਿ ਇਸ ਤੋ ਪਹਿਲਾਂ ਵੀ ਇੱਕ ਸ਼ਰਾਬ ਫੈਕਟਰੀ ਇਸ ਜ਼ਿਲ੍ਹੇ ਚ ਹੈ। ਇਵੇਂ ਹੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜ਼ਿਲ੍ਹੇ ਨਵਾਂ ਸ਼ਹਿਰ ਵਿਚ ਵੀ ਇੱਕ ਨਵੀਂ ਸ਼ਰਾਬ ਦੀ ਫੈਕਟਰੀ ਲੱਗੇਗੀ। ਪੰਥਕ ਸਰਕਾਰ ਵਜੋਂ ਜਾਣੀ ਜਾਂਦੀ ਮੌਜੂਦਾ ਸਰਕਾਰ ਨੇ ਸ਼ਰਾਬ ਦੇ ਕਾਰੋਬਾਰ ਨੂੰ ਹੋਰ ਹਵਾ ਦੇ ਦਿੱਤੀ ਹੈ। ਪੰਜਾਬ ਚ ਇਸ ਵੇਲੇ ਜੋ 11 ਸ਼ਰਾਬ ਫੈਕਟਰੀਆਂ ਹਨ,ਉਹ ਸਲਾਨਾ ਸ਼ਰਾਬ ਦੀਆਂ 143 ਕਰੋੜ 18 ਲੱਖ ਬੋਤਲਾਂ ਦਾ ਉਤਪਾਦਨ ਕਰਦੀਆਂ ਹਨ। ਮਤਲਬ ਕਿ ਇਸ ਵੇਲੇ ਪੰਜਾਬ ਵਿੱਚ ਰੋਜ਼ਾਨਾ 39 ਲੱਖ 23 ਹਜ਼ਾਰ ਬੋਤਲਾਂ ਦਾ ਉਤਪਾਦਨ ਹੁੰਦਾ ਹੈ। ਇਹ ਸ਼ਰਾਬ ਫੈਕਟਰੀਆਂ ਦੀ ਸਮਰੱਥਾ ਹੈ। ਜੋ 19 ਨਵੀਆਂ ਸ਼ਰਾਬ ਫੈਕਟਰੀਆਂ ਲੱਗਣੀਆਂ ਹਨ,ਉਨ੍ਹਾਂ ਦੀ ਸਲਾਨਾ ਸ਼ਰਾਬ ਦੇ ਉਤਪਾਦਨ ਦੀ ਸਮਰੱਥਾ 73 ਕਰੋੜ 46 ਲੱਖ ਬੋਤਲਾਂ ਹੋਏਗੀ। ਮੋਟੇ ਤੌਰ ਤੇ ਇਨ੍ਹਾਂ ਨਵੀਆਂ ਫੈਕਟਰੀਆਂ ਦੇ ਚੱਲਣ ਮਗਰੋਂ ਪੰਜਾਬ ਵਿੱਚ ਰੋਜ਼ਾਨਾ 59 ਲੱਖ 35 ਹਜ਼ਾਰ ਬੋਤਲਾਂ ਸ਼ਰਾਬ ਤਿਆਰ ਹੋਏਗੀ। ਪੰਜਾਬ ਦਾ ਸਲਾਨਾ ਸ਼ਰਾਬ ਉਤਪਾਦਨ ਇਨ੍ਹਾਂ ਫੈਕਟਰੀਆਂ ਨਾਲ ਕੁੱਲ 216 ਕਰੋੜ 65 ਲੱਖ ਬੋਤਲਾਂ ਦਾ ਹੋ ਜਾਵੇਗਾ।

# ਅਮਰੀਕਾ ਡਿਫਾਲਟਰ ਹੋਣੋਂ ਬਚਿਆ

### *ਅਮਰੀਕੀ ਕਾਂਗਰਸ ਵਲੋਂ ਕਰਜ਼-ਅਦਾਇਗੀ ਸਮਝੌਤਾ ਪਾਸ*

ਨਿਊ ਯਾਰਕ, (ਨਦਬ) ਅਮਰੀਕਾ ਨੇ ਡਿਫਾਲਟਰ ਹੋਣ ਤੋਂ ਬਚਣ ਲਈ ਆਖ਼ਰ ਅਮਰੀਕੀ ਕਾਂਗਰਸ ਵਲੋਂ ਕੀਤੇ ਕਰਜ਼-ਅਦਾਇਗੀ ਸਮਝੌਤੇ ਨੂੰ ਪਾਸ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸੱਤਾਧਾਰੀ ਡੈਮੋਕਰੈਟ ਅਤੇ ਵਿਰੋਧੀ ਰਿਪਬਲੀਕਨ ਵਿਚਾਲੇ ਦੇਸ਼ ਦੀ ਕਰਜ਼ਾ ਲੈਣ ਦੀ ਹਦ ਵਧਾਉਣ ਲਈ ਸਮਝੌਤਾ ਹੋਇਆ ਸੀ। ਇਹ ਸਮਝੌਤਾ ਸਮੇਂ ਰਹਿੰਦੇ ਨਾ ਹੁੰਦਾ ਤਾਂ ਅਮਰੀਕਾ 'ਤੇ ਕਰਜ਼ ਅਦਾਇਗੀ ਦਾ ਸੰਕਟ ਖੜ੍ਹਾ ਹੋ ਜਾਂਦਾ। ਹੁਣ ਅਮਰੀਕਾ ਡਿਫਾਲਟਰ ਹੋਣ ਤੋਂ ਬਚ ਗਿਆ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਸਮਝੌਤੇ ਦਾ ਐਲਾਨ ਕੀਤਾ ਸੀ। ਸੋਮਵਾਰ ਨੂੰ ਅਮਰੀਕੀ ਸਦਨ ਦੇ ਪ੍ਰਤੀਨਿਧੀਆਂ ਨੇ ਇਸ ਨੂੰ ਪਾਸ ਕਰ ਦਿੱਤਾ। ਗੌਰਤਲਬ ਹੈ ਕਿ ਅਮਰੀਕਾ ਨੂੰ ਦੋ ਅਗਸਤ ਤਕ ਕਰਜ਼ਾ ਲੈਣ ਦੀ ਆਪਣੀ 14.3 ਲੱਖ ਕਰੋੜ ਡਾਲਰ ਦੀ ਹਦ ਨੂੰ ਵਧਾਉਣਾ ਸੀ, ਨਹੀਂ ਤਾਂ ਉਸ ਦੇ ਡਿਫਾਲਟਰ ਹੋਣ ਦਾ ਖ਼ਤਰਾ ਸੀ। ਇਹ ਕਰਜ਼ਾ ਹਦ ਅਮਰੀਕਾ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 95 ਫੀਸਦੀ ਹੈ। ਓਬਾਮਾ ਦੇ ਹਸਤਾਖ਼ਰ ਨਾਲ ਬਣੇ ਇਸ ਕਾਨੂੰਨ ਤਹਿਤ ਕਰਜ਼ਾ ਹਦ 14.29 ਲੱਖ ਕਰੋੜ ਡਾਲਰ ਵਧਾਈ ਗਈ ਹੈ। ਜੇਕਰ ਸੈਨੇਟ ਇਸ ਦੀ ਮਨਜ਼ੂਰੀ ਨਾ ਦਿੰਦਾ ਤਾਂ ਅਮਰੀਕੀ ਖਜ਼ਾਨਾ ਉਸ ਹਦ ਤੱਕ ਪੁੱਜ ਜਾਂਦਾ ਕਿ ਅਮਰੀਕਾ ਹੋਰ ਕਰਜ਼ਾ ਲੈਣ ਦੀ ਸਥਿਤੀ ਵਿਚ ਨਾ ਰਹਿੰਦਾ। ਇਸ ਸਮਝੌਤੇ ਦੇ ਹੱਕ ਵਿਚ 269 ਅਤੇ ਵਿਰੋਧ ਵਿਚ 161 ਵੋਟਾਂ ਪਈਆਂ। ਇਸ ਸਮਝੌਤੇ ਦਾ ਵਿਰੋਧ ਕਰਨ ਵਾਲਿਆਂ ਦਾ ਮਤ ਸੀ ਕਿ ਕਰਜ਼ਾ ਹਦ 7 ਲੱਖ ਕਰੋੜ ਵਧਾਈ ਜਾਣੀ ਚਾਹੀਦੀ ਹੈ। ਇਸ ਦੇ ਬਾਵਜੂਦ ਕੰਜ਼ਰਵੇਟਿਵ ਰਿਪਬਲੀਕਨ ਦੇ ਪ੍ਰਤੀਨਿਧ ਪਾਲ ਰਾਇਨ ਦਾ ਕਹਿਣਾ ਸੀ ਕਿ ਇਹ ਸਮਝੌਤਾ ਸਹੀ ਦਿਸ਼ਾ ਵਿਚ ਜਾ ਰਿਹਾ ਹੈ।

### ਸਮਝੌਤੇ ਵਿਚ ਕੀ ਹੈ?

ਘਾਟੇ ਵਿਚ ਕਮੀ ਕਰਨ 'ਤੇ ਸੁਝਾਅ ਦੇਣ ਲਈ ਕਮੇਟੀ ਦਾ ਗਠਨ।
ਨਵੰਬਰ ਤਕ ਸਰਕਾਰ ਨੂੰ ਆਪਣੀ ਰਿਪੋਰਟ ਦਏਗੀ ਕਮੇਟੀ।
10 ਸਾਲ ਵਿਚ ਸਰਕਾਰੀ ਖਰਚਿਆਂ ਵਿਚ 917 ਅਰਬ ਡਾਲਰ ਦੀ ਕਟੌਤੀ, ਕਰਜ਼ ਹਦ ਵਿਚ 2.1 ਲੱਖ ਕਰੋੜ ਡਾਲਰ ਦੇ ਵਾਧੇ 'ਤੇ ਸਹਿਮਤੀ।
14.3 ਲੱਖ ਕਰੋੜ ਡਾਲਰ ਕਰਜ਼ਾ ਹਦ ਨੂੰ ਦੋ ਪੜਾਵਾਂ ਵਿਚ ਵਧਾਉਣ 'ਤੇ ਸਹਿਮਤੀ, 1.5 ਲੱਖ ਕਰੋੜ ਦੀ ਬਚਤ ਕਰਨੀ ਹੋਵੇਗੀ।

### ਕਿਉਂ ਜ਼ਰੂਰੀ ਸੀ ਸਮਝੌਤਾ

ਕਰਮਚਾਰੀਆਂ ਨੂੰ ਤਨਖਾਹ ਭੁਗਤਾਨ ਤੇ ਰੋਜ਼ ਦੇ ਹੋਰ ਕੰਮ ਕਰਨਾ ਹੋ ਜਾਣਾ ਸੀ ਮੁਸ਼ਕਲ।
ਵੱਡੀ ਅਰਥਵਿਵਸਥਾ ਕਾਰਨ ਦੁਨੀਆ ਦੀਆਂ ਦੂਸਰੀਆਂ ਅਰਥਵਿਵਸਥਾਵਾਂ ਵੀ ਪ੍ਰਭਾਵਤ ਹੋਣੀਆਂ ਸਨ। ਕਰਜ਼ੇ ਦੀ ਅਦਾਇਗੀ ਨਾ ਹੋਣ 'ਤੇ ਕਰਜ਼ੇ ਦੀਆਂ ਵਿਆਜ ਦਰਾਂ ਵਧਾਉਣੀਆਂ ਪੈਂਦੀਆਂ।
ਵਿਆਜ ਦਰਾਂ ਵਧਣ ਕਾਰਨ ਪ੍ਰਭਾਵਤ ਹੁੰਦੀ ਦੇਸ਼ ਦੀ ਅਰਥ ਵਿਵਸਥਾ।

### 'ਨਵੀਂ ਦੁਨੀਆ', ਨਵਾਂ ਅੰਦਾਜ : ਨਵੇਂ ਅਹਿਦ, ਨਵੇਂ ਸੰਕਲਪ

ਵਿੰਨੀਪੈਗ ਅਤੇ ਆਸ-ਪਾਸ ਦੇ ਪਾਠਕ 'ਨਵੀਂ ਦੁਨੀਆ' ਵਿੱਚ ਖ਼ਬਰਾਂ, ਇਸ਼ਤਿਹਾਰ, ਤਸਵੀਰਾਂ ਆਦਿ ਦੇਣ ਲਈ ਸਾਡੇ ਪ੍ਰਤੀਨਿਧੀ ਸਰਬ ਮਾਵੀ ਨਾਲ ਸਪੰਰਕ ਕਰ ਸਕਦੇ ਹਨ।

ਮੋਬਾਇਲ: 204-218-6284
ਈਮੇਲ: ssmavi@live.com



ਸਰਬਜੀਤ ਮਾਵੀ

## ਸ੍ਰੀ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਦੇ ਵੀ.ਸੀ. ਆਹਲੂਵਾਲੀਆ 'ਤੇ ਜਾਨਲੇਵਾ ਹਮਲਾ



ਚੰਡੀਗੜ੍ਹ (ਨਦਬ) : ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਉਪ ਕੁਲਪਤੀ ਡਾ. ਜਸਬੀਰ ਸਿੰਘ ਆਹਲੂਵਾਲੀਆ ਯੂਨੀਵਰਸਿਟੀ ਕੈਂਪਸ ਵਿਚ ਹੋਏ ਕਾਤਲਾਨਾ ਹਮਲੇ ਵਿਚ ਸਖਤ ਫੱਟੜ ਹੋ ਗਏ। ਉਨ੍ਹਾਂ ਦੀ ਪੁੜਪੁੜੀ ਵਿਚ ਦੋ ਗੋਲੀਆਂ ਲੱਗੀਆਂ। ਉਨ੍ਹਾਂ ਨੂੰ ਇੱਥੇ ਪੀ.ਜੀ.ਆਈ. ਦਾਖਲ ਕਰਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਹੈ ਅਤੇ ਉਹ ਬੇਹੋਸ਼ ਹਨ। ਉਨ੍ਹਾਂ ਦੇ ਚਿਹਰੇ ਦੇ ਖੱਬੇ ਪਾਸੇ ਗੋਲੀਆਂ ਦੇ ਦੋ ਨਿਸ਼ਾਨ ਹਨ ਪਰ ਗੱਲ੍ਹਾਂ ਨੂੰ ਛੱਡ ਕੇ ਬਾਕੀ ਚਿਹਰੇ ਨੂੰ ਹੋਰ ਕੋਈ ਨੁਕਸਾਨ ਨਹੀਂ ਪੁੱਜਾ। ਪੀ.ਜੀ.ਆਈ. ਦੀ ਸਰਜੀਕਲ ਐਮਰਜੈਂਸੀ ਵਿਚ ਦਾਖਲ ਕਰਨ ਪਿੱਛੋਂ ਉਨ੍ਹਾਂ ਦਾ ਤੁਰੰਤ ਸੀ.ਟੀ. ਸਕੈਨ ਕੀਤਾ ਗਿਆ ਜਿਸ ਤੋਂ ਇਹ ਪਤਾ ਲੱਗਾ ਕਿ ਗੋਲੀਆਂ ਨਾਲ ਦਿਮਾਗ ਦਾ ਨੁਕਸਾਨ ਹੋਣੋਂ ਬਚਾਅ ਹੋ ਗਿਆ ਹੈ। ਉਂਜ, ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਨਹੀਂ ਦੱਸੀ ਜਾ ਰਹੀ। ਜਾਣਕਾਰੀ ਅਨੁਸਾਰ ਡਾ. ਆਹਲੂਵਾਲੀਆ ਆਪਣੇ ਦਫਤਰ ਵਿਚ ਮੌਜੂਦ ਸਨ ਤਾਂ ਉਨ੍ਹਾਂ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਿੱਜੀ ਸਹਾਇਕ ਸੁਰਜੀਤ ਸਿੰਘ ਲਾਲ ਬੱਤੀ ਵਾਲੀ ਕਾਰ ਵਿਚ ਮਿਲਣ ਆਏ। ਇਸ ਮੁਲਾਕਾਤ ਪਿੱਛੋਂ ਉਪ ਕੁਲਪਤੀ ਇਸ ਮਹਿਮਾਨ ਨੂੰ ਬਾਹਰ ਛੱਡਣ ਲਈ ਆਏ ਤਾਂ ਰਿਸੈਪਸ਼ਨ 'ਤੇ ਖੜ੍ਹੇ ਇਕ ਨੌਜਵਾਨ ਨੇ ਐਨ ਨੇੜਿਉਂ ਰਿਵਾਲਵਰ 'ਚੋਂ ਉਨ੍ਹਾਂ ਦੀ ਪੁੜਪੁੜੀ ਵੱਲ ਤਿੰਨ ਫਾਇਰ ਕਰ ਦਿੱਤੇ। ਇਨ੍ਹਾਂ ਤੋਂ ਇਕ ਫਾਇਰ ਤਾਂ ਅਜਾਈ ਗਿਆ ਜਦੋਂ ਕਿ ਦੋ ਗੋਲੀਆਂ ਪੁੜਪੁੜੀ ਦੇ ਬਿਲਕੁਲ ਨੇੜੇ ਲੱਗੀਆਂ। ਇਕ ਚਸ਼ਮਦੀਦ ਗਵਾਹ ਅਨੁਸਾਰ ਹਮਲਾਵਾਰ ਨੌਜਵਾਨ ਨੇ ਗੋਲੀਆਂ ਮਾਰਨ ਪਿੱਛੋਂ ਸ੍ਰੀ ਬਾਦਲ ਦੇ ਪੀ.ਏ. ਦੀ ਲਾਲ ਬੱਤੀ ਵਾਲੀ ਗੱਡੀ ਵਿਚ ਸਵਾਰ ਹੋ ਗਿਆ ਅਤੇ ਡਰਾਈਵਰ ਨੂੰ ਧਮਕੀ ਦੇ ਕੇ ਗੱਡੀ ਭਜਾਉਣ ਲਈ ਕਿਹਾ ਪਰ ਡਰਾਈਵਰ ਮੌਕਾ ਬਚਾਅ ਕੇ ਕਾਰ ਵਿਚੋਂ ਭੱਜ ਨਿਕਲਿਆ। ਹਮਲਾਵਰ ਨੌਜਵਾਨ ਉਥੋਂ ਦੀ ਲੰਘ ਰਹੇ ਇਕ ਮੋਟਰਸਾਈਕਲ ਸਵਾਰ ਤੋਂ ਲਿਫਟ ਲੈ ਕੇ ਫਰਾਰ ਹੋ ਗਿਆ।




Preparing you for a safe & healthy journey
Offering National & International Travel Vaccines
ਕਨੇਡਾ ਤੋਂ ਬਾਹਰ ਸੁਰਖਿਅਤ ਤੇ ਸਿਹਤਮੰਦ ਸਫਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ
Atlas Immunization Services
Phone : 780.465.5150
www.atlasimmunization.com
Suite 104, 7633-50 St. Edmonton (Meridian Place)

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"





Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services Contact Dan Sidhu Broker / Owner



Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ।
Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD Each Office is Individually Owned and Operated
Specialized in Residential Commertial & Investment Properties
110-300 Merganser Dr. West Chestermere, AB T1X 1L6



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE



* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
SARJAN LUTHRA
B.Sc, LL.B.
Barrister Solicitor
780-466-4660



Kuldip S. Powar

## POWAR HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੇਸਮਾਉਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com
Contact At:
Ph: 780-695-6595

## STP ELECTRIC LTD.
stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

## EAGLE ROCK GOLF COURSE




50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

## ALPHA Tent Rentals
All Events Big or Small
We are in this Business Since 2001



**Tents** All Size and Different Colours, **Tables** Rectangular & Round, **Chairs** All Colours, **Lights**, Dance Floor, Heaters, Fans, **Catering Equipment,** Coffee Brewers, Food Warmers, Big Burners, Big Pots (Patila), Cutlery and Plates, **Portable Bars,** Beer Tubs, Ice Boxes, **Carpet, Stantions, Linens and Clips.**



ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Ladies Sangeet Jago Equipment

Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354



## DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
- Do Service on remote locations including Weighing Scales.
- Vehicle Inspection by Certified Mechanic.

Call: Manjit S.Khosa, Garry Dhaliwal
Ph: 780-298-1114, 780-993-4441
Enough Parking Space
6609 34 st. , Edmonton, Alberta.

## WILDROSE MASONARY & STONE WORKS



Commertial & Residential
Ph: 780 340 1400
Off: 780 450 1413
Fax: 780 490 4888
Dave Johal

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4

## MILLWOODS PIZZA & INDIAN CUISINE



4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
780 462 4313
Cell: 780 504 5600
Take Out Buffets
starting from $ 7.99
Out door Catering at reasonable rates
www.millwoodspizza.com



Faryad Pannu

## Insurance & Financial Services
- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ
For All Insurance Needs
Call: Shalu Badesha
Phone:780-660-3071



Sponsor by Canada Life & Access to all Major Insurance Companies in Canada

Concept, Design and Installation
## Cambridge Windows Mfg. Inc.

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਐਡਮਿੰਟਨ ਦੀ ਦਵਾਈਆਂ ਬਣਾਉਣ ਵਾਲੀ ਕੰਪਨੀ ਵਿਚ ਅੱਗ ਲੱਗਣ ਕਾਰਨ 70 ਲੱਖ ਡਾਲਰ ਦਾ ਨੁਕਸਾਨ



ਐਡਮਿੰਟਨ, (ਨਦਬ) : ਸ਼ਹਿਰ ਦੀ ਦਵਾਈਆਂ ਬਣਾਉਣ ਵਾਲੀ ਕੰਪਨੀ ਵਿਚ ਬੀਤੇ ਦਿਨੀ ਲੱਗੀ ਅੱਗ ਕਾਰਨ ਅੰਦਾਜ਼ਨ 70 ਲੱਖ ਡਾਲਰ ਦਾ ਨੁਕਸਾਨ ਹੋਇਆ। ਨਾਇਜਾ ਫ਼ਾਰਮਾਸੂਟੀਕਲਜ਼ ਦੇ ਮੁਖੀ ਕ੍ਰਿਸ ਮਾਇਸਟਿਕ ਨੇ ਦਸਿਆ, "ਪੂਰਾ ਬਲਾਕ ਸੜ ਕੇ ਸੁਆਹ ਹੋ ਗਿਆ'' ਦਸਣਯੋਗ ਹੈ ਕਿ ਦਵਾਈਆਂ ਬਣਾਉਣ ਵਾਲੀ ਕੰਪਨੀ ਵਿਚ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਫ਼ਰੀਜਰੇਸ਼ਨ ਯੂਨਿਟ ਵਿਚ ਲੀਕੇਜ਼ ਹੋਣ ਦਾ ਪਤਾ ਲੱਗਿਆ ਸੀ। ਇਸ ਲੀਕੇਜ਼ ਨੂੰ ਬੰਦ ਕਰਨ ਦੇ ਯਤਨ ਅਸਫ਼ਲ ਰਹੇ ਅਤੇ ਫਿਰ ਅਚਾਨਕ ਅੱਗ ਦੇ ਭਾਂਬੜ ਮੱਚ ਉਠੇ। ਫ਼ਾਇਰ ਬ੍ਰਿਗੇਡ ਦੇ 22 ਵਾਹਨਾਂ 'ਤੇ ਸਵਾਰ 80 ਮੁਲਾਜ਼ਮਾਂ ਨੇ ਅੱਗ ਬੁਝਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ।

ਐਡਮਿੰਟਨ ਦੇ ਫ਼ਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਕੈਨ ਬਲਾਕ ਨੇ ਦਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਛੇਤੀ ਹੀ ਪਤਾ ਲਗਾਇਆ ਜਾਵੇਗਾ ਪਰ ਜ਼ਹਿਰੀਲਾ ਧੂੰਆਂ ਅਸਮਾਨ ਵਿਚ ਛਾ ਜਾਣ ਕਾਰਨ ਲੋਕਾਂ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤਾਂਕਿ ਕੋਈ ਮੁਸੀਬਤ ਵਿਚ ਨਾ ਫਸ ਜਾਵੇ। ਅਲਬਰਟਾ ਦੇ ਵਾਤਾਵਰਣ ਵਿਭਾਗ ਵੱਲੋਂ ਘਟਨਾ ਵਾਲੇ ਸਥਾਨ ਤੋਂ ਨਮੂਨੇ ਲਏ ਗਏ ਹਨ ਤਾਂਕਿ ਆਲੇ-ਦੁਆਲੇ ਦੇ ਇਲਾਕੇ ਵਿਚ ਫੈਲੇ ਨੁਕਸਾਨ ਦੇ ਮਲਬੇ ਦਾ ਪਤਾ ਲਾਇਆ ਜਾ ਸਕੇ। ਵਿਭਾਗ ਵੱਲੋਂ ਨਿਗਰਾਨੀ ਰੱਖੀ ਜਾ ਰਹੀ ਹੈ ਕਿ ਕਿਤੇ ਦਵਾਈਆਂ ਦੇ ਪਲਾਂਟ ਵਿਚੋਂ ਜ਼ਹਿਰੀਲੇ ਰਸਾਈਣ ਰਿਸ ਕੇ ਉਤਰੀ ਸਾਸਕਾਸ਼ੇਵਨ ਨਦੀ ਵਿਚ ਤਾਂ ਨਹੀਂ ਜਾ ਮਿਲੇ। ਅਲਬਰਟਾ ਦੇ ਸਿਹਤ ਵਿਭਾਗ ਵਲੋਂ ਵੀ ਮੌਕੇ 'ਤੇ ਜਾ ਕੇ ਮੁਆਇਨਾ ਕੀਤਾ ਗਿਆ ਤਾਂ ਕਿ ਮਨੁੱਖ ਦੀ ਸਿਹਤ ਉਪਰ ਪੈਣ ਵਾਲੇ ਅਸਰਾਂ ਦਾ ਪਤਾ ਲਾਇਆ ਜਾ ਸਕੇ। ਕ੍ਰਿਸ ਮਾਇਸਟਿਕ ਦਾ ਕਹਿਣਾ ਸੀ ਕਿ ਅੱਗ ਲੱਗਣ ਕਾਰਨ ਹੋਇਆ ਨੁਕਸਾਨ ਅਸਲ ਨਾਲੋਂ ਕਿਤੇ ਜ਼ਿਆਦਾ ਦਿਖਾਈ ਦਿੰਦਾ ਹੈ। ਭਾਵੇਂ ਇਹ ਅੱਗ ਲੱਗਣ ਦੀ ਵੱਡੀ ਘਟਨਾ ਸੀ ਪਰ 63 ਹਜ਼ਾਰ ਵਰਗ ਫੁੱਟ ਵਿਚ ਫੈਲੀ ਇਮਾਰਤ ਦਾ ਬਹੁਤ ਘੱਟ ਨੁਕਸਾਨ ਹੋਇਆ। ਉਨ੍ਹਾਂ ਦਸਿਆ ਕਿ ਇਮਾਰਤ ਦਾ ਤਿੰਨ ਚੌਥਾਈ ਹਿੱਸਾ ਅਜੇ ਵੀ ਵਰਤਣਯੋਗ ਹੈ ਜਦਕਿ ਪ੍ਰਸ਼ਾਸਕੀ ਦਫ਼ਤਰਾਂ ਦਾ 90ਫ਼ੀਸਦੀ ਹਿੱਸਾ ਸੜ ਗਿਆ।

# ਐਚ.1ਐਨ.1 ਫਲੂ ਦੇ ਇਲਾਜ ਸਬੰਧੀ ਖੋਜ ਕਰਨ ਵਾਲੀ ਦੀਪਾਲੀ ਕੁਮਾਰ ਗੋਲਡ ਮੈਡਲ ਨਾਲ ਸਨਮਾਨਤ



ਐਡਮਿੰਟਨ, (ਨਦਬ) : ਰਾਇਲ ਕਾਲਜ ਆਫ਼ ਫਿਜ਼ੀਸ਼ੀਅਨਸ ਐਂਡ ਸਰਜਨਜ਼ ਆਫ਼ ਕਨੇਡਾ ਵਲੋਂ ਫਲੂ ਦੇ ਇਲਾਜ ਸਬੰਧੀ ਤਾਜ਼ਾ ਖੋਜ ਕਰਨ ਵਾਲੀ ਦੀਪਾਲੀ ਕੁਮਾਰ ਨੂੰ 2011 ਦੇ ਮੈਡੀਸਨ ਖੇਤਰ ਦੇ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ। ਯੂਨੀਵਰਸਿਟੀ ਆਫ਼ ਅਲਬਰਟਾ ਦੇ ਮੈਡੀਸਨ ਵਿਭਾਗ ਵਿਚ ਪ੍ਰੋਫੈਸਰ ਦੀਪਾਲੀ ਕੁਮਾਰ ਨੇ ਕਿਹਾ ਕਿ ਉਹ ਇਹ ਸਨਮਾਨ ਮਿਲਣ 'ਤੇ ਬਹੁਤ ਖ਼ੁਸ਼ ਹੈ। ਉਨ੍ਹਾਂ ਕਿਹਾ, "ਮੈਂ ਸਮਝਦੀ ਹਾਂ ਕਿ ਇਸ ਨਾਲ ਸਾਡੇ ਵਲੋਂ ਕੀਤੇ ਕੰਮ ਦੀ ਹਰ ਪਾਸੇ ਤਾਰੀਫ ਹੋਈ। ਇਸ ਨਾਲ ਇਹ ਵੀ ਸਾਹਮਣੇ ਆਇਆ ਕਿ ਯੂਨੀਵਰਸਿਟੀ ਆਫ਼ ਅਲਬਰਟਾ ਵਿਚ ਖੋਜ ਕਾਰਜਾਂ ਨੂੰ ਕਿੰਨੀ ਅਹਿਮੀਅਤ ਦਿੱਤੀ ਜਾਂਦੀ ਹੈ, ਖਾਸ ਤੌਰ 'ਤੇ ਵਾਇਰਾਲੋਜੀ ਅਤੇ ਟਰਾਂਸਪਲਾਂਟੇਸ਼ਨ ਦੇ ਖੇਤਰਾਂ ਵਿਚ।'' ਦੱਸਣਯੋਗ ਹੈ ਕਿ ਮੈਡੀਸਨ ਖੇਤਰ ਦਾ ਗੋਲਡ ਮੈਲਡ ਕਨੇਡਾ ਵਿਚ ਦਿਤੇ ਜਾਂਦੇ ਵਕਾਰੀ ਐਵਾਰਡਾਂ ਵਿਚੋਂ ਇਕ ਹੈ ਜੋ ਦੀਪਾਲੀ ਕੁਮਾਰ ਨੂੰ ਐਚ.1ਐਨ1 ਫਲੂ ਵਾਇਰਸ ਦੇ ਮਰੀਜ਼ਾਂ ਦੇ ਇਲਾਜ ਸਬੰਧੀ ਖੋਜ ਲਈ ਦਿਤਾ ਗਿਆ। ਦੀਪਾਲੀ ਕੁਮਾਰ ਨੇ ਮਰੀਜ਼ਾਂ ਵਿਚ ਬੀਮਾਰੀਆਂ ਨਾਲ ਲੜਨ ਦੀ ਤਾਕਤ ਵਧਾਉਣ ਦੀ ਵਿਧੀ ਵਿਕਸਤ ਕੀਤੀ ਜਿਸ ਨਾਲ ਫਲੂ ਦੇ ਲੱਛਣਾਂ ਵਾਲੇ ਮਰੀਜ਼ਾਂ ਵਿਚ ਮਰੀਜ਼ਾਂ ਦੇ ਇਲਾਜ ਦੇ 48 ਘੰਟਿਆਂ ਦੇ ਅੰਦਰ ਸੁਧਾਰ ਦੇ ਲੱਛਣ ਦਿਖਾਈ ਦੇਣ ਲੱਗੇ, ਜਿਸ ਨਾਲ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ ਵਿਚ ਕਮੀ ਆਈ। ਉਨ੍ਹਾਂ ਕਿਹਾ ਕਿ ਜੇ ਸਾਨੂੰ ਸ਼ੱਕ ਹੈ ਕਿ ਕਿਸੇ ਵਿਅਕਤੀ ਨੂੰ ਫਲੂ ਹੈ ਤਾਂ ਸਾਨੂੰ ਉਸ ਨੂੰ ਟੈਸਟ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਐਂਟੀਵਾਇਰਲ ਦਿਵਾਈ ਦੇਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ, ਕਿਉਂਕਿ ਨਤੀਜੇ ਆਉਣ ਵਿਚ ਕੁੱਝ ਸਮਾਂ ਲੱਗ ਸਕਦਾ ਹੈ। ਜੇ ਤੁਸੀਂ ਨਤੀਜੇ ਆਉਣ ਦੀ ਉਡੀਕ ਕਰੋਂਗੇ ਤਾਂ ਮਰੀਜ਼ ਨੂੰ ਠੀਕ ਕਰਨ ਦਾ ਬਿਹਤਰੀਨ ਮੌਕਾ ਖੁੰਜ ਜਾਵੋਗੇ। ਦੀਪਾਲੀ ਕੁਮਾਰ ਉਤਰੀ ਅਮਰੀਕਾ ਵਿਚ ਐਚ.1ਐਨ1 ਫਲੂ ਦੇ ਇਲਾਜ ਵਿਚ ਲੱਗੇ 26 ਕੇਂਦਰਾਂ ਨਾਲ ਜੁੜੀ ਹੋਈ ਹੈ। ਦੀਪਾਲੀ ਕੁਮਾਰ ਦੀ ਖੋਜ ਦੇ ਨਤੀਜੇ ਕੌਮਾਂਤਰੀ ਪ੍ਰਸਿੱਧੀ ਹਾਸਲ ਲਾਂਸੈਂਟ ਰਸਾਲੇ ਵਿਚ ਪ੍ਰਕਾਸ਼ਿਤ ਕੀਤੇ ਗਏ ਹਨ।

# ਐਨ.ਡੀ.ਪੀ. ਦੇ ਆਗੂ ਜੈਕ ਲੇਟਨ ਨੇ ਕੈਂਸਰ ਦਾ ਇਲਾਜ ਕਰਵਾਉਣ ਵਾਸਤੇ ਛੁੱਟੀ ਲਈ



ਐਡਮਿੰਟਨ, (ਨਦਬ) : ਅਲਬਰਟਾ ਦੇ ਸਿਆਸਤਦਾਨਾਂ ਨੇ ਨਿਊ ਡੈਮੋਕ੍ਰੈਟ ਪਾਰਟੀ ਦੇ ਆਗੂ ਜੈਕ ਲੇਟਨ ਅਤੇ ਉਨ੍ਹਾਂ ਦੇ ਪਰਵਾਰ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਜਦੋਂ ਉਹ ਕੈਂਸਰ ਦੇ ਇਲਾਜ ਲਈ ਛੁੱਟੀ 'ਤੇ ਜਾ ਰਹੇ ਸਨ। ਅਲਬਰਟਾ ਸੂਬੇ ਦੀ ਐਡਮਿੰਟਨ-ਸਟਰੈਥਕੋਨਾ ਸੀਟ ਤੋਂ ਪਾਰਟੀ ਦੀ ਇਕੋ-ਇਕ ਸੰਸਦ ਮੈਂਬਰ ਲਿੰਡਾ ਡੰਕਨ ਅੰਤ੍ਰਿਮ ਆਗੂ ਦੀ ਚੋਣ ਲਈ ਹਾਲ ਹੀ ਵਿਚ ਔਟਵਾ ਗਈ ਸੀ। ਉਨ੍ਹਾਂ ਕਿਹਾ ਕਿ ਲੇਟਨ ਦੀ ਆਰਜ਼ੀ ਗ਼ੈਰ ਹਾਜ਼ਰੀ ਵਿਚ ਪਾਰਟੀ ਪਹਿਲਾਂ ਵਾਂਗ ਮਜ਼ਬੂਤ ਰਹੇਗੀ। ਉਨ੍ਹਾਂ ਕਿਹਾ ਮੈਨੂੰ ਅਲਬਰਟਾ ਵਿਚ ਪਾਰਟੀ ਉਪਰ ਕੋਈ ਅਸਰ ਪੈਂਦਾ ਨਹੀਂ ਦਿਖਾਈ ਦਿੰਦਾ, ਅਸੀਂ ਆਪਣਾ ਕੰਮ ਜਾਰੀ ਰੱਖਾਂਗੇ। ਲੇਅਟਨ ਦੇ 19 ਸਤੰਬਰ ਤਕ ਸੰਸਦ ਵਿਚ ਪਰਤਣ ਦੀ ਸੰਭਾਵਨਾ ਹੈ। ਉਧਰ ਡੰਕਨ ਨੇ ਅਗਲੇ ਸਾਲ ਹੋਣ ਵਾਲੀਆਂ ਪ੍ਰਾਂਤਕ ਚੋਣਾਂ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ, "ਕੈਨੇਡਾ ਦੀਆਂ ਸੰਘੀ ਚੋਣਾਂ ਵਿਚ ਐਨ.ਡੀ.ਪੀ. ਨੇ 103 ਸੀਟਾਂ ਜਿੱਤੀਆਂ, ਜਿਸ ਦਾ ਸਿਹਰਾ ਲੇਟਨ ਨੂੰ ਜਾਂਦਾ ਹੈ।'' ਐਨ.ਡੀ.ਪੀ. ਦੇ ਪ੍ਰਾਂਤਕ ਆਗੂ ਬਰਾਇਨ ਮੈਸਨ ਜੋ ਪਿਛਲੇ ਲਗਭਗ 15 ਸਾਲਾਂ ਤੋਂ ਲੇਟਨ ਨਾਲ ਕੰਮ ਕਰ ਰਹੇ ਹਨ, ਨੇ ਕਿਹਾ, "ਜੈਕ ਮੇਰਾ ਬਹੁਤ ਪੁਰਾਣਾ ਦੋਸਤ ਹੈ, ਮੈਂ ਜਾਣਦਾ ਹੈ ਕਿ ਉਸ ਨੂੰ ਆਪਣੇ ਪਰਵਾਰ ਦਾ ਪੂਰਾ ਸਮਰਥਨ ਮਿਲ ਰਿਹਾ ਹੈ ਅਤੇ ਇਸ ਦੇ ਨਾਲ ਹੀ ਲੱਖਾਂ ਕੈਨੇਡੀਅਨ ਲੋਕਾਂ ਦੀਆਂ ਸ਼ੁੱਭ ਕਾਮਨਾਵਾਂ ਵੀ ਉਸ ਦੇ ਨਾਲ ਹਨ। ਉਹ ਇਕ ਜੁਝਾਰੂ ਵਿਅਕਤੀ ਹੈ ਅਤੇ ਛੇਤੀ ਕਿਤੇ ਹਾਰ ਮੰਨਣ ਵਾਲਾ ਨਹੀਂ।''

# ਐਨ.ਡੀ.ਪੀ. ਨੇ ਨਿਕੋਲ ਟਰਮਲ ਨੂੰ ਸਰਬ ਸੰਮਤੀ ਨਾਲ ਅੰਤ੍ਰਿਮ ਆਗੂ ਚੁਣਿਆ



ਔਟਵਾ, (ਨਦਬ) : ਨਿਊ ਡੈਮੋਕ੍ਰੈਟ ਪਾਰਟੀ ਦੇ ਆਗੂਆਂ ਨੇ ਆਪਣੇ ਪ੍ਰਧਾਨ ਜੈਕ ਲੇਅਟਨ ਦੀ ਸਲਾਹ ਵੱਲ ਤਵੱਜੋ ਦਿੰਦਿਆਂ ਸਰਬ ਸੰਮਤੀ ਨਾਲ ਨਿਕੋਲ ਟਰਮਲ ਨੂੰ ਪਾਰਟੀ ਦੀ ਅੰਤ੍ਰਿਮ ਆਗੂ ਵੱਜੋਂ ਸਮਰਥਨ ਦੇ ਦਿੱਤਾ ਹੈ ਤਾਂ ਕਿ ਕੈਂਸਰ ਦੀ ਬੀਮਾਰੀ ਨਾਲ ਜੂਝ ਰਹੇ ਜੈਕ ਲੇਅਟਨ ਆਪਣੀ ਸਿਹਤ ਵੱਲ ਧਿਆਨ ਕੇਂਦਰਤ ਕਰ ਸਕਣ। ਪਾਰਟੀ ਦੇ ਸੰਸਦ ਮੈਂਬਰ ਹਲ ਆਇਲਮਰ ਨੇ ਕਿਹਾ, "ਮੈਂ ਪਾਰਟੀ ਦੀ ਤਿੰਨ ਘੰਟੇ ਤੱਕ ਚੱਲੀ ਮੀਟਿੰਗ ਵਿਚ ਟਰਮਲ ਨੂੰ ਮਿਲਿਆ ਸਮਰਥਨ ਦੇਖ ਕੇ ਗਦ-ਗਦ ਹੋ ਉਠਿਆ। ਸਾਡੇ ਕੋਲ ਜੈਕ ਲੇਟਨ ਦੇ ਰੂਪ ਵਿਚ ਇਕ ਮਜ਼ਬੂਤ ਆਗੂ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਉਹ ਆਰਾਮ ਕਰਨ।" ਪਾਰਟੀ ਦੇ ਬਜ਼ੁਰਗ ਸੰਸਦ ਮੈਂਬਰਾਂ ਥਾਮਸ ਮੁਲਕੇਅਰ ਅਤੇ ਲਿਬੀ ਡੇਵਿਸ ਨੇ ਵੀ ਟਰਮਲ ਦਾ ਸਮਰਥਨ ਕੀਤਾ।

2003 ਵਿਚ ਲੇਅਟਨ ਦਾ ਲੀਡਰਸ਼ਿਪ ਵਿਚ ਆਉਣ 'ਤੇ ਵਿਰੋਧ ਕਰਨ ਵਾਲੇ ਪੰਜ ਵਿਅਕਤੀਆਂ ਵਿਚੋਂ ਇਕ ਜੋਅ ਕੋਮਾਰਟਿਨ ਨੇ ਕਿਹਾ, "ਜਦੋਂ ਮੈਂ ਇਹ ਖ਼ਬਰ ਸੁਣੀ ਤਾਂ ਮੈਂ ਆਪਣੀ ਪਤਨੀ ਨਾਲ ਲੰਡਨ ਵਿਚ ਸੀ। ਮੈਂ ਵੀ ਆਪਣੇ ਪ੍ਰਧਾਨ ਦੀ ਸਿਫ਼ਾਰਸ਼ 'ਤੇ ਟਰਮਲ ਦਾ ਹੀ ਅੰਤ੍ਰਿਮ ਆਗੂ ਵੱਜੋਂ ਸਮਰਥਨ ਕਰਦਾ ਹਾਂ। ਸੱਭ ਤੋਂ ਅਹਿਮ ਗੱਲ ਪਾਰਟੀ ਦੀ ਮਜ਼ਬੂਤੀ ਹੈ। ਅਸੀਂ ਇਕ ਟੀਮ ਵੱਜੋਂ ਕੰਮ ਕਰਨ ਲਈ ਵਚਨਬੱਧ ਹਾਂ।'' ਮੀਟਿੰਗ ਤੋਂ ਬਾਅਦ ਡੇਵਿਸ ਨੇ ਕਿਹਾ ਕਿ ਹੁਣ ਹਰ ਕੋਈ ਹੋਰ ਜ਼ਿਆਦਾ ਉਤਸ਼ਾਹ ਨਾਲ ਭਰਿਆ ਮਹਿਸੂਸ ਕਰ ਰਿਹਾ ਹੈ ਅਤੇ ਸਾਰੇ ਆਉਂਦੇ ਸੈਸ਼ਨ ਲਈ ਤਿਆਰੀਆਂ ਵਿਚ ਜੁਟ ਗਏ ਹਨ। ਅੰਤ੍ਰਿਮ ਆਗੂ ਨਾਈਕੋਲ ਟਰਮਲ ਵੱਲੋਂ ਔਟਵਾ ਸਣੇ ਪੂਰੇ ਦੇਸ਼ ਦਾ ਦੌਰਾ ਕਰਨ ਦੀ ਸੰਭਾਵਨਾ ਹੈ ਅਤੇ ਨਿਊ ਐਨ.ਡੀ.ਪੀ. ਦੀ ਅਗਲੀ ਮੀਟਿੰਗ ਕਿਊਬੈਕ ਵਿਖੇ ਹੋਵੇਗੀ। ਪਾਰਟੀ ਦੇ ਬਜ਼ੁਰਗ ਆਗੂ ਡੇਵਿਡ ਕ੍ਰਿਟੋਫਰਸਨ ਨੇ ਕਿਹਾ, "ਮੈਨੂੰ ਵਿਸ਼ਵਾਸ ਹੈ ਕਿ ਟਰਮਲ ਪਾਰਟੀ ਨੂੰ ਅੱਗੇ ਵਧਾਉਣ ਵਿਚ ਕਾਮਯਾਬ ਹੋਵੇਗੀ, ਭਾਵੇਂ ਉਸ ਦਾ ਰਾਹ ਸੌਖਾ ਨਹੀਂ।'' ਦਸਣਯੋਗ ਹੈ ਕਿ ਡਾਕਟਰ ਦੀਆਂ ਹਦਾਇਤਾਂ ਮੁਤਾ-ਬਕ ਜੈਕ ਲੇਅਟਨ ਨੇ ਇੰਟਰਨੈੱਟ ਰਾਹੀਂ ਪਾਰਟੀ ਦੀ ਮੀਟਿੰਗ ਵਿਚ ਹਿੱਸਾ ਲਿਆ। ਕ੍ਰਿਸਟੋਫ਼ਰਸਨ ਮੁਤਾਬਕ ਇਹ ਤਜ਼ਰਬਾ ਬਹੁਤ ਭਾਵਨਾਤਮਕ ਸੀ।

## *ਚੋਣਾਂ 'ਚ ਇਸ਼ਤਿਹਾਰ ਦੇਣ ਲਈ ਧਨ ਲਗਾਉਣ ਵਾਲੇ ਦਾ ਨਾਂ ਦੱਸਣਾ ਜ਼ਰੂਰੀ*

ਐਡਮਿੰਟਨ, (ਨਦਬ) : ਚੋਣ ਕਮਿਸ਼ਨ ਵਲੋਂ ਬਣਾਏ ਗਏ ਨਵੇਂ ਨਿਯਮਾਂ ਮੁਤਾਬਕ ਹੁਣ ਹਰ ਸਿਆਸੀ ਪਾਰਟੀ ਵਲੋਂ ਚੋਣਾਂ ਦੌਰਾਨ ਦਿਤੇ ਜਾਣ ਵਾਲੇ ਇਸ਼ਤਿਹਾਰਾਂ ਲਈ ਪੈਸਾ ਖ਼ਰਚਣ ਵਾਲੇ ਲੋਕਾਂ ਬਾਰੇ ਦੱਸਣਾ ਜ਼ਰੂਰੀ ਹੋਵੇਗਾ। ਇਹ ਚੋਣਾਂ ਨਿਯਮ ਮੁੱਖ ਚੋਣ ਅਫ਼ਸਰ ਵਲੋਂ 2008 ਵਿਚ ਚੋਣਾਂ ਸੁਧਾਰਾਂ ਸਬੰਧੀ ਦਿਤੀ ਗਈ ਰਿਪੋਰਟ ਦੇ ਆਧਾਰ 'ਤੇ ਲਾਗੂ ਕੀਤੇ ਗਏ ਹਨ। ਚੋਣਾਂ ਦੌਰਾਨ ਦਿਤੇ ਜਾਣ ਵਾਲੇ ਇਸ਼ਤਿਹਾਰਾਂ ਵਿਚ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ ਅਤੇ ਬਿਲਬੋਰਡ ਦੇ ਇਸ਼ਤਿਹਾਰ ਵੀ ਸ਼ਾਮਲ ਕੀਤੇ ਗਏ ਹਨ। ਚੋਣਾਂ ਦੌਰਾਨ ਦਿਤੇ ਜਾਣ ਵਾਲੇ ਇਸ਼ਤਿਹਾਰਾਂ ਦੇ ਹੇਠਾਂ ਪੈਸਾ ਖ਼ਰਚਣ ਵਾਲੇ ਦਾ ਨਾਂ, ਪਤਾ ਅਤੇ ਫੋਨ ਨੰਬਰ ਦੇਣਾ ਜ਼ਰੂਰੀ ਕਰ ਦਿਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਸਿਆਸੀ ਪਾਰਟੀ, ਉਮੀਦਵਾਰ ਅਤੇ ਹਲਕੇ ਦੀ ਐਸੋਸੀਏਸ਼ਨ ਦਾ ਨਾਂ ਵੀ ਦੱਸਣਾ ਪਵੇਗਾ। ਜਿਸ ਵਪਾਰੀ ਅਤੇ ਵਿਅਕਤੀ ਜਾਂ ਸੰਸਥਾ ਵਲੋਂ ਚੋਣ ਮੁਹਿੰਮ ਦੀ ਮਸ਼ਹੂਰੀ ਉਪਰ 1000 ਡਾਲਰ ਤੋਂ ਵੱਧ ਖ਼ਰਚਣੇ ਹੋਣਗੇ, ਉਸ ਨੂੰ ਚੋਣ ਕਮਿਸ਼ਨ ਕੋਲ ਰਜਿਸਟਰੇਸ਼ਨ ਕਰਵਾਉਣੀ ਪਵੇਗੀ।

TD Canada Trust
We've got the right mortgage for you
Together we can identify the home financing solution that meets your needs.
Call Now
780 938 6023

Mujtaba Syed
Manager
Mobile Mortgage Specialist
ਅਸੀਂ ਤੁਹਾਨੂੰ ਵਧੀਆ ਤੇ ਸਸਤੀ ਮੌਰਟਗੇਜ ਦੇਣ ਦਾ ਭਰੋਸਾ ਦਿੰਦੇ ਹਾਂ।
TD

ADVANCE DRIVING SCHOOL & LIMOS
> Lady Instuctor Available
> Defensive Training Classes to Restore Demerits
> Free Pick up & Drop

> Airport Service Flat Rate
> Wedding Ceremony
> Any Other Function
780-660-4090
# 202-3456 91 St. Edmonton, AB

# ਐਨ.ਬੀ.ਏ. 'ਚ ਭਾਰਤੀ ਮੂਲ ਦਾ ਪਹਿਲਾ ਖਿਡਾਰੀ ਹੋਵੇਗਾ ਸਿਮ ਭੁੱਲਰ



ਨਾਰਥ ਅਗਸਟਾ, (ਨਦਬ) : ਜਦੋਂ ਸੱਤ ਫੁੱਟ ਚਾਰ ਇੰਚ ਲੰਮਾ ਸਿਮ ਭੁੱਲਰ ਹਵਾਈ ਅੱਡਿਆਂ ਤੋਂ ਲੰਘਦਾ ਹੈ ਤਾਂ ਲੋਕ ਉਸ ਦੁਆਲੇ ਘੇਰਾ ਪਾ ਲੈਂਦੇ ਹਨ ਅਤੇ ਤਸਵੀਰਾਂ ਖਿਚਵਾਉਣ ਲੱਗਦੇ ਹਨ। ਉਹ ਹਾਲ ਹੀ ਵਿਚ ਜਦੋਂ ਭਾਰਤ ਆਇਆ ਸੀ ਤਾਂ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਸਮੇਂ ਸੈਂਕੜੇ ਲੋਕਾਂ ਨੇ ਉਸ ਨਾਲ ਮੁਲਾਕਾਤ ਕੀਤੀ। ਟਰਾਂਟੋ ਦਾ 17 ਸਾਲ ਦਾ ਸਿਮ ਭੁੱਲਰ ਬਾਸਕਟਬਾਲ ਦਾ ਬਿਹਤਰੀਨ ਖਿਡਾਰੀ ਹੈ। ਉਸ ਦਾ 16 ਸਾਲ ਦਾ ਭਰਾ ਤਨਵੀਰ ਵੀ ਉਸੇ ਵਾਂਗ ਸੱਤ ਫੁੱਟ 2 ਇੰਚ ਲੰਮਾ ਹੈ। ਖੇਡ ਮਾਹਰਾਂ ਦਾ ਕਹਿਣਾ ਹੈ ਕਿ ਉਹ ਬਾਸਕਟਬਾਲ ਦੇ ਸਿਖਰਾਂ ਨੂੰ ਛੂਹੇਗਾ ਅਤੇ ਕੌਮਾਂਤਰੀ ਪੱਧਰ 'ਤੇ ਐਨੀ ਪ੍ਰਸਿੱਧੀ ਹਾਸਲ ਕਰਨ ਵਾਲਾ ਭਾਰਤੀ ਮੂਲ ਦਾ ਪਹਿਲਾ ਖਿਡਾਰੀ ਹੋਵੇਗਾ। ਸਿਮ ਭੁੱਲਰ ਦਾ ਕਹਿਣਾ ਹੈ ਕਿ ਉਸ ਦਾ ਉਚਾ-ਲੰਮਾ ਕੱਦ ਪ੍ਰਮਾਤਮਾ ਦੀ ਦੇਣ ਹੈ ਅਤੇ ਉਹ ਐਨ.ਬੀ.ਏ. ਵਿਚ ਜਾਣ ਵਾਲਾ ਦੇਸ਼ ਦਾ ਪਹਿਲਾ ਖਿਡਾਰੀ ਹੋਵੇਗਾ। ਚੀਨ ਦੇ ਸਟਾਰ ਖਿਡਾਰੀ ਯਾਊ ਮਿੰਗ ਜੋ ਕਿ ਛੇਤੀ ਹੀ ਸੰਨਿਆਸ ਲੈ ਰਿਹਾ ਹੈ, ਨੇ ਕਿਹਾ ਕਿ ਭਾਵੇਂ ਭੁੱਲਰ ਨੇ ਅਜੇ ਤੱਕ ਐਨ.ਬੀ.ਏ. ਵਿਚ ਆਪਣੀ ਖੇਡ ਦਾ ਮੁਜਾਹਰਾ ਨਹੀਂ ਕੀਤਾ ਪਰ ਉਸ ਦੀ ਡੀਲ-ਡੌਲ ਦੇਖ ਕੇ ਲੱਗਦਾ ਹੈ ਕਿ ਉਹ ਬਹੁਤ ਅੱਗੇ ਜਾਵੇਗਾ। ਕੈਨੇਡਾ ਦੇ ਕਈ ਅਖ਼ਬਾਰ ਭੁੱਲਰ ਨੂੰ ਉਤਸ਼ਾਹਤ ਕਰ ਰਹੇ ਹਨ ਅਤੇ ਲੱਖਾਂ ਲੋਕਾਂ ਦੀਆਂ ਆਸਾਂ 'ਤੇ ਖ਼ਰਾ ਉਤਰਨਾ ਉਸ ਲਈ ਸੌਖਾ ਨਹੀਂ ਹੋਵੇਗਾ। ਇੰਗਲੈਂਡ ਵਿਖੇ ਕਾਨੂੰਨ ਦੀ ਪੜ੍ਹਾਈ ਕਰ ਰਹੀ ਉਸ ਦੀ ਵੱਡੀ ਭੈਣ ਅਵਨੀਤ ਭੁੱਲਰ ਨੇ ਕਿਹਾ, "ਬਾਸਕਟਬਾਲ ਦੀ ਖੇਡ ਵਿਚ ਮੋਹਰੀ ਬਣਨਾ ਬਹੁਤ ਔਖਾ ਹੈ ਪਰ ਮੈਂ ਜਾਣਦੀ ਹਾਂ ਕਿ ਮੇਰਾ ਭਰਾ ਇਹ ਟੀਚਾ ਹਾਸਲ ਕਰ ਕੇ ਹੋਰਨਾਂ ਲਈ ਉਦਾਹਰਣ ਪੇਸ਼ ਕਰੇਗਾ।"

ਸਿਮ ਭੁੱਲਰ ਦੇ ਬਾਸਕਟਬਾਲ ਖੇਡਣ ਨਾਲ ਭਾਰਤ ਵਿਚ ਵੀ ਇਸ ਖੇਡ ਦੀ ਹਰਮਨਪਿਆਰਤਾ ਵਧੇਗੀ, ਜਿਥੇ 120 ਕਰੋੜ ਦੀ ਆਬਾਦੀ ਵਿਚੋਂ ਮੁਸ਼ਕਲ ਨਾਲ 50 ਲੱਖ ਲੋਕ ਬਾਸਕਟਬਾਲ ਦੇ ਸ਼ੌਕੀਨ ਹਨ। ਸਿਮ ਭੁੱਲਰ ਨੇ ਪੰਜਾਬ ਦੌਰੇ ਨੂੰ ਯਾਦ ਕਰਦਿਆਂ ਕਿਹਾ ਕਿ ਉਸ ਨੇ ਕਿਸੇ ਨੂੰ ਵੀ ਬਾਸਕਟਬਾਲ ਖੇਡਦਿਆਂ ਨਹੀਂ ਦੇਖਿਆ। ਐਨ.ਬੀ.ਏ. ਇੰਟਰਨੈਸ਼ਨਲ ਦੇ ਮੁਖੀ ਹੈਦੀ ਉਏਬਰੌਥ ਨੇ ਕਿਹਾ ਕਿ ਭਾਰਤ ਤੋਂ ਕਿਸੇ ਖਿਡਾਰੀ ਦਾ ਆਉਣਾ ਚੰਗੀ ਗੱਲ ਹੈ। ਹੁਣ ਸਾਨੂੰ ਕੋਈ ਸ਼ੱਕ ਨਹੀਂ ਕਿ ਭਾਰਤ ਵਰਗੇ ਦੇਸ਼ ਤੋਂ ਵੀ ਚੋਟੀ ਦੇ ਖਿਡਾਰੀ ਆ ਸਕਦੇ ਹਨ।

# ਬੱਚਿਆਂ ਦੇ ਗਹਿਣਿਆਂ ਵਿਚ ਕੈਡਮੀਅਮ ਦੀ ਵਰਤੋਂ ਬਾਰੇ ਨਵੀਆਂ ਹੱਦਾਂ ਨਿਰਧਾਰਤ ਕਰਨ ਦਾ ਪ੍ਰਸਤਾਵ



ਔਟਵਾ, (ਨਦਬ) : ਸਿਹਤ ਮੰਤਰੀ ਲਿਓਨਾ ਐਗਲੁਕਕ ਵੱਲੋਂ ਬੱਚਿਆਂ ਦੇ ਗਹਿਣਿਆਂ ਵਿਚ ਜ਼ਹਿਰੀਲਾ ਤੱਤ ਕੈਡਮੀਅਮ ਪਾਏ ਜਾਣ ਪਿੱਛੋਂ ਇਨ੍ਹਾਂ ਉਪਰ ਪਾਬੰਦੀ ਲਾਉਣ ਦਾ ਪ੍ਰਸਤਾਵ ਪੇਸ਼ ਕੀਤੇ ਜਾਣ ਦੀ ਯੋਜਨਾ ਹੈ। ਸਿਹਤ ਵਿਭਾਗ ਵੱਲੋਂ ਬੱਚਿਆਂ ਦੇ ਗਹਿਣਿਆਂ ਦੀ ਪਰਖ਼ ਦੌਰਾਨ ਇਸ ਵਿਚ ਕੈਡਮੀਅਮ ਪਾਇਆ ਗਿਆ ਸੀ, ਜੋ ਬਹੁਤ ਹੀ ਖ਼ਤਰਨਾਕ ਹੈ। 2010 ਵਿਚ ਬੱਚਿਆਂ ਦੇ ਗਹਿਣਿਆਂ ਦੇ 91 ਨਮੂਨਿਆਂ ਦੀ ਪਰਖ਼ ਕੀਤੀ ਗਈ, ਜਿਨ੍ਹਾਂ ਵਿਚੋਂ 9 ਵਿਚ 93ਫ਼ੀਸਦੀ ਤੱਕ ਕੈਡਮੀਅਮ ਮਿਲਿਆ। 2009 ਵਿਚ ਵੀ 8 ਆਈਟਮਾਂ ਵਿਚ 18 ਤੋਂ 81 ਫ਼ੀਸਦੀ ਕੈਡਮੀਅਮ ਮਿਲਿਆ ਸੀ, ਇਸੇ ਕਾਰਨ ਪਿਛਲੇ ਮਹੀਨੇ ਕੈਨੇਡਾ ਵਿਚ ਨਵਾਂ ਉਪਭੋਗਤਾ ਉਤਪਾਦ ਸੁਰੱਖਿਆ ਕਾਨੂੰਨ ਲਾਗੂ ਕੀਤਾ ਗਿਆ। ਸਿਹਤ ਮੰਤਰੀ ਕੋਲ ਸਾਰੇ ਉਪਭੋਗਤਾ ਉਤਪਾਦ ਵਾਪਸ ਸੱਦਣ ਦੇ ਹੁਕਮ ਦੇਣ ਦੀ ਤਾਕਤ ਨਹੀਂ ਅਤੇ ਕੰਪਨੀਆਂ ਨੇ ਆਪਣੇ ਗਹਿਣੇ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਬੱਚਿਆਂ ਦੇ ਗਹਿਣਿਆਂ ਵਿਚ ਸਿੱਕੇ ਦੀ ਮਾਤਰਾ 600 ਮਿਲੀਗ੍ਰਾਮ ਪ੍ਰਤੀ ਕਿੱਲੋਗ੍ਰਾਮ ਤੋਂ ਜ਼ਿਆਦਾ ਵਰਤੇ ਜਾਣ 'ਤੇ ਕੈਨੇਡਾ ਵਿਚ ਪਾਬੰਦੀ ਹੈ ਪਰ ਕੈਡਮੀਅਮ ਬਾਰੇ ਕੋਈ ਹੱਦ ਨਿਰਧਾਰਤ ਨਹੀਂ। ਸਿਹਤ ਮੰਤਰੀ ਵਲੋਂ ਬੱਚਿਆਂ ਦੇ ਗਹਿਣਿਆਂ ਦੇ ਮਾਮਲੇ ਵਿਚ ਕੈਡਮੀਅਮ ਦੀ ਮਾਤਰਾ ਇਨ੍ਹਾਂ ਦੇ ਕੁਲ ਭਾਰ ਦਾ 0.013ਫ਼ੀਸਦੀ ਤੋਂ ਜ਼ਿਆਦਾ ਨਾ ਹੋਣ ਦੀ ਹੱਦ ਰੱਖੀ ਜਾ ਰਹੀ ਹੈ। ਦਸਣਯੋਗ ਹੈ ਕਿ ਕੈਡਮੀਅਮ ਨੂੰ ਸਿੱਕੇ ਦੇ ਬਦਲ ਵੱਜੋਂ ਵਰਤਿਆ ਜਾਂਦਾ ਹੈ ਅਤੇ ਬੱਚੇ ਵੱਲੋਂ ਨਿਗਲ ਲਏ ਜਾਣ 'ਤੇ ਇਹ ਸਿੱਕੇ ਤੋਂ ਜ਼ਿਆਦਾ ਖ਼ਤਰਨਾਕ ਸਾਬਤ ਹੁੰਦਾ ਹੈ। ਪਹਿਲੇ ਕਦਮ ਵੱਜੋਂ ਸਿਹਤ ਮੰਤਰੀ ਨੇ ਪਿਛਲੇ ਸਾਲ ਅਕਤੂਬਰ ਵਿਚ ਉਦਯੋਗਾਂ ਨੂੰ ਅਪੀਲ ਕੀਤੀ ਸੀ ਕਿ ਬੱਚਿਆਂ ਦੇ ਗਹਿਣਿਆਂ ਵਿਚ ਕੈਡਮੀਅਮ ਦੀ ਵਰਤੋਂ ਨਾ ਕੀਤੀ ਜਾਵੇ ਪਰ ਕੋਈ ਅਸਰ ਨਾ ਹੋਣ ਪਿੱਛੋਂ ਹੁਣ ਪਾਬੰਦੀ ਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

# ਅਲਬਰਟਾ ਦਾ ਬਾਈਬਲ ਕਾਲਜ ਬੰਦ

### ਕਰਜ਼ੇ ਦੇ ਬੋਝ ਅਤੇ ਵਿਦਿਆਰਥੀਆਂ ਦੀ ਘੱਟਗਿਣਤੀ ਦਾ ਸ਼ਿਕਾਰ ਬਣਿਆ



ਐਡਮਿੰਟਨ, (ਨਦਬ) : 78 ਸਾਲ ਦੀਆਂ ਸੇਵਾਵਾਂ ਤੋਂ ਬਾਅਦ ਕੈਮਰੋਜ਼ ਦਾ ਗਾਰਡਨਰ ਕਾਲਜ ਬੰਦ ਹੋ ਰਿਹਾ ਹੈ ਅਤੇ ਇਸ ਦੀ ਇਮਾਰਤ ਨੂੰ ਵੇਚ ਦਿੱਤਾ ਜਾਵੇਗਾ। ਇਸ ਕਾਲਜ ਨਾਲ ਵੀ ਉਹੀ ਹੋਇਆ ਜੋ ਕਈ ਛੋਟੇ ਧਾਰਮਕ ਕਾਲਜਾਂ ਨਾਲ ਪੱਛਮੀ ਕੈਨੇਡਾ ਵਿਚ ਵਾਪਰ ਚੁਕਿਆ ਹੈ। ਬਹੁਤ ਹੀ ਘੱਟ ਵਿਦਿਆਰਥੀ ਅਤੇ ਕਰਜ਼ੇ ਦੇ ਵੱਧਦੇ ਬੋਝ ਕਾਰਨ ਕਾਲਜ ਨੂੰ ਬੰਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਕਾਲਜ ਦੇ ਸਾਬਕਾ ਵਿਦਿਆਰਥੀ ਅਤੇ ਟਰੱਸਟੀਆਂ ਦੇ ਬੋਰਡ ਦੇ ਚੇਅਰਮੈਨ ਮਾਈਕ ਬਰਗ ਨੇ ਕਿਹਾ, "ਕਾਲਜ ਨੂੰ ਬੰਦ ਕਰਨਾ ਸੌਖਾ ਫ਼ੈਸਲਾ ਨਹੀਂ ਸੀ।" ਮਾਈਕ ਬਰਗ 1980 ਦੇ ਦਹਾਕੇ ਵਿਚ 65 ਹੋਰਨਾਂ ਵਿਅਕਤੀਆਂ ਨਾਲ ਪੜ੍ਹਦਾ ਸੀ। ਉਨ੍ਹਾਂ ਕਿਹਾ, "ਇਥੇ ਕਾਇਮ ਹੋਏ ਰਿਸ਼ਤੇ ਦਹਾਕਿਆਂ ਤਕ ਕਾਇਮ ਰਹਿਣਗੇ। ਇਸ ਕਾਲਜ ਵਿਚ ਪੜ੍ਹਨਾ ਮੇਰੇ ਵੱਲੋਂ ਲਏ ਗਏ ਫ਼ੈਸਲਿਆਂ ਵਿਚੋਂ ਇੱਕ ਸੀ।" ਇਸ ਕਾਲਜ ਦੀ ਸ਼ੁਰੂਆਤ 1933 ਵਿਚ ਧਾਰਮਕ ਆਗੂਆਂ ਨੂੰ ਸਿਖਿਅਤ ਕਰਨ ਲਈ ਕੀਤੀ ਗਈ ਸੀ। ਹਾਲ ਹੀ ਦੇ ਸਾਲਾਂ ਵਿਚ ਇਥੇ ਮੁੱਢਲੀ ਸਿੱਖਿਆ ਅਤੇ ਨੌਜਵਾਨਾਂ ਦੀ ਦੇਖ ਭਾਲ ਬਾਰੇ ਡਿਪਲੋਮਾ ਕੋਰਸ ਵੀ ਸ਼ੁਰੂ ਕੀਤੇ ਗਏ ਸਨ। ਅਮਰੀਕਾ ਦੇ ਇੰਡਿਆਨਾ ਸੂਬੇ ਵਿਚ ਸ਼ੁਰੂ ਹੋਈ ਚਰਚ ਆਫ਼ ਗਾਰਡ ਦੀ ਲਹਿਰ ਕੈਨੇਡਾ ਵਿਚ ਫੈਲ ਗਈ ਪਰ ਇੱਕ ਦਹਾਕਾ ਪਹਿਲਾਂ ਮੈਂਬਰਾਂ ਦੀ ਕਮੀ ਕਾਰਨਾਂ ਇਹ ਅੰਤਮ ਸਾਹਾਂ 'ਤੇ ਆ ਗਈ। ਇਸ ਵਾਰ ਕਾਲਜ ਵਿਚੋਂ ਸਿਰਫ਼ 10 ਵਿਦਿਆਰਥੀਆਂ ਨੇ ਗਰੈਜੂਏਸ਼ਨ ਪੂਰੀ ਕੀਤੀ। ਮਾਈਕ ਬਰਗ ਦਾ ਕਹਿਣਾ ਸੀ ਕਿ 1980 ਦੇ ਦਹਾਕੇ ਵਿਚ ਸਾਡਾ ਨਜ਼ਰੀਆ ਬਹੁਤ ਵਿਸ਼ਾਲ ਹੁੰਦਾ ਸੀ ਪਰ ਹੁਣ ਹਾਲਾਤ ਬਿਲਕੁਲ ਬਦਲ ਚੁਕੇ ਹਨ। ਇਸ ਸਮੇਂ ਕਾਲਜ ਵਿਚ ਪੰਜ ਵਿਦਿਆਰਥੀ ਪੜ੍ਹ ਰਹੇ ਸਨ ਜਦੋਂ ਟਰੱਸਟੀਆਂ ਨੇ ਇਸ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ।

# ਪੰਜਾਬੀ ਸਕੂਲ ਅਗਲੇ ਸਾਲ ਮੁੜ ਮਿਲਣ ਦੇ ਵਾਅਦੇ ਨਾਲ ਸਫ਼ਲਤਾ ਪੂਰਵਕ ਸਮਾਪਤ



ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ਼ ਅਲਬਰਟਾ ਵੱਲੋਂ ਪੰਜਾਬੀ ਅਤੇ ਸਭਿਆਚਾਰ ਨਾਲ ਜੋੜਨ ਲਈ ਲਗਾਏ ਸਿਖਲਈ ਕੈਂਪ ਦੀ ਸਮਾਪਤੀ ਮੌਕੇ ਹਾਜ਼ਰ ਬੱਚੇ ਅਤੇ ਪ੍ਰਬੰਧਕ।

ਐਡਮਿੰਟਨ (ਨਦਬ) : ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ਼ ਅਲਬਰਟਾ (ਪੀ.ਸੀ.ਏ.) ਵੱਲੋਂ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੋੜਨ ਲਈ ਪੰਜਾਬੀ ਭਾਸ਼ਾ ਅਤੇ ਲੋਕ ਨਾਚ ਸਿਖਾਉਣ ਲਈ ਟੀ.ਡੀ.ਬੇਕਰ ਸਕੂਲ ਐਡਮਿੰਟਨ ਵਿਖੇ ਲਗਾਇਆ ਕੈਂਪ ਅਗਲੇ ਸਾਲ ਮੁੜ ਮਿਲਣ ਦੇ ਵਾਅਦੇ ਨਾਲ ਸਫ਼ਲਤਾ ਪੂਰਵਕ ਸਮਾਪਤ ਹੋ ਗਿਆ। ਐਡਮਿੰਟਨ ਦੀ ਪੁਰਾਣੀ ਤੇ ਮਸ਼ਹੂਰ ਸੰਸਥਾ ਵਲੋਂ ਇਸ ਸਿਖਲਾਈ ਕੈਂਪ ਨੂੰ ਹਰ ਸਾਲ 'ਸਮਰ ਬਰੇਕ' ਦੇ ਨਾਮ ਹੇਠ ਅਯੋਜਤ ਕੀਤਾ ਜਾਂਦਾ ਹੈ। ਕੈਂਪ ਦੀ ਸਮਾਪਤੀ ਮੌਕੇ ਵਿਸੇਸ਼ ਗੱਲਬਾਤ ਕਰਦੇ ਹੋਏ ਐਸੋਸ਼ੀਏਸ਼ਨ ਦੇ ਪ੍ਰਧਾਨ ਗੁਰਚਰਨ ਬਰਾੜ, ਸਕੱਤਰ ਪਰਮਿੰਦਰ ਧਾਲੀਵਾਲ, ਖੇਡ ਨਿਰਦੇਸ਼ਕਾ ਬਖ਼ਸ਼ ਸੰਘਾ, ਭਾਸ਼ਾ ਨਿਰਦੇਸ਼ਕਾ ਅਰਵਿੰਦ ਸੇਖੋਂ, ਭਾਸ਼ਾ ਨਿਰਦੇਸ਼ਕ ਹਰਜੀਤ ਸੰਧੂ, ਉਪ ਸਭਿਆਚਰਕ ਨਿਰਦੇਸ਼ਕ ਕਿਰਤਮੀਤ ਕੁਹਾੜ ਆਦਿ ਨੇ ਦੱਸਿਆ ਕਿ ਉਨ੍ਹਾਂ ਦਾ ਮੁੱਖ ਮਕਸਦ ਜਿਥੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ ਉਥੇ ਹੀ ਬੱਚਿਆਂ ਨੂੰ ਭਾਰਤੀ ਸੰਸਕਾਰਾਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਸੰਸਕਾਰਾਂ ਦੀ ਪਾਲਣਾ ਕਰਨ ਪ੍ਰਤੀ ਪ੍ਰੇਰਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਕੈਂਪ 4 ਜੁਲਾਈ ਤੋਂ ਸ਼ੁਰੂ ਹੋਇਆ ਸੀ ਅਤੇ ਅੱਜ ਸਮਾਪਤੀ ਮੌਕੇ ਬੱਚਿਆਂ ਨੂੰ ਪ੍ਰਮਾਣ-ਪੱਤਰ ਵੀ ਵੰਡੇ ਗਏ। ਉਨ੍ਹਾਂ ਦੱਸਿਆ ਕਿ ਇਸ ਕੈਂਪ 'ਚ ਅਗਮਜੋਤ ਨੇ ਵਲੰਟੀਅਰ ਵੱਜੋਂ ਬਾਖ਼ੂਬੀ ਸੇਵਾ ਨਿਭਾਈ।

ਸਿਖਲਾਈ ਕੈਂਪ 'ਚ ਬੱਚਿਆਂ ਨੂੰ ਲੋਕ ਨਾਚ ਸਿਖਾਉਣ ਵਾਲੇ ਕੋਚ ਮਨਜੀਤ ਸਿੰਘ ਨੇ ਦੱਸਿਆ ਕਿ ਇਥੋਂ ਦੇ ਜੰਮਪਲ ਬੱਚਿਆਂ ਨੂੰ ਲੋਕ ਨਾਚਾਂ ਦੀ ਸਿਖਲਾਈ ਦੇਣ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਤੇ ਵਿਰਸੇ ਦਾ ਗਿਆਨ ਦੇਣਾ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਪੰਜਾਬੀ ਕਲਚਰਲ ਐਸੋਸ਼ੀਏਸ਼ਨ ਵੱਲੋਂ ਇਸ ਗੱਲ ਨੂੰ ਸਮਝਦੇ ਹੋਏ ਬੱਚਿਆਂ ਨੂੰ ਲੋਕ ਨਾਚ ਸਿਖਾਉਣ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਤੇ ਵਿਰਸੇ ਦਾ ਗਿਆਨ ਵੰਡਿਆਂ ਗਿਆ। ਮਨਜੀਤ ਸਿੰਘ ਨੇ ਅੱਗੇ ਦੱਸਿਆ ਕਿ ਇਸ ਕੰਮ 'ਚ ਉਨ੍ਹਾਂ ਦਾ ਸਾਥ ਪੰਜਾਬ ਦੇ ਮਸ਼ਹੂਰ ਢੋਲੀ ਬਿੱਟੂ ਉਸਤਾਦ ਦੇ ਰਹੇ ਸਨ।

# ਕੈਨੇਡਾ ਦੀ ਜੁਰਮ ਦਰ ਪਿਛਲੇ 40 ਸਾਲਾਂ ਵਿੱਚ ਸੱਭ ਤੋਂ ਘੱਟ !



ਔਟਵਾ, (ਨਦਬ) : ਅੰਕੜਾ ਵਿਭਾਗ ਕੈਨੇਡਾ ਅਨੁਸਾਰ ਪਿਛਲੇ 40 ਸਾਲਾਂ ਵਿੱਚ ਕੈਨੇਡਾ ਦੀ ਜੁਰਮ ਦਰ ਇਸ ਸਮੇਂ ਸੱਭ ਤੋਂ ਘੱਟ ਹੈ। ਪਿਛਲੇ ਸਾਲ ਨਾਲੋਂ 2010 ਵਿੱਚ ਜੁਰਮ ਦਰ ਵਿੱਚ ਪੰਜ ਫੀ ਸਦੀ ਕਮੀ ਵੇਖਣ ਨੂੰ ਮਿਲੀ। ਰਿਪੋਰਟ ਅਨੁਸਾਰ ਪਿਛਲੇ 20 ਸਾਲਾਂ ਤੋਂ ਕੌਮੀ ਜੁਰਮ ਦਰ ਵਿੱਚ ਲਗਾਤਾਰ ਕਮੀ ਵੇਖਣ ਨੂੰ ਮਿਲ ਰਹੀ ਹੈ ਤੇ ਇਸ ਸਮੇਂ ਇਹ 1973 ਤੋਂ ਬਾਅਦ ਆਪਣੇ ਸੱਭ ਤੋਂ ਹੇਠਲੇ ਪੱਧਰ ਉੱਤੇ ਹੈ। ਏਜੰਸੀ ਦਾ ਕਹਿਣਾ ਹੈ ਕਿ ਕੈਨੇਡੀਅਨ ਪੁਲਿਸ ਸਰਵਿਸ ਵੱਲੋਂ 2010 ਵਿੱਚ 2.1 ਮਿਲੀਅਨ ਕ੍ਰਿਮੀਨਲ ਕੋਡ ਮਾਮਲੇ ਦਰਜ ਕਰਵਾਏ ਗਏ ਜੋ ਕਿ 2009 ਨਾਲੋਂ 77,000 ਦੇ ਲੱਗਭਗ ਘੱਟ ਸਨ। ਪੁਲਿਸ ਵੱਲੋਂ ਦਿੱਤੀ ਗਈ ਜੁਰਮ ਦਰ ਦੀ ਰਿਪੋਰਟ ਵਿੱਚ ਹਰ ਕਿਸਮ ਦਾ ਜੁਰਮ ਸ਼ਾਮਲ ਸੀ। ਕ੍ਰਾਈਮ ਸਵੀਅਰਟੀ ਇੰਡੈਕਸ, ਜੋ ਜੁਰਮ ਦੀ ਗੰਭੀਰਤਾ ਦੱਸਦਾ ਹੈ, ਵਿੱਚ ਵੀ ਛੇ ਫੀ ਸਦੀ ਗਿਰਾਵਟ ਪਾਈ ਗਈ ਤੇ ਇਹ 1998 ਤੋਂ ਬਾਅਦ ਆਪਣੇ ਸੱਭ ਤੋਂ ਘੱਟ ਅੰਕੜੇ ਉੱਤੇ ਪਹੁੰਚ ਸਕਿਆ ਹੈ। ਪੁਲਿਸ ਨੇ 2010 ਵਿੱਚ ਹਿੰਸਾ ਦੇ 437,000 ਮਾਮਲੇ ਦਰਜ ਕੀਤੇ ਜੋ ਕਿ 2009 ਦੇ ਅੰਕੜਿਆਂ ਨਾਲੋਂ 7,200 ਘੱਟ ਸਨ। 2009 ਦੇ ਮੁਕਾਬਲੇ 2010 ਵਿੱਚ ਕਤਲ ਦੇ ਮਾਮਲਿਆਂ ਵਿੱਚ ਵੀ 10 ਫੀ ਸਦੀ ਗਿਰਾਵਟ ਰਿਕਾਰਡ ਕੀਤੀ ਗਈ। ਕੌਮੀ ਪੱਧਰ ਉੱਤੇ ਪ੍ਰਤੀ 100,000 ਦੀ ਅਬਾਦੀ ਪਿੱਛੇ 1.62 ਕਤਲ ਦੇ ਮਾਮਲੇ ਦਰਜ ਕੀਤੇ ਗਏ ਜੋ ਕਿ 1966 ਤੋਂ ਸੱਭ ਤੋਂ ਘੱਟ ਰਹੇ ਹਨ। ਇਹ ਕਮੀ ਬ੍ਰਿਟਿਸ਼ ਕੋਲੰਬੀਆ ਵਿੱਚ ਕਤਲਾਂ ਦੀ ਦਰ ਘਟਣ ਕਾਰਨ ਵੀ ਵੇਖਣ ਨੂੰ ਮਿਲੀ ਹੈ। 2009 ਨਾਲੋਂ 2010 ਵਿੱਚ ਕਤਲ ਕਰਨ ਦੀ ਕੋਸ਼ਿਸ਼ ਕਰਨ ਵਾਲੀਆਂ ਘਟਨਾਵਾਂ ਵੀ ਘੱਟ ਵਾਪਰੀਆਂ, ਇਸ ਤੋਂ ਇਲਾਵਾ ਘਰਾਂ ਵਿੱਚ ਚੋਰੀ ਕਰਨ, ਗੱਡੀਆਂ ਚੋਰੀ ਕਰਨ, ਗੰਭੀਰ ਹਮਲੇ, ਡਾਕੇ ਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਮਾਮਲਿਆਂ ਵਿੱਚ ਵੀ ਕਮੀ ਪਾਈ ਗਈ। ਪਰ ਪੁਲਿਸ ਰਿਕਾਰਡ ਅਨੁਸਾਰ ਜਿਨਸੀ ਹਮਲਿਆਂ, ਹਥਿਆਰਾਂ ਨਾਲ ਸਬੰਧਤ ਜੁਰਮ, ਬੱਚਿਆਂ ਸਬੰਧੀ ਲੱਚਰ ਸਾਹਿਤ ਤੇ ਨਸ਼ਿਆਂ ਨਾਲ ਸਬੰਧਤ ਜੁਰਮ ਵਿੱਚ ਵਾਧਾ ਹੋਇਆ ਹੈ।

ਹੋਰ ਲੱਭਤਾਂ :

- 2010 ਵਿੱਚ ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਜੁਰਮ ਵਿੱਚ ਸੱਭ ਤੋਂ ਵੱਧ ਕਮੀ ਪਾਈ ਗਈ, ਦੋਵਾਂ ਪ੍ਰੋਵਿੰਸਾਂ ਵਿੱਚ ਜੁਰਮ ਦਰ ਛੇ ਫੀ ਸਦੀ ਤੱਕ ਘੱਟ ਹੋਈ ਹੈ
- ਕ੍ਰਾਈਮ ਸਵੀਅਰਟੀ ਇੰਡੈਕਸ ਵਿੱਚ ਨੂਨਾਵਤ ਤੇ ਨਾਰਥਵੈਸਟ ਟੈਰੇਟਰੀਜ਼ ਵਿੱਚ ਜੁਰਮ ਦਰ ਅਜੇ ਵੀ ਵੱਧ ਹੀ ਹੈ। ਕ੍ਰਾਈਮ ਸਵੀਅਰਟੀ ਇੰਡੈਕਸ ਵਿੱਚ ਸਸਕਾਚੇਵਾਨ ਵਿੱਚ ਜੁਰਮ ਦਰ ਸੱਭ ਤੋਂ ਵੱਧ ਦਰਜ ਕੀਤੀ ਗਈ ਤੇ ਇਸ ਤੋਂ ਬਾਅਦ ਨੰਬਰ ਆਉਂਦਾ ਹੈ ਮੈਨੀਟੋਬਾ ਤੇ ਬ੍ਰਿਟਿਸ਼ ਕੋਲੰਬੀਆ ਦਾ। ਲੋਐਸਟ ਕ੍ਰਾਈਮ ਸਵੀਅਰਟੀ ਇੰਡੈਕਸ ਵਿੱਚ ਪਹਿਲੇ ਸਥਾਨ ਉੱਤੇ ਹੈ ਓਨਟਾਰੀਓ ਤੇ ਫਿਰ ਵਾਰੀ ਆਉਂਦੀ ਹੈ ਪ੍ਰਿੰਸ ਐਡਵਰਡ ਆਈਲੈਂਡ ਤੇ ਨਿਊ ਬਰੰਜ਼ਵਿਕ ਦੀ।
- ਸੇਂਟ ਜੌਹਨਜ਼ ਵਿੱਚ ਗੰਭੀਰ ਕਿਸਮ ਦੇ ਜੁਰਮ ਵਧੇ ਹਨ।
- ਰੈਜੀਨਾ ਵੀ ਕ੍ਰਾਈਮ ਸਵੀਅਰਟੀ ਇੰਡੈਕਸ ਦੇ ਮਾਮਲੇ ਵਿੱਚ ਸੱਭ ਤੋਂ ਉੱਪਰ ਹੈ ਤੇ ਉਸ ਤੋਂ ਬਾਅਦ ਵਾਰੀ ਆਉਂਦੀ ਹੈ ਸਸਕਾਟੂਨ ਤੇ ਵਿਨੀਪੈਗ ਦੀ।

# MAPLE LEAF WRITER'S FOUNDATION, EDMONTON

**INVITES ONE & ALL**
**TO A MULTILINGUAL POETIC SYMPOSIUM**
**ON**
**SATURDAY, OCTOBER 1, 2011**

**TIME: 2-00 PM**
**AT**
**Meridian Banquet and Conference Center**
**4820 - 76 Ave, Edmonton, Alberta, T6B 0A3**

**Eminent Poets of Punjabi, Urdu and Hindi will participate**

**For more information contact:**

DR. P. R. Kalia: 780- 440-2766; Dalbir Sangione: 780- 995-5475;
Daljit Rakhra: (780) 989-2977; Darshan Khaira: 780-450-3834;
Parminder Dhaliwal: 780-994-1886; Pavittar Dhaliwal: 780- 909-3315;
Jasvir Deol: 780-906-4497; Raminder Sandhu: 780- 462- 3685;
Gurminder Moom: 780-450-2075; Anup Khanna: 780-970-0992;
Navtej Bains: 780-200-2872; Bakhsh Sangha: 780-461-7528

# 'ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਐਡਮਿੰਟਨ'

ਵੱਲੋਂ
ਮਿਤੀ 1 ਅਕਤੂਬਰ 2011, ਦਿਨ ਸ਼ਨੀਵਾਰ
ਸਮਾਂ 2 ਵਜੇ ਬਾਅਦ ਦੁਪਹਿਰ
ਮੈਰੀਡੀਅਨ ਬੈਂਕੁਇਟ ਐਂਡ ਕਾਨਫਰੰਸ ਸੈਂਟਰ
4820-76 ਐਵੀਨਿਊ, ਐਡਮਿੰਟਨ
ਵਿਖੇ

## 'ਬਹੁ-ਭਾਸ਼ਾਈ ਕਵੀ ਸੰਮੇਲਨ'

ਆਯੋਜਿਤ ਕੀਤਾ ਜਾ ਰਿਹਾ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਡਾ. ਪੀ.ਆਰ. ਕਾਲੀਆ: (780) 440-2766; ਦਲਬੀਰ ਸਾਂਗਿਆਣ: (780) 995-5475; ਦਲਜੀਤ ਰੱਖੜਾ: (780) 989-2977;
ਦਰਸ਼ਨ ਖਹਿਰਾ: (780) 450-3834; ਪਰਮਿੰਦਰ ਧਾਲੀਵਾਲ: (780) 994-1886; ਪਵਿੱਤਰ ਧਾਲੀਵਾਲ: (780) 909-3315;
ਜਸਵੀਰ ਦਿਉਲ: (780) 906-4497; ਨਵਤੇਜ ਬੈਂਸ: (780) 200-2872; ਬਖਸ਼ ਸੰਘਾ (780) 461-7528;
ਗੁਰਮਿੰਦਰ ਮੂਮ: (780) 667-5555; ਅਨੂੰਪ ਖ਼ੰਨਾ: (780) 970-0992; ਰਮਿੰਦਰ ਸੰਧੂ: (780) 462-3685

**ਮੁਸ਼ਾਇਰੇ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ।**

# ਚੌਥਾ ਸ਼ਹੀਦ ਭਗਤ ਸਿੰਘ ਸਾਕਰ ਟੂਰਨਾਮੈਂਟ ਸਫ਼ਲਤਾ ਪੂਰਵਕ ਸਮਾਪਤ

## ਵੈਨਕੂਵਰ ਤੇ ਸਰੀ ਦੀਆਂ ਟੀਮਾਂ ਨੇ ਵੀ ਲਿਆ ਭਾਗ, ਪ੍ਰਬੰਧਕਾਂ ਵੱਲੋਂ ਸਪਾਂਸਰਾਂ ਦਾ ਧੰਨਵਾਦ

ਐਡਮਿੰਟਨ, (ਨਦਬ) : ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਅਤੇ ਪੰਜਾਬ ਯੂਨਾਇਟਡ ਸਪੋਟਰਸ ਐਂਡ ਹੈਰੀਟੇਜ਼ ਐਸੋਸ਼ੀਏਸ਼ਨ ਆਫ਼ ਐਡਮਿੰਟਨ ਵੱਲੋਂ ਸਾਝੇ ਤੌਰ 'ਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਨੂੰ ਸਮਰਪਿਤ ਦੋ ਦਿਨਾਂ ਚੌਥਾ ਸ਼ਹੀਦ ਭਗਤ ਸਿੰਘ ਸਾਕਰ ਟੂਰਨਾਮੈਂਟ ਮੌਸਮ ਦੀ ਨਰਾਜਗੀ ਹੁੰਦੇ ਹੋਏ ਵੀ 9 ਅਤੇ 16 ਜੁਲਾਈ ਨੂੰ ਸਫ਼ਲਤਾ ਪੂਰਵਕ ਸਮਾਪਤ ਹੋ ਗਿਆ। ਐਡਮਿੰਟਨ ਦੇ ਪੋਲਰ ਮੈਡੋਜ਼ ਸਕੂਲ ਦੀਆਂ ਗਰਾਊਂਡਾਂ 'ਚ ਹੋਏ ਇਸ ਟੂਰਨਾਮੈਂਟ 'ਚ 6 ਸਾਲ ਉਮਰ ਵਰਗ ਤੋਂ ਲੈ ਕੇ 16 ਸਾਲ ਤੱਕ ਦੇ 800 ਖਿਡਾਰੀਆਂ/ ਖਿਡਾਰਨਾਂ ਨੇ 32 ਟੀਮਾਂ ਦੇ ਰੂਪ 'ਚ ਭਾਗ ਲਿਆ। 6 ਸਾਲ ਤੋਂ 16 ਸਾਲ ਦੀ ਉਮਰ ਦੇ ਖਿਡਾਰੀਆਂ/ਖਿਡਾਰਨਾਂ ਨੂੰ ਬੇਹਤਰੀਨ ਕੋਚਾਂ/ਪ੍ਰਬੰਧਕਾਂ ਵੱਲੋਂ ਕਰੀਬ 2 ਮਹੀਨੇ ਸਿਖਲਾਈ ਦੇਣ ਉਪਰੰਤ ਉਨ੍ਹਾਂ ਦੀਆਂ ਟੀਮਾਂ ਬਣਾਂ ਕੇ ਟੂਰਨਾਮੈਂਟ 'ਚ ਸ਼ਾਮਿਲ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਦੇ ਪ੍ਰਧਾਨ ਦਲਬੀਰ ਸਾਂਗਿਆਂਣ, ਸਕੱਤਰ ਕਿਰਤਮੀਤ ਕੁਹਾੜ, ਖ਼ਜਾਨਚੀ ਨਵਤੇਜ ਬੈਂਸ, ਬ਼ਖਸ਼ ਸੰਘਾ, ਡਾ. ਪੀ.ਆਰ.ਕਾਲੀਆ, ਸੋਨੀ ਗਿੱਲ, ਗੁਰਬਚਨ ਬਰਾੜ, ਜੋਗਿੰਦਰ ਰੰਧਾਵਾ, ਸੁਰਿੰਦਰ ਦਿਉਲ, ਹਰਜਿੰਦਰ ਬਦੇਸ਼ਾ, ਜਸਵੀਰ ਦਿਉਲ, ਜਸਵੀਰ ਸੰਘਾ 'ਪੰਜਾਬ ਯੂਨਾਇਟਡ ਸਪੋਰਟਸ' ਦੇ ਮੋਹਿੰਦਰ ਬੰਗਾ, ਇਕਬਾਲ ਮਾਹਲ, ਕਸ਼ਮੀਰ ਗਿੱਲ, ਕਮਲਜੀਤ ਸਿੱਧੂ, ਰਾਜੂ ਵਿਰਕ ਆਦਿ ਨੇ ਦੱਸਿਆ ਕਿ ਹਰ ਪੱਖੋਂ ਸਫ਼ਲ ਰਹੇ ਇਸ ਟੂਰਨਾਮੈਂਟ 'ਚ ਖਿਡਾਰੀਆਂ ਨੇ ਦਿਲਚਸਪੀ ਤੇ ਉਤਸਾਹ ਨਾਲ ਭਾਗ ਲਿਆ। ਇਸ ਵਾਰ ਦੇ ਟੂਰਨਾਮੈਂਟ 'ਚ ਵੈਨਕੂਵਰ ਤੇ ਸਰੀ ਦੀਆਂ ਟੀਮਾਂ ਨੇ ਉਨ੍ਹਾਂ ਦੇ ਵਿਸ਼ੇਸ ਸੱਦੇ 'ਤੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦੇ ਸਫ਼ਲ ਰਹਿਣ ਦਾ ਕਾਰਨ ਆਪਣੇ ਭਾਈਚਾਰੇ ਦੇ ਲੋਕਾਂ ਦਾ ਸਾਕਰ ਪ੍ਰਤੀ ਉਤਸ਼ਾਹ, ਇਥੋਂ ਦੇ ਜੰਮਪਲ ਬੱਚਿਆਂ ਦਾ ਇਸ ਖੇਡ ਨਾਲ ਜੁੜੇ ਹੋਣਾ, ਮਾਪਿਆਂ ਦਾ ਸਹਿਯੋਗ ਅਤੇ ਸਪਾਂਸਰਾਂ ਵੱਲੋਂ ਮਿਲਿਆ ਵਿਸ਼ੇਸ਼ ਸਹਿਯੋਗ ਹੈ।

ਇਸ ਟੂਰਨਾਮੈਂਟ 'ਚ ਜੇਤੂ ਰਹਿਣ ਵਾਲੀਆਂ ਟੀਮਾਂ ਨੂੰ ਆਲਟਾ ਵਿੰਡੋਜ਼ ਦੇ ਪਰਮਜੀਤ ਉੱਭੀ ਵੱਲੋਂ 2 ਹਜਾਰ ਡਾਲਰ ਦਾ ਪਹਿਲਾ ਇਨਾਮ, ਅਰਿਸਟੋਕਰੈਟ ਲਿਕਰ ਦੇ ਮਨਜੀਤ ਧਾਲੀਵਾਲ ਵੱਲੋਂ 1 ਹਜਾਰ ਡਾਲਰ ਦਾ ਦੂਸਰਾ ਇਨਾਮ ਅਤੇ 5 ਸੌ ਡਾਲਰ ਦਾ ਤੀਸਰਾ ਇਨਾਮ ਜੋਸਨ ਪ੍ਰਾਪਰਟੀਜ਼ ਦੇ ਰਾਕਾ ਜੋਸਨ ਵੱਲੋਂ ਸਪਾਂਸਰ ਕੀਤਾ ਗਿਆ। ਮਿਲਵੂਡਜ਼ ਸਜੂਕੀ ਅਤੇ ਪਵਾਰ ਹੋਮਜ਼ ਇਸ ਟੂਰਨਾਮੈਂਟ ਦੇ ਮੈਗਾ ਸਪਾਂਸਰ ਸਨ ਅਤੇ ਪ੍ਰਬੰਧਕਾਂ ਤੇ ਖਿਡਾਰੀਆਂ ਨੇ ਇਨ੍ਹਾਂ ਸਪਾਂਸਰਾਂ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਾਈਆਂ ਸਨ। ਪੰਜਾਬੀ ਖਾਣੇ ਦੇ ਨਾਲ-ਨਾਲ ਹਾਟ ਡਾਗ ਦੇ ਲੰਗਰ ਵੀ ਵਰਤਾਏ ਗਏ।







ਚੌਥੇ ਸ਼ਹੀਦ ਭਗਤ ਸਿੰਘ ਸਾਕਰ ਟੂਰਨਾਮੈਂਟ ਦੀਆਂ ਵੱਖ-ਵੱਖ ਝਲਕੀਆਂ।




A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

**Who We Are**
**Western Canada's**
Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



**What we Offer**

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Gujrati, Hindi & Urdu**

**Edmonton: 780-465-6900**

ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson
(Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**HARRY'S EXCAVATING**
Ph 780-918-2252

Specialist in : Digging Basements & All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

**C.J. Auto & Transmission Repair Ltd. & Body Shop**

Specialize in Propane Repair & Body Shop



Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

**KOPY CENTRE & PRINTING**
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Gurkeerat Holding Ltd.**



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖ਼ਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

**A & V Collision LTD.**
27 Years of Journey Man Experience



AUTO BODY & PAINT

Frame Repair
All Insurance Claims
Domestic & Imports
Specialists

Quality Service With Best Market Price

Terry Sumka, Manager — Cell: 780 984 9982
Arun Patel — Ph: 780 988 2886
Vinod Patel — Fax: 780 988 2896

ਆਪਣੀਆਂ ਗੱਡੀਆਂ ਨੂੰ ਦੋਬਾਰਾ ਤੋਂ ਨਵੀਆਂ ਬਣਾਉਣ ਲਈ ਸਾਡੇ ਕੋਲ ਆਓ

3918-91 Street NW Edmonton, AB T6E 5K7
www.avcollision.ca
avcollision@shaw.ca

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਂਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

**MORTGAGE ALLIANCE**
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਸਰਕਾਰੀ ਗੱਫੇ

ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਖਿਆਲ ਕੀਤਾ ਜਾਂਦਾ ਹੈ। ਪਰ ਇਹ ਉਸ ਮੀਡੀਏ ਦੀ ਗੱਲ ਹੈ, ਜਿਹੜਾ ਸੁਤੰਤਰ ਹੋਵੇ, ਲੋਕਾਂ ਦੀ ਆਵਾਜ਼ ਹੋਵੇ ਤੇ ਬਗੈਰ ਕਿਸੇ ਦਬਾਅ ਜਾਂ ਲੋਭ ਤੋਂ ਨਿਰਪੱਖਤਾ ਨਾਲ ਪੂਰੀ ਸਚਾਈ ਜਨਤਾ ਅੱਗੇ ਰੱਖਣ ਦੇ ਸਮਰਥ ਹੋਵੇ। ਅਜੋਕੇ ਮੀਡੀਏ ਦਾ ਭਾਰੂ ਹਿੱਸਾ ਇਲੈਕਟ੍ਰੋਨਿਕ ਮੀਡੀਆ ਨੇ ਮੱਲਿਆ ਹੋਇਆ ਹੈ। ਇਸ ਮੀਡੀਏ ਵੱਲ ਸਰਸਰੀ ਨਜ਼ਰ ਵੀ ਮਾਰੀਏ ਤਾਂ ਆਵਾ ਹੀ ਊਤਿਆ ਹੋਇਆ ਦਿਖਾਈ ਦਿੰਦਾ ਹੈ। ਪੰਜਾਬੀ ਦੇ ਇਲੈਕਟ੍ਰੋਨਿਕ ਮੀਡੀਏ ਉਪਰ ਬਾਦਲ ਪਰਿਵਾਰ ਦੀ ਅਜਾਰੇਦਾਰੀ ਹੈ। ਇਸ ਖੇਤਰੀ ਮੀਡੀਏ 'ਚ ਪ੍ਰਸਾਰਿਤ ਹੋਣ ਵਾਲੇ ਸਮਾਚਾਰ ਬੁਲੇਟਿਨ ਵੀ ਮਾਤਰ ਬਾਦਲ ਪਰਿਵਾਰ ਦੇ ਵਿਗਿਆਪਨ ਹੀ ਹੁੰਦੇ ਹਨ। ਕੀ ਅਜਿਹੇ ਮੀਡੀਏ ਨਾਲ ਲੋਕਤੰਤਰ ਦਾ ਕੋਈ ਦੂਰ ਦਾ ਵਸਤਾ ਵੀ ਹੋ ਸਕਦਾ ਹੈ? ਯਕੀਨਨ ਹੀ ਜਵਾਬ ਨਾਂਹ ਵਿਚ ਹੋਵੇਗਾ। ਪੰਜਾਬੀ ਇਲੈਕਟ੍ਰੋਨਿਕ ਮਡੀਆ ਨੂੰ ਮਿਲੇ ਸੂਬਾ ਸਰਕਾਰ ਦੇ ਵਿਗਿਆਪਨਾਂ (ਜਿਹੜੇ ਆਮ ਕਰ ਕੇ ਬਾਦਲ ਪਰਿਵਾਰ ਦੇ ਹੀ ਹਨ) ਦੀ ਖ਼ਰਚ ਰਾਸ਼ੀ ਦੇ ਅੰਕੜੇ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋਏ ਹਨ। ਸਰਕਾਰੀ ਖ਼ਜ਼ਾਨੇ 'ਚੋਂ ਬਾਦਲਾਂ ਦੀ ਬੱਲੇ ਬੱਲੇ ਕਰਨ ਵਾਲੇ ਚੈਨਲਾਂ ਨੂੰ ਕੀਤੀਆਂ ਗਈਆਂ ਅਦਾਇਗੀਆਂ ਹੈਰਾਨੀਜਨਕ ਹਨ। ਕੋਈ ਚੈਨਲ ਬਾਦਲਾਂ ਦੇ ਕਿੰਨਾ ਨੇੜੇ ਹੈ, ਇਸ ਗੱਲ ਦਾ ਅੰਦਾਜ਼ਾ ਉਸ ਚੈਨਲ ਨੂੰ ਪੁਚਾਏ ਗਏ ਆਰਥਿਕ ਲਾਭ ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਪਿਛਲੇ ਚਾਰ ਸਾਲਾਂ 'ਚ ਸਰਕਾਰ ਦੀ ਇਸ਼ਤਿਹਾਰਬਾਜ਼ੀ ਲਈ ਸਭ ਤੋਂ ਘੱਟ ਅਦਾਇਗੀ ਦੂਰਦਰਸ਼ਨ ਨੂੰ ਕੀਤੀ ਗਈ ਅਤੇ ਸਭ ਤੋਂ ਵੱਧ ਗੱਫਾ ਐਮ.ਐਚ.-1 (ਇਕ ਕਰੋੜ) ਨੂੰ ਮਿਲਿਆ ਹੈ। ਇਸੇ ਤਰ੍ਹਾਂ ਫਾਸਟਵੇ, ਚੈਨਲ ਨੰ. 1 ਤੇ ਪੀ.ਟੀ.ਸੀ. ਨੇ ਵੀ ਸਰਕਾਰ ਪਾਸੋਂ ਇਸ਼ਤਿਹਾਰਬਾਜ਼ੀ ਲਈ ਮੋਟੀ ਕਮਾਈ ਕੀਤੀ। ਸਰਕਾਰੀ ਇਸ਼ਤਿਹਾਰਬਾਜ਼ੀ ਲਈ ਪਿਛਲੇ ਚਾਰ ਸਾਲਾਂ 'ਚ ਮੀਡੀਏ ਦੀ ਨਿਰਪੱਖਤਾ ਦੇ ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ, ਪੰਜਾਬੀ ਚੈਨਲਾਂ ਕੁਲ ਛੱਬੀ ਕਰੋੜ ਰੁਪਏ ਕਮਾਈ ਕਰਵਾਈ ਗਈ। ਇਵਜ਼ ਵਿਚ ਇਨ੍ਹਾਂ ਨੇ ਕਦੇ ਇਕ ਲਫ਼ਜ਼ ਵੀ ਮੌਜੂਦਾ ਸਰਕਾਰ ਦੀ ਆਲੋਚਨਾ ਲਈ ਨਹੀਂ ਬੋਲਿਆ, ਵਿਰੋਧੀ ਧਿਰ ਨੂੰ ਆਪਣੇ ਪ੍ਰਸਾਰਣਾਂ ਵਿਚ ਕੋਈ ਜਗ੍ਹਾ ਨਹੀਂ ਦਿਤੀ ਤੇ ਇਸ਼ਤਿਹਾਰਬਾਜ਼ੀ ਵਿਚ ਵੀ ਬਾਦਲ ਪਰਵਾਰ ਨੂੰ ਸੂਬਾ ਸਰਕਾਰ ਵਜੋਂ ਫੋਕਸ ਕਰੀ ਰੱਖਿਆ। ਪੰਜਾਬੀ ਚੈਨਲਾਂ 'ਤੇ ਖਰਚਿਆ ਇਹ ਸਾਰਾ ਪੈਸਾ ਕਿਉਂਕਿ ਸਰਕਾਰੀ ਖ਼ਜ਼ਾਨੇ ਵਿਚੋਂ ਗਿਆ ਇਸ ਲਈ ਇਸ ਨੂੰ ਜਨਤਕ ਧਨ ਦੀ ਦੁਰਵਰਤੋਂ ਹੀ ਕਿਹਾ ਜਾ ਸਕਦਾ ਹੈ। ਲੋਕਾਂ ਦਾ ਪੈਸਾ ਲੋਕ ਭਲਾਈ ਲਈ ਹੀ ਖਰਚ ਹੋਣਾ ਚਾਹੀਦਾ ਹੈ।

### ਹਾਂਸੀ ਬੁਟਾਣਾ

ਹਰਿਆਣਾ ਸਰਕਾਰ ਵਲੋਂ ਹਾਂਸੀ-ਬੁਟਾਣਾ ਨਹਿਰ ਦੇ ਬੰਨ੍ਹ ਦੇ ਨਾਲ ਨਾਲ ਪੱਕੀ ਕੰਧ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਉਸਾਰੀ ਨੂੰ ਲੈ ਕੇ ਪੰਜਾਬ ਵਿਚ ਖੇਤਰੀ ਰਾਜਨੀਤੀ ਇਕ ਵਾਰ ਫਿਰ ਗਰਮਾਈ ਹੋਈ ਹੈ। ਪ੍ਰੰਤੂ ਇਸ ਵਾਰ ਦੀ ਖੇਤਰੀ ਰਾਜਨੀਤੀ ਦਾ ਸਰੂਪ ਜ਼ਰਾ ਵੱਖਰਾ ਹੈ, ਅਕਾਲੀਆਂ ਨੂੰ ਪੰਜਾਬ ਦੇ ਅੰਦਰਵਾਰ ਟਕਰਾਅ ਲਈ ਕੋਈ ਧਿਰ ਉਪਲਬਧ ਨਹੀਂ ਹੈ, ਕਿਉਂਕਿ ਪੰਜਾਬ ਪ੍ਰਦੇਸ਼ ਕਾਂਗਰਸ ਵਲੋਂ ਵੀ ਨਹਿਰ ਬੰਨ੍ਹ ਨਾਲ ਪੱਕੀ ਕੰਧ ਉਸਾਰਨ ਦੀ ਹਰਿਆਣਾ ਸਰਕਾਰ ਵਲੋਂ ਕੀਤੀ ਜਾ ਰਹੀ ਕਾਰਵਾਈ ਦੀ ਆਲੋਚਨਾ ਕੀਤੀ ਜਾ ਚੁੱਕੀ ਹੈ। ਹਾਂਸੀ ਬੁਟਾਣਾ ਨਹਿਰ ਦੇ ਬੰਨ੍ਹ ਨਾਲ ਉਸਾਰੀ ਜਾ ਰਹੀ ਪੱਕੀ ਕੰਧ ਪੰਜਾਬ ਦੀ ਹਰਿਆਣੇ ਨਾਲ ਲਗਦੀ ਹੱਦ ਦੇ ਨਾਲ ਨਾਲ ਪੈਂਦੀ ਹੈ, ਇਸ ਲਈ ਪੰਜਾਬ ਵਿਚ ਤੌਖ਼ਲਾ ਇਹ ਪਾਇਆ ਜਾ ਰਿਹਾ ਹੈ ਕਿ ਕੰਧ ਮੁਕੰਮਲ ਹੋਣ ਮਗਰੋਂ ਪੰਜਾਬ ਦੇ ਕਈ ਇਲਾਕਿਆਂ ਵਿਚ ਪਾਣੀ ਦਾ ਨਿਕਾਸ ਰੁਕ ਜਾਵੇਗਾ ਕਿਉਂਕਿ ਮੌਜੂਦਾ ਵਹਿਣ ਹਰਿਆਣੇ ਵਲ ਨੂੰ ਹੈ ਤੇ ਸਿੱਟੇ ਵਜੋਂ ਇਹ ਇਲਾਕੇ ਛੇਤੀ ਹੀ ਹੜ੍ਹਾਂ ਦੀ ਮਾਰ ਹੇਠ ਆ ਜਾਇਆ ਕਰਨਗੇ। ਸੋ, ਸੰਭਾਵਿਤ ਖਤਰਾ ਸੱਚਮੁਚ ਹੀ ਗੰਭੀਰ ਹੈ ਜਦਕਿ ਇਸ ਮੁੱਦੇ ਨੂੰ ਲੈ ਕੇ ਪੰਜਾਬ ਵਿਚ ਹੋ ਰਹੀ ਰਾਜਨੀਤੀ ਬਹੁਤੀ ਗੰਭੀਰ ਨਹੀਂ, ਇਹ ਹਾਲ ਦੀ ਘੜੀ ਤਾਂ ਤੁਹਮਤਬਾਜ਼ੀ ਹੀ ਹੈ। ਵੱਡੇ ਬਾਦਲ ਇਸ ਮਸਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰ ਆਏ ਹਨ, ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਹਾਂਸੀ ਬੁਟਾਣਾ ਨਹਿਰ 'ਤੇ ਜਾ ਕੇ ਬਾਹਾਂ ਚੜ੍ਹਾ ਆਏ ਹਨ ਤੇ ਇਸ ਅਵਸਰ 'ਤੇ ਹਰਿਆਣਾ ਦੇ ਅਧਿਕਾਰੀਆਂ ਨਾਲ ਹੋਈ ਤਲਖ਼ ਕਲਾਮੀ ਸਦਕਾ ਅਖ਼ਬਾਰਾਂ ਵਿਚ ਵੱਡੀ ਸੁਰਖੀ ਬਣਵਾਉਣ ਵਿਚ ਸਫਲ ਰਹੇ ਹਨ। ਵਿਰੋਧੀ ਧਿਰ ਵਲੋਂ ਕੈਪਟਨ ਅਮਰਿੰਦਰ ਸਿੰਘ ਵਾਰ ਵਾਰ ਕਹਿ ਰਹੇ ਹਨ ਕਿ ਕੰਧ ਦੀ ਉਸਾਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਨਾਅਹਿਲੀਅਤ ਦਾ ਨਤੀਜਾ ਹੈ, ਕਿਉਂਕਿ ਉਹ ਇਸ ਸਬੰਧੀ ਕੇਂਦਰ ਸਰਕਾਰ ਨੂੰ ਕੇਵਲ ਚਿੱਠੀਆਂ ਲਿਖਣਾ ਹੀ ਕਾਫੀ ਸਮਝ ਰਹੇ ਹਨ ਜਦਕਿ ਇਸ ਸਬੰਧੀ ਉਨ੍ਹਾਂ ਨੂੰ ਕੋਰਟ ਦਾ ਦਰ ਖੜਕਾਉਣਾ ਚਾਹੀਦਾ ਹੈ। ਲਗਦਾ ਹੈ ਕਿ ਇਹ ਮੁੱਦਾ ਹੌਲੀ ਹੌਲੀ ਅਗਾਮੀ ਵਿਧਾਨ ਸਭਾ ਚੋਣਾਂ ਦੇ ਰਾਜਸੀ ਏਜੰਡਿਆਂ ਵਲ ਨੂੰ ਸਰਕ ਰਿਹਾ ਹੈ।

### ਜੈਕਾਰਾ

ਜੈਕਾਰਾ ਜਿੱਤ ਦਾ ਸੂਚਕ ਹੁੰਦਾ ਹੈ। ਜੈਕਾਰਾ ਚੜ੍ਹਦੀਕਲਾ ਦਾ ਵੀ ਪ੍ਰਗਟਾਵਾ ਹੈ। ਕੀ ਪੰਜਾਬ ਵਿਚ ਜੈਕਾਰੇ ਇਵੇਂ ਹੀ ਲਗਦੇ ਹਨ? ਬਿਲਕੁਲ ਨਹੀਂ; ਅਕਸਰ ਅਢੁਕਵੇਂ ਮੌਕਿਆਂ 'ਤੇ ਜੈਕਾਰੇ ਛੱਡ ਦਿਤੇ ਜਾਂਦੇ ਹਨ, ਕਈ ਇਕੱਠਾਂ ਵਿਚ ਤਾਂ ਕੁੱਝ ਲੋਕ ਲਿਆਏ ਹੀ ਇਸ ਮਕਸਦ ਨਾਲ ਜਾਂਦੇ ਹਨ ਕਿ ਕੋਈ ਵੀ ਚੰਗੀ ਮਾੜੀ ਗੱਲ ਬੁਲਾਰੇ ਵਲੋਂ ਮੰਚ ਤੋਂ ਕਹੀ ਜਾਏ, ਇਹ ਲੋਕ ਜੈਕਾਰੇ ਛੱਡ ਦਿੰਦੇ ਹਨ। ਸਿਰਫ ਤੇ ਸਿਰਫ ਸਰੋਤਿਆਂ ਦਾ ਧਿਆਨ ਬੁਲਾਰੇ ਉਪਰ ਕੇਂਦਰਿਤ ਕਰਨ ਲਈ ਜਾਂ ਮਾਹੌਲ ਵਿਚ ਜੋਸ਼ ਭਰਨ ਲਈ। ਬਸ ਐਵੇਂ ਹੀ ਜੈਕਾਰੇ ਛੱਡ ਦੇਣੇ ਹੁਣ ਆਪਮੁਹਾਰੀ ਤੁਰੀ ਫਿਰਦੀ ਵਾਹਰ ਦਾ ਸੁਭਾਅ ਬਣ ਗਿਆ ਹੈ। ਇਹੋ ਸੁਭਾਅ ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਖੂਨੀ ਟਕਰਾਅ ਦੀ ਵਜ੍ਹਾ ਬਣ ਚਲਿਆ ਸੀ। ਇਕ ਸੰਤ ਦੇ ਪੈਰੋਕਾਰ ਨੇ ਜੈਕਾਰਾ ਕੀ ਛੱਡਿਆ ਕਿ ਸਿੰਘਾਂ ਨੇ ਮਿਆਨੋਂ ਤਲਵਾਰਾਂ ਧੂਹ ਲਈਆਂ। ਤਲਵਾਰਬਾਜ਼ੀ ਤਾਂ ਖ਼ੈਰ ਟਲ ਗਈ ਪਰ ਤਕਰਾਰਬਾਜ਼ੀ ਬਹੁਤ ਹੋਈ। ਹੋਇਆ ਇੰਜ ਕਿ ਸੰਤ ਸੁਰਿੰਦਰ ਸਿੰਘ ਕਾਨ੍ਹਾਂ ਢੇਸੀਆਂ ਵਿਰੁਧ ਅਕਾਲ ਤਖ਼ਤ ਸਾਹਿਬ ਵਿਖੇ ਇਕ ਸ਼ਿਕਾਇਤ ਆਈ ਸੀ ਕਿ ਉਨ੍ਹਾਂ ਦੀ ਹਾਜ਼ਰੀ ਵਿਚ ਗੁਰਦਵਾਰੇ ਵਿਚ ਹੋ ਰਹੇ ਗੁਰਬਾਣੀ ਦੇ ਕੀਰਤਨ ਦੌਰਾਨ ਸੰਗਤਾਂ ਨੱਚੀਆਂ ਤੇ ਭੰਗੜੇ ਪਾਏ ਗਏ। ਸੰਤ ਕਾਨ੍ਹਾਂ ਢੇਸੀਆਂ ਨੇ ਸਿੰਘ ਸਾਹਿਬਾਨ ਕੋਲ ਇਹ ਗਲਤੀ ਸਵੀਕਾਰ ਕਰ ਕੇ ਤਨਖ਼ਾਹ ਲਵਾ ਲਈ। ਵਾਪਸੀ ਸਮੇਂ ਤਨਖ਼ਾਹ ਲਵਾ ਕੇ ਜਦੋਂ ਉਹ ਹਰਿਮੰਦਰ ਸਾਹਿਬ ਮੱਥਾ ਟੇਕਣ ਜਾ ਰਹੇ ਸਨ ਤਾਂ ਉਨ੍ਹਾਂ ਦੇ ਕਿਸੇ ਸ਼ਰਧਾਲੂ ਨੇ ਜੈਕਾਰਾ ਛੱਡ ਦਿਤਾ ਤੇ ਮਾਹੌਲ ਤਣਾਅਪੂਰਣ ਹੋ ਗਿਆ। ਇਤਰਾਜ਼ ਇਹ ਕੀਤਾ ਗਿਆ ਕਿ ਜੋ ਵਿਅਕਤੀ ਕਸੂਰਵਾਰ ਹੋਵੇ ਤੇ ਤਨਖ਼ਾਹ ਲਗਵਾ ਚੁੱਕਾ ਹੋਵੇ, ਉਹਦੇ ਲਈ ਜੈਕਾਰਾ ਕਿਉਂ ਛੱਡਿਆ ਜਾਵੇ? ਦਲੀਲ 'ਚ ਵਜ਼ਨ ਤਾਂ ਬਹੁਤ ਹੈ ਪਰ ਜੇਕਰ ਅਕਾਲੀਆਂ ਦੇ ਹਰ ਰਾਜਸੀ ਇਕੱਠ ਵਿਚ ਮਾਮੂਲੀ ਗੱਲਾਂ 'ਤੇ ਜੈਕਾਰੇ ਗੂੰਜਾਏ ਜਾਂਦੇ ਹਨ, ਭ੍ਰਿਸ਼ਟ ਸਿਆਸਤਦਾਨਾਂ ਤਕ ਨੂੰ ਜੈਕਾਰਿਆਂ ਨਾਲ ਨਿਵਾਜਿਆ ਜਾਂਦਾ ਹੈ ਤਾਂ ਜੈਕਾਰੇ ਦੀ ਮਰਿਆਦਾ ਵਿਚ ਕੁਤਾਹੀ ਇਕ ਸੁਭਾਵਿਕ ਜਿਹਾ ਵਰਤਾਰਾ ਹੀ ਹੈ। ਹੋ ਸਕਦਾ ਹੈ ਸੰਤ ਕਾਨ੍ਹਾਂ ਢੇਸੀਆਂ ਦੇ ਪੈਰੋਕਾਰਾਂ ਦੇ ਮੂੰਹੋਂ ਜੈਕਾਰਾ ਆਦਤਨ ਹੀ ਛੱਡਿਆ ਗਿਆ ਹੋਵੇ।

### ਭਰਤੀਆਂ ਤੇ ਪ੍ਰੀਖਿਆਵਾਂ

ਈ.ਟੀ.ਟੀ. ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਇਕ ਆਗੂ ਦੇ, ਪੈਸੇ ਲੈ ਕੇ ਪੰਜਾਬ ਰਾਜ ਟੀ.ਈ.ਟੀ. ਟੈਸਟ ਪਾਸ ਕਰਵਾਉਣ ਦਾ ਮਾਮਲਾ (ਪੁਲਿਸ ਦੁਆਰਾ) ਸਾਹਮਣੇ ਆਉਣ 'ਤੇ ਵੀ ਅਜੇ ਬਹੁਤ ਕੁੱਝ ਹਨ੍ਹੇਰ ਵਿਚ ਹੀ ਪਿਆ ਹੈ। ਬਹੁਤ ਸਾਰੀਆਂ ਧਿਰਾਂ ਬਾਰੇ ਬਹੁਤ ਸਾਰੇ ਸੰਦੇਹ ਪੈਦਾ ਹੋ ਗਏ (ਸੰਦੇਹ ਪੈਦਾ ਕਰਨੇ ਸਥਾਪਤੀ ਦਾ ਇਕ ਅਜ਼ਮਾਇਆ ਹੋਇਆ ਹੱਥਕੰਡਾ ਵੀ ਹੈ) ਨੌਜਵਾਨਾਂ ਦੇ ਮਨਾਂ ਅੰਦਰ ਆਪਣੇ ਆਗੂਆਂ ਪ੍ਰਤੀ ਉਕਤ ਕਾਂਡ ਕਾਰਨ ਬੇਵਿਸਾਹੀ ਅਵੱਸ਼ ਪੈਦਾ ਹੋਈ ਹੋਵੇਗੀ। ਪ੍ਰੰਤੂ ਪ੍ਰਮੁੱਖ ਮਾਮਲਾ ਬੇਵਿਸਾਹੀ ਦਾ ਇਹ ਬਣਦਾ ਹੈ ਕਿ ਜੇਕਰ ਪੈਸੇ ਦੇ ਕੇ ਟੈਸਟ ਪਾਸ ਕਰਵਾਉਣ ਦੀਆਂ ਸੰਭਾਵਨਾਵਾਂ ਦਰਸਾਈਆਂ ਜਾ ਰਹੀਆਂ ਤਾਂ ਫਿਰ ਟੈਸਟ ਲੈਣ ਵਾਲੀ ਕੰਪਿਊਟਰ ਕੰਪਨੀ ਸੀ-ਡੈਕ ਦੀ ਦਾਲ ਵਿਚ ਵੀ ਜ਼ਰੂਰ ਕੁੱਝ ਕਾਲਾ ਹੈ। ਸਰਕਾਰ ਨੇ ਇਸ ਕੰਪਨੀ ਦੁਆਰਾ ਭਰਤੀਆਂ ਤੇ ਟੈਸਟਾਂ ਦਾ ਪ੍ਰਬੰਧ ਇਸ ਦਲੀਲ ਨਾਲ ਕੀਤਾ ਹੋਇਆ ਹੈ ਕਿ ਇਹ ਅਮਲ ਨਿਰੋਲ ਮੈਰਿਟ ਦੇ ਆਧਾਰ 'ਤੇ ਨੇਪਰੇ ਚੜ੍ਹੇ ਅਤੇ ਰਾਜਸੀ ਪ੍ਰਭਾਵ ਤੋਂ ਮੁਕਤ ਰਹੇ। ਪਰ, ਇਥੇ ਤਾਂ ਹੋਰ ਵੀ ਗੜਬੜ ਦੇ ਆਸਾਰ ਦਿਖਾਈ ਦੇ ਰਹੇ ਹਨ। ਚੰਗਾ ਹੋਵੇਗਾ ਜੇਕਰ ਸਰਕਾਰੀ ਮਸ਼ੀਨਰੀ ਹੀ ਦਰੁੱਸਤ ਕਰ ਲਈ ਜਾਵੇ, ਇੰਝ ਫਾਲਤੂ ਖ਼ਰਚ ਤੇ ਖੱਜਲ ਖ਼ੁਆਰੀ ਤੋਂ ਨਿਜ਼ਾਤ ਮਿਲੇਗੀ।

### ਛੇਕੜਲੀ ਗੱਲ

ਸਰਕਾਰ ਨੇ ਮੁਰੱਬੇ ਕੱਟਣੇ ਸਨ। ਸ਼ਰਤ ਇਹ ਲਾਈ ਗਈ ਕਿ ਮੁਰੱਬਾ ਲੈਣ ਦਾ ਹੱਕਦਾਰ ਕੇਵਲ ਇਕ ਦਰਜਨ ਨਿਆਣਿਆਂ ਦਾ ਬਾਪ ਹੀ ਹੋਵੇਗਾ। ਇਕ ਆਦਮੀ ਦੇ ਨੌਂ ਨਿਆਣੇ ਸਨ। ਉਸ ਨੇ ਆਪਣੀ ਬੀਵੀ ਨੂੰ ਕਿਹਾ, "ਭਾਗਵਾਨੇ ਮੁਰੱਬਾ ਤਾਂ ਲੈਣਾ ਹੀ ਲੈਣਾ, ਗੱਲ ਇਸ ਤਰ੍ਹਾਂ ਹੈ ਕਿ ਮੇਰੇ ਤਿੰਨ ਨਿਆਣੇ ਕਿਸੇ ਹੋਰ ਦੇ ਘਰ ਵੀ ਹੈਗੇ ਆ, ਭਲਕੇ ਲੈ ਆਵਾਂਗਾ।'' ਬੀਵੀ ਨੇ ਰਜ਼ਾਮੰਦੀ ਜ਼ਾਹਰ ਕਰ ਦਿਤੀ। ਅਗਲੇ ਦਿਨ ਉਹ ਆਦਮੀ ਤਿੰਨ ਨਿਆਣਿਆਂ ਸਮੇਤ ਪਰਤਿਆ ਤਾਂ ਪਹਿਲੇ ਨਿਆਣਿਆਂ ਵਿਚੋਂ ਦੋ ਘੱਟ ਸਨ। ਆਦਮੀ ਨੇ ਹੈਰਾਨੀ ਨਾਲ ਪੁੱਛਿਆ, "ਭਾਗਵਾਨੇ, ਇਹ ਕੀ'' ਬੀਵੀ ਨੇ ਅੱਗੋਂ ਅੱਖਾਂ ਚ ਮੁਸਕਰਾਉਂਦਿਆਂ ਕਿਹਾ, "ਜਮੀਲਾ ਦੇ ਅੱਬੂ, ਮੁਰੱਬੇ ਤੈਨੂੰ 'ਕੱਲੇ ਨੂੰ ਨੀਂ ਚਾਹੀਦੇ, ਇਥੇ ਵੀ ਕਿਸੇ ਦੇ ਦੋ ਨਿਆਣੇ ਸਨ, ਅਗਲਾ ਹੁਣ ਲੋੜ ਵੇਲੇ ਦੋਵੇਂ ਮੂਹਰੇ ਲਾ ਕੇ ਲੈ ਗਿਆ।'' ਪੰਜਾਬ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਵੀ ਕਿਆਸ ਕੀਤਾ ਜਾਂਦਾ ਹੈ ਕਿ ਅਜਿਹਾ ਹੀ ਨਜ਼ਾਰਾ ਦੇਖਣ ਨੂੰ ਮਿਲੇਗਾ। ਆਖਰ ਸੱਤਾ ਕਿਸਨੂੰ ਨਹੀਂ ਚਾਹੀਦੀ?



## ਨਿਸ਼ਾਨੇਬਾਜ਼ ਰੰਜਨ ਸੋਢੀ ਬਣਿਆ ਅੱਵਲ ਨੰਬਰ

ਨਵੀਂ ਦਿੱਲੀ, (ਨਦਬ): ਭਾਰਤ ਦਾ ਡਬਲ ਟਰੈਪ ਚੈਂਪੀਅਨ ਨਿਸ਼ਾਨੇਬਾਜ਼ ਅਤੇ ਏਸ਼ਿਆਈ ਖੇਡਾਂ ਵਿਚ ਸੋਨ ਤਮਗਾ ਜੇਤੂ ਰੰਜਨਬੀਰ ਸਿੰਘ ਸੋਢੀ ਕੌਮਾਂਤਰੀ ਸ਼ੂਟਿੰਗ ਸਪੋਰਟ ਫੈਡਰੇਸ਼ਨ (ਆਈ.ਐਸ.ਐਸ.ਐਫ.) ਵਿਸ਼ਵ ਰੈਂਕਿੰਗ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਨਿਸ਼ਾਨੇਬਾਜ਼ ਬਣ ਗਿਆ ਹੈ। ਰੰਜਨ ਪਹਿਲਾਂ ਅਮਰੀਕਾ ਦੇ ਜੇ. ਰਿਚਮੰਡ ਤੋਂ ਕੇਵਲ ਤਿੰਨ ਅੰਕ ਪਿੱਛੇ ਹੋਣ ਕਾਰਨ ਦੂਜੇ ਸਥਾਨ 'ਤੇ ਸੀ।

## ਹਮਲੇ ਲਈ ਡੀ.ਜੀ.ਪੀ. ਦੋਸ਼ੀ: ਅਮਰਿੰਦਰ

ਚੰਡੀਗੜ੍ਹ, (ਨਦਬ) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਫਤਹਿਗੜ੍ਹ ਸਾਹਿਬ ਵਿਖੇ ਨਵੀਂ ਸਥਾਪਿਤ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਹੋਏ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਜਦੋਂ ਸੂਬੇ ਦਾ ਪੁਲੀਸ ਮੁਖੀ ਆਪਣੇ ਫਰਜ਼ਾਂ ਨੂੰ ਤਿਆਗ ਕੇ ਇਕ ਅਕਾਲੀ ਜਥੇਦਾਰ ਵਾਂਗ ਕੰਮ ਕਰੇਗਾ ਤਾਂ ਪੰਜਾਬ ਸੁਰੱਖਿਅਤ ਕਿਵੇਂ ਰਹਿ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਪੰਜਾਬ ਵਿਚ ਕੋਈ ਵੀ ਸੁਰੱਖਿਅਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਫੌਜਦਾਰੀ ਜੁਰਮਾਂ ਦੀ ਦਰ 65 ਫੀਸਦ ਵਧੀ ਹੈ ਅਤੇ ਇਹ ਹੁਣ ਨਿਸ਼ਚਿਤ ਤੌਰ 'ਤੇ 100 ਫੀਸਦੀ 'ਤੇ ਪਹੁੰਚ ਚੁੱਕੀ ਹੈ। ਡੀ.ਜੀ.ਪੀ ਨੇ ਪੂਰਾ ਸੂਬਾ ਰੱਬ ਦੇ ਭਰੋਸੇ ਛੱਡ ਦਿੱਤਾ ਹੈ

## ਕਿਸਾਨਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਕਈ ਆਗੂ ਗ੍ਰਿਫ਼ਤਾਰ

ਚੰਡੀਗੜ੍ਹ, (ਨਦਬ) : ਪੰਜਾਬ ਦੀਆਂ 17 ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿੱਚ ਥਰਮਲ ਪਲਾਂਟ ਲਈ ਜ਼ਮੀਨ ਐਕੁਆਇਰ ਕਰਨ ਲਈ 2 ਅਗਸਤ ਨੂੰ ਘਟਨਾ ਵਾਲੀ ਥਾਂ 'ਤੇ ਪਹੁੰਚ ਕੇ ਦਿੱਤੇ ਸੰਘਰਸ਼ ਦੇ ਸੱਦੇ ਨੂੰ ਤਾਰਪੀਡੋ ਕਰਨ ਲਈ ਅੱਜ ਪੰਜਾਬ ਪੁਲੀਸ ਨੇ ਰਾਜ ਨੂੰ 'ਚ ਛਾਪੇਮਾਰੀ ਕਰਕੇ ਕਿਸਾਨ ਤੇ ਮਜ਼ਦੂਰ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ 'ਪੰਜਾਬੀ ਟ੍ਰਿਬਿਊਨ' ਨੂੰ ਦੱਸਿਆ ਕਿ ਪੁਲੀਸ ਨੇ ਅੱਜ ਸਵੇਰ ਤੋਂ ਹੀ ਛਾਪਾਮਾਰੀ ਕਰਕੇ ਜ਼ਿਲ੍ਹਾ ਅਤੇ ਸਥਾਨਕ ਪੱਧਰ ਦੇ ਅਣਗਿਣਤ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਅਮੋਲਕ ਸਿੰਘ ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਨੂੰ ਜਮਹੂਰੀਅਤ 'ਤੇ ਡਾਕਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਿੰਨਾ ਮਰਜ਼ੀ ਜ਼ੁਲਮ ਕਰ ਲਵੇ, ਪਰ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਰੀ ਖੋਹਣ ਨਹੀਂ ਦਿੱਤੀਆਂ ਜਾਣਗੀਆਂ ਤੇ ਸਰਕਾਰ ਨੂੰ ਨਿੱਜੀ ਕੰਪਨੀਆਂ ਦੀ ਦਲਾਲ ਨਹੀਂ ਬਣਨ ਦਿੱਤਾ ਜਾਵੇਗਾ। ਅਮੋਲਕ ਸਿੰਘ ਨੇ ਕਿਹਾ ਕਿ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।

ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨਾਂ ਨਿਰਭੈ ਸਿੰਘ ਢੁੱਡੀਕੇ ਅਤੇ ਤਰਸੇਮ ਪੀਟਰ ਨੇ ਕਿਹਾ ਕਿ ਪ੍ਰਾਈਵੇਟ ਕੰਪਨੀ ਨੂੰ ਥਰਮਲ ਪਲਾਂਟ ਲਗਾਉਣ ਲਈ ਕਿਸਾਨਾਂ ਦੇ ਜ਼ਬਰੀ ਉਜਾੜੇ ਦਾ ਸਰਕਾਰ ਨੇ ਦਮਨ-ਚੱਕਰ ਚਲਾਇਆ ਹੋਇਆ ਹੈ। ਉਜਾੜੇ ਦਾ ਵਿਰੋਧ ਕਰ ਰਹੇ ਮਾਲਕ ਕਿਸਾਨਾਂ, ਔਰਤਾਂ, ਬੱਚੇ-ਬੁੱਢੇ ਪੁਲੀਸ ਦੇ ਜ਼ਬਰ ਦਾ ਸ਼ਿਕਾਰ ਹੋ ਰਹੇ ਹਨ ਅਤੇ ਜੇਲ੍ਹਾਂ ਵਿੱਚ ਬੰਦ ਹਨ। 17 ਕਿਸਾਨ-ਮਜ਼ਦੂਰ ਜੱਥੇਬੰਦੀਆਂ ਨੇ ਉਜਾੜੇ ਵਿਰੁੱਧ 2 ਅਗਸਤ ਨੂੰ ਮਾਲਵੇ ਦੇ ਕਿਸਾਨਾਂ-ਮਜ਼ਦੂਰਾਂ ਨੂੰ ਗੋਬਿੰਦਪੁਰਾ ਵੱਲ ਕੂਚ ਕਰਨ ਅਤੇ ਮਾਝੇ-ਦੁਆਬੇ ਦੇ ਕਿਸਾਨਾਂ-ਮਜ਼ਦੂਰਾਂ ਨੂੰ ਜ਼ਿਲ੍ਹਾ ਕੇਂਦਰਾਂ ਉਪਰ ਧਰਨੇ-ਪ੍ਰਦਰਸ਼ਨ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ, ਜਿਸ ਨੂੰ ਅਸਫ਼ਲ ਕਰਨ ਲਈ 'ਰਾਜ ਨਹੀਂ ਸੇਵਾ' ਦਾ ਨਾਅਰਾ ਦੇਣ ਵਾਲੀ ਬਾਦਲ ਸਰਕਾਰ ਨੇ ਲੋਕਾਂ ਦੇ ਮਨਾਂ 'ਚ ਦਹਿਸ਼ਤ ਪਾਉਣ ਲਈ ਛਾਪੇਮਾਰੀਆਂ-ਗ੍ਰਿਫ਼ਤਾਰੀਆਂ ਦਾ ਚੱਕਰ ਚਲਾਇਆ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਦਮਨ-ਚੱਕਰ ਦੇ ਬਾਵਜੂਦ 'ਜਿੱਥੇ ਜ਼ਬਰ ਹੈ ਉੱਥੇ ਟਾਕਰਾ ਹੈ' ਦੇ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਗੋਬਿੰਦਪੁਰਾ ਦੇ ਕਿਸਾਨਾਂ ਦਾ ਜ਼ਬਰੀ ਉਜਾੜਾ ਬੰਦ ਕਰਾਉਣ ਅਤੇ ਗ੍ਰਿਫ਼ਤਾਰ ਕਿਸਾਨ ਮਰਦਾਂ-ਔਰਤਾਂ, ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਮਾਲਵੇ ਦੇ ਕਿਸਾਨ-ਮਜ਼ਦੂਰ 17 ਜੱਥੇਬੰਦੀਆਂ ਦੀ ਅਗਵਾਈ ਹੇਠ ਗੋਬਿੰਦਪੁਰੇ ਨੂੰ ਹਰ ਹਾਲ ਵਿੱਚ ਕੂਚ ਕਰਨਗੇ ਅਤੇ ਮਾਝੇ-ਦੁਆਬੇ 'ਚ ਜ਼ਿਲ੍ਹਾ ਕੇਂਦਰਾਂ ਉਪਰ ਧਰਨੇ-ਪ੍ਰਦਰਸ਼ਨ ਕਰਨਗੇ।

## ਢਾਂਡਾ ਵੱਲੋਂ ਪੀ.ਪੀ.ਐਸ.ਸੀ. ਦੇ ਚੇਅਰਮੈਨ ਵਜੋਂ ਸਹੁੰ ਚੁੱਕਣ 'ਤੇ ਹਾਈ ਕੋਰਟ ਨੇ ਰੋਕ ਲਾਈ

ਚੰਡੀਗੜ੍ਹ, (ਨਦਬ) : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਹਰੀਸ਼ ਢਾਂਡਾ ਦੀ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਦੇ ਚੇਅਰਮੈਨ ਵਜੋਂ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਜਨਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਹੇਮੰਤ ਗੁਪਤਾ, ਜਸਟਿਸ ਪ੍ਰਮੋਦ ਕੋਹਲੀ ਅਤੇ ਜਸਟਿਸ ਕੇ.ਕਾਨਨ ਉਤੇ ਆਧਾਰਤ ਬੈਂਚ ਨੇ ਪੰਜਾਬ ਸਰਕਾਰ ਨੂੰ ਹਰੀਸ਼ ਢਾਂਡਾ ਦੀ ਸਹੁੰ ਚੁਕਾਉਣ ਦੀ ਰਸਮ ਉਤੇ ਰੋਕ ਲਾਉਣ ਦੇ ਹੁਕਮ ਦਿੱਤੇ ਹਨ। ਚਾਰ ਘੰਟਿਆਂ ਤੋਂ ਵੀ ਵੱਧ ਸਮੇਂ ਲਈ ਚੱਲੀ ਭਖਵੀਂ ਬਹਿਸ ਨੂੰ ਸਿਰੇ ਚਾੜ੍ਹਦਿਆਂ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਬੁਲਾਏ ਪੰਜਾਬ ਸਰਕਾਰ ਦੇ ਸੀਨੀਅਰ ਵਕੀਲ ਪੀ.ਪੀ. ਰਾਓ ਨੇ ਬੈਂਚ ਦੇ ਸਾਹਮਣੇ ਪੰਜਾਬ ਸਰਕਾਰ ਵੱਲੋਂ 13 ਜੁਲਾਈ ਨੂੰ ਹਾਈ ਕੋਰਟ ਵਿਚ ਦਿੱਤਾ ਗਿਆ ਬਿਆਨ ਵਾਪਸ ਲੈਣ ਲਈ ਬੇਨਤੀ ਕੀਤੀ ਤਾਂ ਬੈਂਚ ਨੇ ਪੰਜਾਬ ਸਰਕਾਰ ਨੂੰ ਹਰੀਸ਼ ਢਾਂਡਾ ਨੂੰ ਸਹੁੰ ਚੁਕਾਉਣ ਦੀ ਰਸਮ ਉਤੇ ਰੋਕ ਲਾ ਦਿੱਤੀ। 13 ਜੁਲਾਈ ਨੂੰ ਸੁਣਵਾਈ ਦੌਰਾਨ ਅਦਾਲਤ ਦਾ ਰੁਖ਼ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿਚ ਇਹ ਬਿਆਨ ਦਿੱਤਾ ਗਿਆ ਸੀ ਕਿ ਅਦਾਲਤ ਦੀ ਮਨਜ਼ੂਰੀ ਮਿਲਣ ਤਕ ਸਹੁੰ ਚੁਕਾਉਣ ਦਾ ਸਮਾਗਮ ਮੁਲਤਵੀ ਕਰ ਦਿੱਤਾ ਗਿਆ ਹੈ।

# ਯੇਡੀਯੂਰੱਪਾ ਨੂੰ ਦੇਣਾ ਹੀ ਪਿਆ ਅਸਤੀਫਾ

## ਭਾਜਪਾ ਹਾਈ ਕਮਾਨ ਨੂੰ ਆਇਆ ਸੁੱਖ ਦਾ ਸਾਹ

ਬੰਗਲੌਰ, (ਨਦਬ) : ਕਰਨਾਟਕ ਦੇ ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਨੇ ਅਸਤੀਫਾ ਦੇ ਦਿੱਤਾ, ਜੋ ਰਾਜਪਾਲ ਨੇ ਪ੍ਰਵਾਨ ਕਰ ਲਿਆ। ਗੈਰ ਕਾਨੂੰਨੀ ਢੰਗ ਨਾਲ ਖਣਨ ਕੀਤੇ ਜਾਣ ਦੇ ਘੁਟਾਲੇ 'ਚ ਲੋਕਪਾਲ ਵੱਲੋਂ ਦੋਸ਼ੀ ਕਹੇ ਜਾਣ ਮਗਰੋਂ ਯੇਡੀਯੁਰੱਪਾ ਦੇ ਅਸਤੀਫੇ ਨੂੰ ਲੈ ਕੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਪਿਛਲੇ ਤਿੰਨ ਦਿਨਾਂ ਤੋਂ ਫਿਕਰਮੰਦ ਸੀ। ਨਾਟਕੀ ਅੰਦਾਜ਼ ਵਿਚ ਯੇਡੀਯੁਰੱਪਾ ਮੰਤਰੀਆਂ ਤੇ 60 ਤੋਂ ਵੱਧ ਆਪਣੇ ਵਫਾਦਾਰ ਵਿਧਾਇਕਾਂ ਨਾਲ ਰਾਜ ਭਵਨ ਗਏ ਤੇ ਆਪਣਾ ਅਸਤੀਫਾ ਰਾਜਪਾਲ ਐਚ.ਆਰ. ਭਾਰਦਵਾਜ ਨੂੰ ਸੌਂਪਿਆ। ਉਨ੍ਹਾਂ ਨੇ 38 ਮਹੀਨੇ ਰਾਜ ਕੀਤਾ। ਰਾਜ ਭਵਨ ਤੋਂ ਬਾਹਰ ਆ ਕੇ ਯੇਡੀਯੂਰੱਪਾ ਨੇ ਐਲਾਨ ਕੀਤਾ ਕਿ ਉਹ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦਿਆਂ, "ਬਿਨਾਂ ਕਿਸੇ ਝਿਜਕ ਦੇ" ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਅਨੁਸ਼ਾਸਨਬੱਧ ਸੈਨਿਕ ਵਾਂਗ ਉਹ ਪਾਰਟੀ ਦੀ ਹਾਈ ਕਮਾਨ ਦੇ ਫੈਸਲੇ ਅੱਗੇ ਝੁਕਦਿਆਂ ਮੁੱਖ ਮੰਤਰੀ ਦਾ ਅਹੁਦਾ ਛੱਡ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਐਵੇਂ ਹੀ ਫਸਾਇਆ ਗਿਆ ਹੈ ਤੇ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਕੁਰਬਾਨੀ ਪਾਰਟੀ ਤੋਂ ਵੱਡੀ ਨਹੀਂ ਹੈ। ਯੇਡੀਯੁਰੱਪਾ ਨੇ ਪਹਿਲਾਂ ਬੜੀ ਸਖ਼ਤ ਬਾਗੀ ਸੁਰ ਅਪਣਾਈ ਰੱਖੀ ਸੀ ਤੇ ਅੰਤ ਤਕ ਪਾਰਟੀ ਹਾਈ ਕਮਾਨ ਦਾ ਸਾਹ ਸੁਕਾਈ ਰੱਖਿਆ ਸੀ। ਉਹਦੀ ਮੰਗ ਸੀ ਕਿ ਉਹਦੇ ਅਸਤੀਫੇ ਤੋਂ ਪਹਿਲਾਂ ਪਾਰਟੀ ਉਹਦੀ ਪਸੰਦ ਦੇ ਮੁੱਖ ਮੰਤਰੀ ਦਾ ਐਲਾਨ ਕਰੇ। ਇਸ ਆਗੂ ਨੇ ਕਿਹਾ ਕਿ ਹਾਲਾਂਕਿ ਉਨ੍ਹਾਂ ਦੀ ਸਰਕਾਰ ਨੇ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ, ਸਾਂਭਣ ਲਈ ਇਮਾਨਦਾਰੀ ਨਾਲ ਕੰਮ ਕੀਤਾ ਸੀ, ਪਰ ਫਿਰ ਵੀ ਉਹਦੇ ਵਿਰੁੱਧ ਦੋਸ਼ ਲਾ ਦਿੱਤੇ ਗਏ। ਉਹ ਲੋਕਆਯੁਕਤ ਸੰਤੋਸ਼ ਹੈਗੜੇ ਵੱਲੋਂ ਉਨ੍ਹਾਂ ਨੂੰ ਆਪਣੀ ਰਿਪੋਰਟ 'ਚ ਦੋਸ਼ੀ ਕਹੇ ਜਾਣ ਦੇ ਸੰਦਰਭ 'ਚ ਬੋਲ ਰਹੇ ਸਨ। ਰਾਜ ਭਵਨ ਤੋਂ ਜਾਰੀ ਇਕ ਸੁਨੇਹੇ ਅਨੁਸਾਰ ਯੇਡੀਯੁਰੱਪਾ ਦਾ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ, ਪਰ ਰਾਜਪਾਲ ਨੇ ਉਨ੍ਹਾਂ ਨੂੰ ਅਗਲੇ ਪ੍ਰਬੰਧ ਹੋਣ ਤਕ ਅਹੁਦੇ 'ਤੇ ਰਹਿ ਕੇ ਸਰਕਾਰ ਚਲਾਉਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਦਿਨੇ ਇਸ ਸਾਰੇ ਡਰਾਮੇ ਦਾ ਆਗਾਜ਼ ਯੇਡੀਯੁਰੱਪਾ ਨੇ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੂੰ ਆਪਣਾ ਅਸਤੀਫਾ ਪੱਤਰ ਫੈਕਸ ਕਰਕੇ ਕੀਤਾ, ਜਿਸ ਨਾਲ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਥੋੜ੍ਹਾ ਸੁੱਖ ਦਾ ਸਾਹ ਆ ਗਿਆ ਜੋ ਤਿੰਨ ਦਿਨਾਂ ਤੋਂ ਸੰਸੇ 'ਚ ਸੀ।



ਸ਼੍ਰੋਮਣੀ ਕਮੇਟੀ ਚੋਣਾਂ

# ਮਾਨ ਨੂੰ ਛੱਡ ਕੇ ਬਾਦਲ ਵਿਰੋਧੀ ਸਾਰੇ ਪੰਥਕ ਧੜੇ ਇਕ ਮੰਚ 'ਤੇ ਆਏ

## *ਇਕ ਹਲਕੇ 'ਚ ਇਕ ਹੀ ਉਮੀਦਵਾਰ ਖੜ੍ਹਾ ਕਰਨ ਦਾ ਐਲਾਨ*

ਚੰਡੀਗੜ੍ਹ, (ਨਦਬ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਟੱਕਰ ਦੇਣ ਲਈ ਵਿਰੋਧੀ ਪੰਥਕ ਧਿਰਾਂ ਇਕ ਮੰਚ 'ਤੇ ਆ ਗਈਆਂ ਹਨ। ਸੱਤ ਪੰਥਕ ਧਿਰਾਂ ਨੇ ਅੱਜ ਚੰਡੀਗੜ੍ਹ ਵਿੱਚ ਇਕੱਤਰਤਾ ਕਰਕੇ ਬਾਦਲ ਦਲ ਵਿਰੁੱਧ ਹਰੇਕ ਸੀਟ 'ਤੇ ਸਾਂਝਾ ਉਮੀਦਵਾਰ ਖੜ੍ਹਾ ਕਰਨ ਦਾ ਫੈਸਲਾ ਲਿਆ ਹੈ। ਇਸ ਏਕੇ ਨੂੰ ਪੰਥਕ ਮੋਰਚੇ ਦਾ ਨਾਂ ਦਿੱਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਅੱਜ ਇਕੱਠ ਵਿੱਚ ਜਿਨ੍ਹਾਂ ਪੰਥਕ ਧਿਰਾਂ ਨੇ ਸ਼ਮੂਲੀਅਤ ਕੀਤੀ, ਉਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਅਕਾਲੀ ਦਲ (1920), ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ (ਦਿੱਲੀ), ਖਾਲਸਾ ਐਕਸ਼ਨ ਕਮੇਟੀ, ਸੁਤੰਤਰ ਯੂਥ ਅਕਾਲੀ ਦਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਿੰਨੇ ਧੜੇ ਅਤੇ ਹਰਿਆਣਾ ਤੋਂ ਸਿੱਖ ਨੇਤਾ ਦੀਦਾਰ ਸਿੰਘ ਨਲਵੀ ਅਤੇ ਜਗਦੀਸ਼ ਸਿੰਘ ਝੀਂਡਾ ਦੇ ਨਾਂ ਦੱਸੇ ਗਏ ਹਨ।

ਮੀਟਿੰਗ ਵਿੱਚ ਚੋਣਾਂ ਲੜਨ ਵਾਸਤੇ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਵਿੱਚ ਭਾਈ ਮੋਹਕਮ ਸਿੰਘ, ਹਰਪਾਲ ਸਿੰਘ ਚੀਮਾ, ਬਲਦੇਵ ਸਿੰਘ ਮਾਨ, ਜਸਵਿੰਦਰ ਸਿੰਘ ਬਲੀਏਵਾਲ, ਦਰਸ਼ਨ ਸਿੰਘ ਈਸਾਪੁਰ, ਦੀਦਾਰ ਸਿੰਘ ਨਲਵੀ ਅਤੇ ਫੈਡਰੇਸ਼ਨ ਵੱਲੋਂ ਪੀਰ ਮੁਹੰਮਦ, ਭੋਮਾ ਤੇ ਪਰਮਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਚੋਣਾਂ ਨਾਲ ਸਬੰਧਤ ਸਾਰੇ ਫੈਸਲੇ ਲਵੇਗੀ, ਇਸ ਵਿੱਚ ਮੁੱਖ ਤੌਰ 'ਤੇ ਉਮੀਦਵਾਰਾਂ ਦੀ ਚੋਣ ਸ਼ਾਮਲ ਹੈ। ਪਤਾ ਲੱਗਿਆ ਹੈ ਕਿ ਏਕੇ ਵਿੱਚ ਸ਼ਾਮਲ ਵੱਖ ਵੱਖ ਧਿਰਾਂ ਵੱਲੋਂ ਇਸ ਕਮੇਟੀ ਨੂੰ ਆਪਣੇ ਉਮੀਦਵਾਰਾਂ ਅਤੇ ਮਨਪਸੰਦ ਹਲਕਿਆਂ ਦੀ ਸੂਚੀ ਦਿੱਤੀ ਜਾਵੇਗੀ, ਉਸ ਸੂਚੀ ਨੂੰ ਸਾਹਮਣੇ ਰੱਖ ਕੇ ਵੱਧ ਵੋਟਾਂ ਲੈਣ ਜਾਂ ਜਿੱਤਣ ਦੀ ਸਮਰੱਥਾ ਰੱਖਣ ਵਾਲੇ ਉਮੀਦਵਾਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ।

ਮੀਟਿੰਗ ਵਿੱਚ ਇਹ ਗੱਲ ਵੀ ਤੁਰੀ ਕਿ ਸਿਮਰਨਜੀਤ ਸਿੰਘ ਮਾਨ ਨਾਲ ਵੀ ਏਕੇ ਦੀ ਗੱਲ ਚਲਾਈ ਜਾਵੇ ਪਰ ਉਸ ਦੀ ਖ਼ਾਲਿਸਤਾਨ ਦੀ ਮੰਗ ਕਰਕੇ ਕਈ ਤਰ੍ਹਾਂ ਦੀਆਂ ਅੜਚਣਾਂ ਪੈਂਦੀਆਂ ਰਹੀਆਂ। ਸੰਤ ਸਮਾਜ ਦੇ ਬਾਬਾ ਸਰਬਜੋਤ ਸਿੰਘ ਬੇਦੀ ਦਾ ਆਸ਼ੀਰਵਾਦ ਵੀ ਇਸ ਧੜੇ ਨਾਲ ਹੀ ਦੱਸਿਆ ਜਾ ਰਿਹਾ ਹੈ। ਇਹ ਵੀ ਫੈਸਲਾ ਲਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਸਾਰੀਆਂ ਪੰਥਕ ਧਿਰਾਂ ਵੱਲੋਂ ਇਕ ਹੀ ਸਾਂਝਾ ਉਮੀਦਵਾਰ ਮੈਦਾਨ ਵਿੱਚ ਉਤਾਰਿਆ ਜਾਵੇ। ਉਂਝ ਬਾਦਲ ਵਿਰੋਧੀ ਪੰਥਕ ਧਿਰ ਦਾ ਇਕ ਹੀ ਸਾਂਝਾ ਉਮੀਦਵਾਰ ਹੋਣ ਦੇ ਬਾਵਜੂਦ ਪਾਰਟੀਆਂ ਵੱਲੋਂ ਆਪੋ ਆਪਣੇ ਚੋਣ ਨਿਸ਼ਾਨ 'ਤੇ ਲੜਨ ਲਈ ਕਾਫੀ ਸਮਾਂ ਵਿਚਾਰ ਚਰਚਾ ਜ਼ਰੂਰ ਹੁੰਦੀ ਰਹੀ।

ਦੱਸਿਆ ਜਾਂਦਾ ਹੈ ਕਿ ਪੰਥਕ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਬਾਦਲ ਦਲ ਨੂੰ ਹਾਰ ਦੇਣ ਲਈ ਹਰ ਤਰ੍ਹਾਂ ਦਾ ਤਿਆਗ ਕਰਨ ਦੀ ਪੇਸ਼ਕਸ਼ ਕੀਤੀ। ਸਭ ਨੇ ਇੱਕ ਮੱਤ ਹੁੰਦਿਆਂ ਕਿਹਾ ਕਿ ਗੁਰਦੁਆਰਿਆਂ ਅਤੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਦੀ ਚੁੰਗਲ ਵਿੱਚੋਂ ਕੱਢਿਆ ਜਾਵੇ। ਹਰਿਆਣਾ ਦੇ ਸਿੱਖ ਨੇਤਾ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਕਮੇਟੀ ਚੋਣਾਂ ਵਿੱਚ ਬਾਦਲ ਦੇ ਉਮੀਦਵਾਰਾਂ ਨੂੰ ਹਰਾ ਕੇ ਰਾਜ ਵਿੱਚ ਵੱਖਰੀ ਕਮੇਟੀ ਲਈ ਫ਼ਤਵਾ ਦਿੱਤਾ ਜਾਵੇਗਾ। ਦੀਦਾਰ ਸਿੰਘ ਨਲਵੀ ਨੇ ਸ਼੍ਰੋਮਣੀ ਅਕਾਲੀ ਦਲ ਦਾ ਕਮੇਟੀ ਤੋਂ ਕਬਜ਼ਾ ਖ਼ਤਮ ਕਰਨ ਲਈ ਹਰ ਹੀਲਾ ਵਰਤਣ 'ਤੇ ਜ਼ੋਰ ਦਿੱਤਾ। ਮੀਟਿੰਗ ਦੌਰਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਰਨੈਲ ਸਿੰਘ ਪੀਰ ਮੁਹੰਮਦ, ਅਮਰਜੀਤ ਸਿੰਘ ਭੋਮਾ ਅਤੇ ਪਰਮਜੀਤ ਸਿੰਘ ਸਮੇਤ ਪਰਮਜੀਤ ਸਿੰਘ ਸਹੋਲੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਅਕਾਲੀ ਦਲ (1920) ਵੱਲੋਂ ਰਜਿੰਦਰ ਸਿੰਘ ਬਡਹੇੜੀ ਤੇ ਦਰਸ਼ਨ ਸਿੰਘ ਈਸਾਪੁਰ ਅਤੇ ਦਿੱਲੀ ਅਕਾਲੀ ਦਲ ਵੱਲੋਂ ਜਸਵਿੰਦਰ ਸਿੰਘ ਬਲੀਏਵਾਲ ਨੇ ਏਕੇ 'ਤੇ ਮੋਹਰ ਲਾਈ। ਅਕਾਲੀ ਦਲ (ਲੌਂਗੋਵਾਲ) ਦੇ ਨੁਮਾਇੰਦੇ ਬਲਦੇਵ ਸਿੰਘ ਮਾਨ ਨੇ ਏਕੇ ਲਈ ਮੋਹਰੀ ਭੂਮਿਕਾ ਨਿਭਾਈ ਹੈ।

ਅਕਾਲੀ ਦਲ (1920) ਦੇ ਜਨਰਲ ਸਕੱਤਰ ਰਜਿੰਦਰ ਸਿੰਘ ਬਡਹੇੜੀ ਨੇ ਕਿਹਾ ਹੈ ਕਿ ਪੰਥਕ ਧਿਰਾਂ ਨੇ ਟਰੱਕ ਚੋਣ ਨਿਸ਼ਾਨ 'ਤੇ ਚੋਣ ਲੜਨ ਦੀ ਸਹਿਮਤੀ ਦੇ ਦਿੱਤੀ ਹੈ ਪਰ ਇਸ ਦੀ ਦੂਜੇ ਮੈਂਬਰਾਂ ਵੱਲੋਂ ਪੁਸ਼ਟੀ ਨਹੀਂ ਹੋ ਸਕੀ।






# ਨਵੇਂ ਰਾਸ਼ਟਰ ਦੱਖਣੀ ਸੂਡਾਨ ਦਾ ਜਨਮ



9 ਜੁਲਾਈ 2011 ਨੂੰ ਦੁਨੀਆ ਦੇ ਨਵੇਂ ਰਾਸ਼ਟਰ ਦੱਖਣੀ ਸੂਡਾਨ ਦਾ ਜਨਮ ਹੋਇਆ, ਜਿਸ ਨੇ ਅਫਰੀਕਾ ਦੇ ਵਿਸ਼ੇਸ਼ ਭੂ ਖੰਡ ਵਿਚ ਆਪਣੀ ਜਗ੍ਹਾ ਬਣਾਈ। ਜਿਉਂ ਹੀ ਸਲਵਾ ਕੀਰ ਪਾਇਰਡਿਟ ਨੇ ਗਣਤੰਤਰ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਤਾਂ ਨਾ ਕੇਵਲ ਨਵੇਂ ਰਾਸਟਰ ਦਾ ਆਪਣੇ ਸੁਤੰਤਰਤਾ ਸੰਗਰਾਮ ਲਈ ਸਿਰ ਝੁਕਿਆ ਸਗੋਂ ਉਸ ਨੇ ਉਨ੍ਹਾਂ ਦੋ ਲੱਖ ਤੋਂ ਵੱਧ ਲੋਕਾਂ ਲਈ ਉਦਾਸੀ ਵੀ ਜ਼ਾਹਿਰ ਕੀਤੀ, ਜਿਨ੍ਹਾਂ ਨੇ ਇਸ ਲਹਿਰ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦਿਤੀ। ਉਸ ਦਿਨ ਬਹੁਤਿਆਂ ਦੀਆਂ ਅੱਖਾਂ ਵਿਚ ਅੱਥਰੂ ਸਨ।

ਰਾਸ਼ਟਰਵਾਦ ਦਾ ਰਾਹ ਅਸਾਨ ਨਹੀਂ ਸੀ, ਸੁਤੰਤਰਤਾ ਉਸ ਘਮਸਾਨ ਤੋਂ ਮਗਰੋਂ ਹਾਸਲ ਹੋਈ ਜਿਹੜਾ ਜ਼ੁਲਮ ਦੇ ਲਿਹਾਜ ਨਾਲ ਲਗਭਗ ਮੱਧਯੁਗੀ ਸੀ। ਇਤਿਹਾਸਿਕ ਪੱਖੋਂ ਸੁਡਾਨ 19ਵੀਂ ਸਦੀ ਤਕ ਤੁਰਕੀ ਅਤੇ ਮਿਸਰ ਨਾਲ ਜੁੜਿਆ ਰਿਹਾ ਜਦੋਂ ਤਕ ਅੰਗਰੇਜ਼ਾਂ ਨੇ ਇਸ ਨੂੰ ਜਿੱਤ ਨਹੀਂ ਲਿਆ। ਇਸ ਤੋਂ ਮਗਰੋਂ ਮਿਸਰ ਤੇ ਬਰਤਾਨੀਆਂ ਨੇ ਇਸ ਉਪਰ ਸਾਂਝੇ ਤੌਰ ’ਤੇ ਰਾਜ ਕੀਤਾ। 1946 ਵਿਚ ਉਤਰੀ ਤੇ ਦੱਖਣੀ ਸੁਡਾਨ ਮਿਲਾ ਦਿਤੇ ਗਏ। ਦੱਖਣੀ ਸੂਡਾਨ ਵਾਸੀਆਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਉਹ ਈਸਾਈ ਘੱਟ ਗਿਣਤੀ ਸਨ ਤੇ ਅਰਬਾਂ ਦੀ ਸਭਿਆਚਾਰਕ ਪ੍ਰਭੁਤਾ ਦੇ ਥੱਲੇ ਦਬ ਜਾਣ ਤੋਂ ਭੈਅ ਖਾਂਦੇ ਸਨ। ਅੰਦਰੂਨੀ ਤਣਾਅ ਸਿਖਰ ’ਤੇ ਪੁੱਜ ਗਿਆ ਜਦੋਂ 1956 ਵਿਚ ਸੂਡਾਨ ਆਜ਼ਾਦ ਹੋਇਆ ਅਤੇ ਉਤਰੀ ਸੂਡਾਨ ਨੂੰ ਧੋਖੇ ਵਿਚ ਰਖਿਆ ਗਿਆ। ਦੱਖਣ ਦੇ ਸਾਰੇ ਮਹੱਤਵਪੂਰਨ ਤੇਲ ਖੇਤਰ ਖਰਤੂਮ ਨੂੰ ਦਿਤੇ ਗਏ, ਵਾਅਦਾ ਦੱਖਣ ਵਿਚ ਇਕ ਅਰਧ ਖੁਦਮੁਖਤਾਰ ਸੰਘੀ ਸਰਕਾਰ ਬਣਾਉਣ ਦਾ ਕੀਤਾ ਗਿਆ। ਇਸ ਤਰ੍ਹਾਂ ਦੱਖਣ ਉਪਰਾਮ ਹੋ ਗਿਆ, ਵਿਦਰੋਹ ਭੜਕ ਪਿਆ ਅਤੇ ਪਹਿਲਾ ਵਿਦਰੋਹੀ ਗਰੁੱਪ ਅਨਾਇਸਾ 1 ਦਾ ਜਨਮ ਹੋਇਆ। ਸਤਾਰਾਂ ਸਾਲ ਸੰਘਰਸ਼ ਚਲਿਆ। 1972 ਵਿਚ ਇਕ ਕੱਚਾ ਜਿਹਾ ਅਮਨ ਸਮਝੌਤਾ ਹੋਇਆ, ਜਿਹੜਾ ਫਿਰ 1983 ਵਿਚ ਅਨਿਆਨ-2 ਦੀ ਅਗਵਾਈ ਹੇਠ ਟੁੱਟ ਗਿਆ। ਕਿਉਂਕਿ ਖਰਤੂਮ ਨੇ ਬੜੀ ਨਿਰਦੈਤਾ ਨਾਲ ਦੱਖਣ ਨੂੰ ਉਪਰਾਮ ਕਰਨਾ ਜਾਰੀ ਰਖਿਆ ਹੋਇਆ ਸੀ ਇਸ ਲਈ, 'ਸੂਡਾਨ ਲੋਕ ਮੁਕਤੀ ਲਹਿਰ’ ਗਠਿਤ ਕੀਤੀ ਗਈ।

ਇਹ ਸੰਘਰਸ਼ ਵਧੇਰੇ ਖੂਨ ਖਰਾਬੇ ਵਲ ਲੈ ਤੁਰਿਆ। 'ਲੋਕ ਮੁਕਤੀ ਲਹਿਰ’ ਅੰਤ ਜੇਤੂ ਹੋ ਨਿਬੜੀ। ਪ੍ਰੰਤੂ ਕਬੀਲਿਆਂ ਅੰਦਰ ਆਪਸੀ ਸੰਘਰਸ਼ ਦੇ ਖਾਤਮੇ ਨੇ ਹੋਰ 22 ਸਾਲ ਲੈ ਲਏ, ਇਹ ਏਕਤਾ 2005 ਵਿਚ ਉਦੋਂ ਕਾਇਮ ਹੋਈ ਜਦੋਂ ਸਥਾਈ ਸ਼ਾਂਤੀ ਸਮਝੋਤਾ ਸਿਰੇ ਚੜ੍ਹਿਆ। ਦੱਖਣੀ ਸੂਡਾਨ ਹੁਣ ਇਕ ਰਾਇਸ਼ੁਮਾਰੀ ਮਗਰੋਂ ਜਿਉਂ ਦਾ ਤਿਉਂ ਰਹਿਣ ਜਾਂ ਅਲੱਗ ਹੋਣ ਦੀ ਚੋਣ ਕਰ ਸਕਦਾ ਸੀ। ਤਕਨੀਕੀ ਤੌਰ ’ਤੇ ਜੰਗ ਦਾ ਅੰਤ ਹੋ ਗਿਆ ਪਰ ਛਿਟ ਪੁਟ ਲੜਾਈਆਂ ਜਾਰੀ ਰਹੀਆਂ। ਰਾਇ ਸ਼ੁਮਾਰੀ ਇਸ ਸਾਲ ਜਨਵਰੀ ਵਿਚ ਕਰਵਾਈ ਗਈ, ਇਹ ਸੌ ਫੀਸਦੀ ਰਹੀ ਤੇ ਨਿਰਣਾ ਉਤਰ ਤੋਂ ਅਲੱਗ ਹੋਣ ਦੇ ਪੱਖ ਵਿਚ ਗਿਆ। ਦੱਖਣ ਦੇ ਦਸ ਪ੍ਰਾਂਤ, ਜਿਹੜੇ ਰਾਇ ਸ਼ੁਮਾਰੀ ਅਧੀਨ ਆਏ, ਨੇ ਹੁਣ ਨਵਾਂ ਰਾਸ਼ਟਰੀ-ਰਾਜ ਦੱਖਣੀ ਸੂਡਾਨ ਗਠਿਤ ਕਰ ਲਿਆ। ਵਾਈਟੀਲ ਕੰਢੇ ਵਸਿਆ ਸ਼ਹਿਰ ਜੂਬਾ ਨਵੀਂ ਰਾਜਧਾਨੀ ਬਣ ਗਿਆ। ਜੂਬਾ ਨੂੰ ਨਵੀਂ ਦਿਖ ਦਿਤੀ ਗਈ। ਵਲੰਟੀਅਰ ਗਲੀਆਂ ’ਚ ਕੂਚੀਆਂ ਬੁਰਸ਼ ਲੈ ਕੇ ਆ ਗਏ। ਗੋਲੀਆਂ ਨਾਲ ਛਲਣੀ ਸਟੇਡੀਅਮ ਨੂੰ ਵੀ ਰੰਗ ਰੋਗਨ ਕਰ ਦਿਤਾ।

ਜਸ਼ਨਾਂ ਦੇ ਖਾਤਮੇ ’ਤੇ ਉਸ ਦਿਨ ਦਖਣੀ ਸੁਡਾਨੀਆਂ ਨੇ ਹੋਰਨਾਂ ਲੱਖਾਂ ਸ਼ਹੀਦਾਂ ਤੋਂ ਇਲਾਵਾ ਰਾਸ਼ਟਰਵਾਦ ਲਈ ਜੂਝੇ ਇਕ ਹੋਰ ਵਿਅਕਤੀ ਨੂੰ ਵੀ ਜ਼ਰੂਰ ਯਾਦ ਕੀਤਾ ਹੋਵੇਗਾ। ਉਹ ਸੀ ਸਾਬਕਾ ਏਕੀਕ੍ਰਿਤ ਸੂਡਾਨ ਦਾ ਪ੍ਰਧਾਨ ਓਮਾਰ ਹੂਸੈਨ ਅਲ -ਬਸ਼ੀਰ, ਜਿਸ ਨੇ ਭਾਵੇਂ ਝਿਜਕਦਿਆਂ ਹੀ ਰਾਸ਼ਟਰਵਾਦ ਦੀ ਮੰਗ ਦਾ ਸਮਰਥਨ ਕੀਤਾ ਅਤੇ ਦਹਾਕਿਆਂ ਲੰਮੀ ਜੰਗ ਦਾ ਅੰਤ ਲਿਆਂਦਾ। ਠੀਕ ਹੀ ਉਹ ਆਜ਼ਾਦੀ ਦਿਹਾੜੇ ਦਾ ਮੁੱਖ ਸਤਿਕਾਰਤ ਮਹਿਮਾਨ ਸੀ।

# ਕੰਪਿਊਟਰ ਹੈਂਕਿੰਗ ਦੀ ਜਾਂਚ, ਰੁਪਰਟ ਮਰਡੋਕ ਮੁਸ਼ਕਲ ’ਚ

ਲੰਡਨ, (ਨਦਬ): ਸਕਾਟਲੈਂਡ ਯਾਰਡ ਪੁਲੀਸ ਵੱਲੋਂ ਫੋਨ ਹੈਕਿੰਗ ਦੇ ਨਾਲ-ਨਾਲ ਕੰਪਿਊਟਰ ਹੈਕਿੰਗ ਨੂੰ ਵੀ ਜਾਂਚ ਦੇ ਘੇਰੇ ’ਚ ਲਿਆਉਣ ਕਾਰਨ ਰੁਪਰਟ ਮਰਡੋਕ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਮਰਡੋਕ ਦੇ ਅਧਿਕਾਰੀਆਂ ਵੱਲੋਂ ਫੋਨ ਹੈਕਿੰਗ ਬਾਰੇ ਅਨਜਾਣ ਹੋਣ ਦੇ ਦਾਅਵੇ ਪ੍ਰਾਈਵੇਟ ਜਾਂਚਕਰਤਾ ਗਲੈਨ ਮਲਕੇਅਰ ਨੇ ਝੂਠੇ ਪਾ ਦਿੱਤੇ। ਗਲੈਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਕਰਮਚਾਰੀ ਹੁੰਦਿਆਂ ਉਸ ਨੇ ਸੀਨੀਅਰ ਅਧਿਕਾਰੀਆਂ ਦੀਆਂ ਹਦਾਇਤਾਂ ਮੁਤਾਬਕ ਕੰਮ ਕੀਤਾ। ਕਈ ਵਾਰ ਤਾਂ ਉਹ ਸਮਝਦਾ ਸੀ ਕਿ ਉਸ ਨੂੰ ਹਦਾਇਤਾਂ ਅਪਰਾਧਕ ਮਾਮਲੇ ਸੁਲਝਾਉਣ ਵਿੱਚ ਮਦਦ ਕਰਨ ਦੇ ਚਾਹਵਾਨਾਂ ਵੱਲੋਂ ਮਿਲਦੀਆਂ ਸਨ। ਉਸ ਮੁਤਾ-ਬਕ ਉਸ ਵੱਲੋਂ ਅਜਿਹੇ ਮਾਮਲਿਆਂ ਵਿੱਚ ਆਪਮੁਹਾਰੀ ਕਾਰਵਾਈ ਦੀਆਂ ਗੱਲਾਂ ਝੂਠੀਆਂ ਹਨ। ਦੂਜੇ ਪਾਸੇ ਪੁਲੀਸ ਨੇ ਕਿਹਾ ਕਿ ਫੋਨ ਹੈਕਿੰਗ ਜਾਂਚ ਦੇ ਘੇਰੇ ਤੋਂ ਬਾਹਰ ਰਹੇ ਮਸਲਿਆਂ ਦੀ ਜਾਂਚ ਲਈ ਨਵੀਂ ਟੀਮ ਬਣਾਈ ਗਈ ਸੀ। ਇਸ ਦੇ ਨਾਲ ਹੀ ਹਾਊਸ ਔਫ ਕੌਮਨਜ਼ ਦੀ ਸਭਿਆਚਾਰ, ਮੀਡੀਆ ਅਤੇ ਖੇਡ ਕਮੇਟੀ ਦੇ ਮੈਂਬਰ ਫੋਨ ਹੈਕਿੰਗ ਦੇ ਮਾਮਲੇ ਵਿੱਚ ਹੋਰ ਸਬੂਤਾਂ ਲਈ ਨਿਊਜ਼ ਇੰਟਰਨੈਸ਼ਨਲ ਦੇ ਚੇਅਰਮੈਨ ਜੇਮਜ਼ ਮਰਡੋਕ ਨੂੰ ਦੁਬਾਰਾ ਬੁਲਾਉਣ ਦੇ ਵਿਰੁੱਧ ਭੁਗਤੇ ਹਨ। ਗ਼ੌਰਤਲਬ ਹੈ ਕਿ ਇਸ ਮਸਲੇ ਨੂੰ ਸਾਹਮਣੇ ਲਿਆਉਣ ਵਿੱਚ ਮੋਹਰੀ ਰਿਹਾ ਲੇਬਰ ਐਮ.ਪੀ. ਟੌਮ ਵਾਟਸਨ ਚਾਹੁੰਦਾ ਸੀ ਕਿ ਮਰਡੋਕ ਅਤੇ ’ਨਿਊਜ਼ ਆਫ ਦਿ ਵਰਲਡ’ ਦੇ ਦੋ ਸਾਬਕਾ ਅਧਿਕਾਰੀ ਕਮੇਟੀ ਅੱਗੇ ਪੇਸ਼ ਹੋਣ।

# ਅਮਰੀਕਾ ਵੱਲੋਂ ਫਾਈ ਦਾ ਮਕਾਨ ਜ਼ਬਤ ਕਰਨ ਲਈ ਕਾਰਵਾਈ ਸ਼ੁਰੂ

ਵਾਸ਼ਿੰਗਟਨ, (ਨਦਬ): ਅਮਰੀਕਾ ਸਰਕਾਰ ਨੇ ਕਸ਼ਮੀਰੀ ਵੱਖਵਾਦੀ ਗੁਲਾਬ ਨਬੀ ਫਾਈ ਦੇ ਤਿੰਨ ਕਰੋੜ ਰੁਪਏ ਦੇ ਮਕਾਨ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਫਾਈ ’ਤੇ ਦੋਸ਼ ਹੈ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਤੋਂ ਮਿਲਦੇ ਫੰਡਾਂ ਰਾਹੀਂ ਕਸ਼ਮੀਰ ਮੁੱਦੇ ’ਤੇ ਅਮਰੀਕੀ ਸੰਸਦ ਮੈਂਬਰਾਂ ਨੂੰ ਪ੍ਰਭਾਵਿਤ ਕਰਦਾ ਸੀ, ਇਸ ਤੋਂ ਇਲਾਵਾ ਉਸ ’ਤੇ ਨਾਜਾਇਜ਼ ਢੰਗ ਨਾਲ ਵਿਦੇਸ਼ ਤੋਂ ਪੈਸਾ ਹਾਸਲ ਕਰਨ ਦੇ ਦੋਸ਼ ਵੀ ਹਨ। ਕਸ਼ਮੀਰੀ ਅਮਰੀਕੀ ਕੌਂਸਲ ਦੇ ਮੁਖੀ 62 ਸਾਲਾ ਫਾਈ ਦਾ ਮਕਾਨ ਵਾਸ਼ਿੰਗਟਨ ਦੇ ਵਧੀਆ ਮੰਨੇ ਜਾਂਦੇ ਬਾਹਰੀ ਖੇਤਰ ਵਿਚ ਸਥਿਤ ਹੈ ਜਿਸ ਦੀ ਕੀਮਤ 7 ਲੱਖ ਅਮਰੀਕੀ ਡਾਲਰ (ਲਗਪਗ 3 ਕਰੋੜ ਰੁਪਏ) ਤੋਂ ਵੱਧ ਮੰਨੀ ਗਈ ਹੈ। ਆਈ.ਐਸ.ਆਈ. ਦੇ ਅਣ-ਰਜਿਸਟਰਡ ਏਜੰਟ ਵਜੋਂ ਕੰਮ ਕਰਨ ਵਾਲੇ ਫਾਈ ਨੂੰ ਘਰ ਵਿਚ ਨਜ਼ਰਬੰਦ ਕੀਤਾ ਹੋਇਆ ਹੈ ਤੇ ਉਸ ’ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਫਾਈ ਦੀ ਨਿਗਰਾਨੀ ਲਈ ਇਲੈਕਟ੍ਰਾਨਿਕ ਯੰਤਰਾਂ ਦੀ ਵੀ ਮਦਦ ਲਈ ਜਾ ਰਹੀ ਹੈ। ਅਮਰੀਕੀ ਅਸਿਸਟੈਂਟ ਅਟਾਰਨੀ ਗੋਰਡਨ ਕਰੋਮਬਰਗ ਨੇ ਹਾਲ ਹੀ ਵਿਚ ਵਰਜੇ ਨੇਆ ਦੀ ਜ਼ਿਲ੍ਹਾ ਅਦਾਲਤ ਵਿਚ ਦੱਸਿਆ ਸੀ ਕਿ ਸਰਕਾਰ ਨੇ ਫਾਈ ਦੇ ਮਕਾਨ ਨੂੰ ਜ਼ਬਤ ਕਰਨ ਦਾ ਫੈਸਲਾ ਕੀਤਾ ਹੈ।


**Asian Western Grocery Store**

**8324 - 160 Ave. Edmonton, AB. T5Z 3P1**

NOW OPEN

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call

Balraj @

**780-756-2225**

**780-660-2061**

ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

## ਸੰਪਾਦਕੀ

# ਪੰਜਾਬ ਦੀ ਸਥਾਪਤੀ ਪੱਖੀ ਬੌਧਿਕਤਾ ਦਾ ਦੁਖਾਂਤ

ਪੰਜਾਬ ਦੀ ਬੌਧਿਕ-ਧਾਰਾ 'ਤੇ ਸਰਸਰੀ ਨਜ਼ਰ ਵੀ ਦੁੜਾਈ ਜਾਵੇ ਤਾਂ ਪ੍ਰਭਾਵ ਕਾਫੀ ਉਤਸ਼ਾਹਜਨਕ ਪੈਂਦਾ ਹੈ। ਪ੍ਰਾਚੀਨ ਕਾਲ ਵਿਚ ਬੌਧਿਕਤਾ ਦੇ ਧਰਾਤਲ 'ਤੇ ਜੋ ਕੁਝ ਵਾਪਰਿਆ ਉਹ ਉਂਜ ਹੀ ਬੜਾ ਮਨਮੋਹਕ ਹੈ। ਪੰਜਾਬ ਦੇ ਦਰਿਆਵਾਂ ਕੰਢੇ ਸਭਿਆਤਾਵਾਂ ਦਾ ਜਨਮ ਲੈਣਾ ਤੇ ਵਿਕਾਸ ਦੀਆਂ ਸ਼ਿਖਰਾਂ ਛੂਹਣਾ ਮਨ ਨੂੰ ਟੁੰਬਦਾ ਹੈ। ਮੱਧਕਾਲੀਨ ਭਾਰਤ ਦਾ ਸਭਿਆਚਾਰ ਤਾਂ ਸਾਡੀ ਬੌਧਿਕਤਾ ਦੀ ਅਮੀਰੀ ਦਾ ਇਕ ਦਰਪਣ ਹੀ ਹੈ। ਇਸ ਸਮੇਂ ਦੌਰਾਨ ਭਾਰਤੀ ਸਾਹਿਤ ਦਾ ਵਿਕਾਸ ਆਪਣੀ ਚਰਮ ਸੀਮਾਂ ਉਪਰ ਪਹੁੰਚ ਗਿਆ ਦਿਖਾਈ ਦਿੰਦਾ ਹੈ। ਪੰਜਾਬੀ ਸਾਹਿਤ ਵਿਚ ਵੀ ਮੱਧਕਾਲ ਦਾ ਸਾਹਿਤ ਵਿਸ਼ਵ ਚੇਤਨਾ ਨੂੰ ਸਮਾਉਂਦਾ ਨਜ਼ਰ ਆਉਂਦਾ ਹੈ।

ਉਹ ਕਿਹੜੀ ਗੱਲ ਹੈ ਜੋ ਪੰਜਾਬ ਦੀ ਬੌਧਿਕ ਧਾਰਾ ਨੂੰ ਪ੍ਰਬਲਤਾ ਬਖ਼ਸ਼ਦੀ ਹੈ? ਇਹ ਪ੍ਰਬਲਤਾ ਦਰਅਸਲ ਉਸ ਪਹੁੰਚ ਦਾ ਸਿੱਟਾ ਹੈ, ਜੋ ਸਮੁੱਚੀ ਪੰਜਾਬੀ ਬੌਧਿਕ ਧਾਰਾ ਦੇ ਪਿਛੋਕੜ ਵਿਚ ਪਈ ਹੈ  ਤੇ ਇਹੋ ਪਹੁੰਚ ਜਾਂ ਦ੍ਰਿਸ਼ਟੀ ਮੱਧਕਾਲ ਤੋਂ ਮਗਰੋਂ ਆਧੁਨਿਕ ਕਾਲ ਵਿਚ ਵੀ ਕਾਫ਼ੀ ਬਲਵਾਨ ਬਣੀ ਰਹੀ। ਇਹ ਪਹੁੰਚ ਜਾਂ ਦ੍ਰਿਸ਼ਟੀ ਹੈ ਸਥਾਪਤੀ ਦਾ ਵਿਰੋਧ। ਸਥਾਪਤੀ ਜੋ ਜੀਵਨ ਵਿਚ ਖੜੋਤ ਲੈ ਆਉਂਦੀ ਹੈ, ਸਥਾਪਤੀ ਜੋ ਸਥਾਪਤ ਧਿਰ ਦੇ ਹਿੱਤਾਂ ਖ਼ਾਤਰ ਮਾਨਵੀ ਹਿੱਤਾਂ ਦਾ ਘਾਣ ਕਰ ਦਿੰਦੀ ਹੈ, ਸਥਾਪਤੀ ਜੋ ਮਾਨਵ ਅਧਿਕਾਰਾਂ ਨੂੰ ਮਖੌਲ ਬਣਾ ਕੇ ਰੱਖ ਦਿੰਦੀ ਹੈ, ਸਥਾਪਤੀ ਜਿਸਨੂੰ ਸੋਸ਼ਿਤ ਵਰਗਾਂ ਦਾ ਜ਼ਰਾ ਖਿਆਲ ਨਹੀਂ ਰਹਿੰਦਾ ਤੇ ਜਿਹੜੀ ਅਮੂਰਤ ਭਰਮ-ਭੁਲੇਖਿਆਂ ਨੂੰ ਉਤਸ਼ਾਹਤ ਕਰਨ ਵਿਚ ਹੀ ਆਪਣੇ ਹਿੱਤ ਸੁਰੱਖਿਅਤ ਸਮਝਦੀ ਹੈ। ਅਜਿਹੇ ਕਿਰਦਾਰ ਵਾਲੀ ਸਥਾਪਤੀ ਨੂੰ ਪੰਜਾਬੀ ਬੌਧਿਕਤਾ ਨੇ ਹਮੇਸ਼ਾ ਵੰਗਾਰਿਆ ਹੈ। ਇਸੇ ਕਰਕੇ ਪੰਜਾਬੀ ਬੌਧਿਕ ਧਾਰਾ ਦੀਆਂ ਜੜ੍ਹਾਂ ਮਜ਼ਬੂਤ ਹਨ, ਇਹ ਚਿਰੰਜੀਵੀ ਹੈ ਤੇ ਇਸੇ ਕਰਕੇ ਸਥਾਪਤੀ ਨੇ ਇਸ ਬੌਧਿਕਤਾ ਦੇ ਹਮੇਸ਼ਾ ਤੋੜ ਲੱਭਣ ਦੇ ਯਤਨ ਕੀਤੇ ਹਨ।

ਪੰਜਾਬੀ ਸਾਹਿਤ ਵਿਚ ਜਦੋਂ ਪ੍ਰਗਤੀਵਾਦੀ ਸਾਹਿਤ ਧਾਰਾ ਪੂਰੀ ਬੁਲੰਦੀ 'ਤੇ ਸੀ ਉਦੋਂ ਇਸ ਦੇ ਵਿਰੋਧ ਵਿਚ ਪ੍ਰਯੋਗਵਾਦੀ ਸਾਹਿਤਧਾਰਾ ਨੂੰ ਉਤਸ਼ਾਹਤ ਕੀਤਾ ਗਿਆ। ਉਤਸ਼ਾਹਤ ਵੀ ਇਸ ਹੱਦ ਤਕ ਕਿ ਪ੍ਰਗਤੀਵਾਦੀ ਸਾਹਿਤਧਾਰਾ ਨੂੰ ਜੜ੍ਹੋਂ ਉਖਾੜ ਕੇ ਸਾਹ ਲਿਆ ਗਿਆ। ਸਿੱਟੇ ਵਜੋਂ ਪੰਜਾਬ ਸਾਹਿਤ ਵਿਚ ਉਹ ਸਭ ਰੁਝਾਨ ਪ੍ਰਵੇਸ਼ ਕਰ ਗਏ ਜਿਨ੍ਹਾਂ ਨੂੰ ਸਥਪਾਤੀ ਪੱਖੀ ਹੋਣ ਦੀ ਮਾਨਤਾ ਹਾਸਲ ਸੀ। ਇਨ੍ਹਾਂ ਰੁਝਾਨਾਂ ਨੂੰ ਲਿਆਉਣ ਵਾਲੇ ਸਥਾਪਤੀ ਪੱਖੀ ਬੁੱਧੀਜੀਵੀ ਉਚੇਚੇ ਮਾਣ-ਸਨਮਾਨ ਦੇ ਪਾਤਰ ਬਣਨ ਲੱਗੇ, ਸਰਕਾਰੇ-ਦਰਬਾਰੇ ਇਨ੍ਹਾਂ ਦੀ ਚੰਗੀ ਰਸਾਈ ਹੋ ਗਈ।

ਡਾ. ਜਸਵੀਰ ਸਿੰਘ ਆਹਲੂਵਾਲੀਆ ਇਸ ਸਥਾਪਤੀ ਪੱਖੀ ਸਮੂਹ ਦੇ ਮੁਖੀ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਡਾ. ਆਹਲੂਵਾਲੀਆ ਨੇ ਪ੍ਰਗਤੀਵਾਦੀ ਸਾਹਿਤ ਵਿਚ ਵਿਆਪਤ ਜਮੂਦ ਨੂੰ ਤੋੜਨ ਵਿਚ ਪ੍ਰਮੁੱਖ ਭੂਮਿਕਾ ਨਿਭਾਈ, ਪਰ ਉਸ ਨੇ ਇਕ ਬੜੀ ਨਿਰਾਸ਼ਾ ਕਰਨ ਵਾਲੀ ਦਿਸ਼ਾ ਵਿਚ ਇਸ ਜਮੂਦ ਨੂੰ ਤੋੜਿਆ  ਤੇ ਬਾਅਦ ਵਿਚ ਸਥਾਪਤੀ ਪੱਖੀ ਹੋਣ ਦੇ ਇਵਜ਼ ਵਿਚ ਜੋ ਕੁਝ ਉਨ੍ਹਾਂ ਨੂੰ ਹਾਸਲ ਹੋਇਆ ਉਸ ਦੇ ਕਾਰਨ ਵੀ ਉਹ ਬਹੁਤ ਵਿਵਾਦਗ੍ਰਸਤ ਰਹੇ ਤੇ ਪੰਜਾਬੀ ਦੇ ਅਮਨ-ਅਮਾਨ ਦੀ ਤੋਰੇ ਤੁਰ ਰਹੇ ਮਾਹੌਲ ਵਿਚ ਡਾ. ਜਸਬੀਰ ਸਿੰਘ ਆਹਲੂਵਾਲੀਆ ਨੂੰ ਗੋਲੀ ਮਾਰ ਦਿੱਤਾ ਜਾਣਾ ਇਹ ਸਾਬਤ ਕਰਦਾ ਹੈ ਕਿ ਜੇਕਰ ਗਲਤ ਕਦਰਾਂ ਕੀਮਤਾਂ ਜਾਂ ਆਮ ਮਾਨਵੀ ਹਿੱਤਾਂ ਨੂੰ ਪਰੋਖੇ ਕਰਕੇ ਅਸੀਂ ਖੁਦ ਸਥਾਪਤੀ ਪੱਖੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਯੋਗਦਾਨ ਪਾਉਂਦੇ ਹਾਂ ਤਾਂ ਇਸ ਦਾ ਸ਼ਿਕਾਰ ਖੁਦ ਸਾਨੂੰ ਵੀ ਹੋਣਾ ਪੈ ਸਕਦਾ ਹੈ। ਦਰਅਸਲ, ਡਾ. ਆਹਲੂਵਾਲੀਆ 'ਤੇ ਹੋਇਆ ਹਮਲਾ ਨਿੰਦਣਯੋਗ ਹੋਣ ਦੇ ਬਾਵਜੂਦ ਪੰਜਾਬ ਦੀ ਸਥਾਪਤੀ ਪੱਖੀ ਬੌਧਿਕਤਾ ਦਾ ਆਪ ਸਹੇੜਿਆ ਦੁਖਾਂਤ ਵੀ ਹੈ।



ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton  T6E 6A4,  Alberta (Canada)
Phone: 780 465 9118    Fax: 780 465 0661
e-mail: info@nawidunia.com

# ਅਮਰੀਕੀ ਇਸ਼ਾਰੇ 'ਤੇ ਇਰਾਨ ਤੋਂ ਤੇਲ ਦਰਾਮਦ ਬੰਦ ਕਰਨ ਦਾ ਫੈਸਲਾ ਠੀਕ ਨਹੀਂ



ਪ੍ਰਕਾਸ਼ ਕਰਤ

ਭਾਰਤ ਕੱਚੇ ਤੇਲ ਦੀ ਆਪਣੀ ਦਰਾਮਦ ਦਾ 12 ਫੀਸਦੀ ਹਿੱਸਾ ਇਰਾਨ ਤੋਂ ਲੈਂਦਾ ਆਇਆ ਹੈ। ਭਾਵ ਰੋਜ਼ਾਨਾ ਕਰੀਬ ਚਾਰ ਲੱਖ ਬੈਰਲ ਤੇਲ। ਪਰ ਕੱਚੇ ਤੇਲ ਦੀ ਇਹ ਸਪਲਾਈ ਇਸ ਮਹੀਨੇ ਤੋਂ ਠਪ ਹੋ ਸਕਦੀ ਹੈ, ਕਿਉਂਕਿ ਭਾਰਤ ਸਰਕਾਰ ਨੇ ਪਿਛਲੇ ਕੁਝ ਮਹੀਨਿਆਂ ਤੋਂ ਤੇਲ ਦਾ ਕੋਈ ਭੁਗਤਾਨ ਨਹੀਂ ਕੀਤਾ ਹੈ ਅਤੇ ਇਰਾਨ ਦੀਆਂ ਤੇਲ ਕੰਪਨੀਆਂ ਦਾ ਕਰੀਬ ਪੰਜ ਅਰਬ ਡਾਲਰ ਸਾਡੇ ਵੱਲ ਬਕਾਇਆ ਹੈ।

ਪਰ ਇਹ ਇਹ ਨੌਬਤ ਆਈ ਹੀ ਕਿਉਂ? ਇਸਦਾ ਕਾਰਨ ਇਹੀ ਹੈ ਕਿ ਸਰਕਾਰ ਨੇ ਅਮਰੀਕੀ ਦਬਾਅ ਅੱਗੇ ਗੋਡੇ ਟੇਕਦੇ ਹੋਏ ਇਰਾਨ ਨਾਲ ਆਪਣੇ ਵਪਾਰਕ ਰਿਸ਼ਤਿਆਂ ਨੂੰ ਘੱਟ ਕਰ ਦਿੱਤਾ ਹੈ। ਜੁਲਾਈ 2010 ਵਿਚ ਅਮਰੀਕਾ ਨੇ ਇਰਾਨ ਖਿਲਾਫ਼ ਵਿਆਪਕ ਪੱਧਰ 'ਤੇ ਪਾਬੰਦੀਆਂ ਲਾ ਦਿੱਤੀਆਂ ਸਨ, ਤਾਂ ਕਿ ਉਸ ਦੇ ਤੇਲ ਤੇ ਗੈਸ ਉਦਯੋਗ 'ਤੇ ਸੱਟ ਵੱਜੇ। ਇਹ ਪਾਬੰਦੀਆਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਲੋਂ ਜੂਨ 2010 ਵਿਚ ਹੀ ਪ੍ਰਸਤਾਵ ਸੰਖਿਆ 1929 ਰਾਹੀਂ ਲਾਈਆਂ ਪਾਬੰਦੀਆਂ ਤੋਂ ਬਹੁਤ ਅੱਗੇ ਜਾਂਦੀਆਂ ਹਨ। ਅਮਰੀਕਾ ਅਤੇ ਯੂਰਪੀ ਸੰਘ ਨੇ ਇਰਾਨੀ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨਾਲ ਬੈਕਿੰਗ ਤੇ ਵਿੱਤੀ ਲੈਣ-ਦੇਣ 'ਤੇ ਰੋਕ ਲਾ ਦਿੱਤੀ ਹੈ। ਭਾਰਤ ਹੁਣ ਸਿਰਫ਼ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਹੀ ਨਹੀਂ, ਅਮਰੀਕਾ ਅਤੇ ਯੂਰਪੀ ਸੰਘ ਵਲੋਂ ਥੋਪੀਆਂ ਗਈਆਂ ਪਾਬੰਦੀਆਂ ਦਾ ਵੀ ਪਾਲਣ ਕਰ ਰਿਹਾ ਹੈ। ਇਨ੍ਹਾਂ ਪਾਬੰਦੀਆਂ ਦੇ ਦਬਾਅ ਵਿਚ ਪਿਛਲੇ ਦਸੰਬਰ ਵਿਚ ਭਾਰਤੀ ਰਿਜ਼ਰਵ ਬੈਂਕ ਨੇ ਏਸ਼ੀਅਨ ਕਲੀਅਰਿੰਗ ਯੂਨੀਅਨ ਰਾਹੀਂ ਇਰਾਨ ਲਈ ਵਪਾਰ ਨਾਲ ਸਬੰਧਤ ਤਮਾਮ ਭੁਗਤਾਨਾਂ 'ਤੇ ਰੋਕ ਲਗਾ ਦਿੱਤੀ। ਸਾਊਦੀ ਅਰਬ ਮਗਰੋਂ ਭਾਰਤ ਲਈ ਇਰਾਨ ਕੱਚੇ ਤੇਲ ਦਾ ਸਭ ਤੋਂ ਵੱਡਾ ਸਪਲਾਇਰ ਹੈ। ਯੂ.ਪੀ.ਏ. ਸਰਕਾਰ ਹੁਣ ਇਰਾਨ ਤੋਂ ਤੇਲ ਵਾਪਰ ਜਾਰੀ ਰੱਖਣ ਦੀ ਥਾਂ ਤੇਲ ਦੀ ਸਪਲਾਈ ਦੇ ਬਦਲਵੇਂ ਰਸਤਿਆਂ ਦੀ ਭਾਲ ਕਰ ਰਹੀ ਹੈ। ਅਮਰੀਕਾ ਦਾ ਕਹਿਣਾ ਹੈ ਕਿ ਭਾਰਤ ਨੂੰ ਇਰਾਨ ਦੀ ਥਾਂ ਸਾਊਦੀ ਅਰਬ ਤੋਂ ਹੀ ਕੱਚਾ ਤੇਲ ਖਰੀਦਣਾ ਚਾਹੀਦਾ ਹੈ।



ਭਾਰਤ-ਅਮਰੀਕਾ ਪਰਮਾਣੂ ਸੌਦੇ 'ਤੇ ਹਸਤਾਖ਼ਰ ਹੋਣ ਮਗਰੋਂ ਇਰਾਨ ਦੇ ਨਾਲ ਸਾਡੇ ਰਵਾਇਤੀ ਰਿਸ਼ਤੇ ਖ਼ਤਰੇ ਵਿਚ ਪੈ ਗਏ ਹਨ। ਅਮਰੀਕਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਪਰਮਾਣੂ ਸੌਦੇ ਵਿਚ ਭਾਰਤ ਵਲੋਂ ਇਸ ਦੀ ਮਨਜ਼ੂਰੀ ਹੈ ਕਿ ਉਹ ਆਪਣੀ ਵਿਦੇਸ਼ ਨੀਤੀ ਨੂੰ ਅਮਰੀਕੀ ਵਿਦੇਸ਼ ਨੀਤੀ ਦੇ ਮੁਤਾਬਕ ਬਣਾਏਗਾ। ਹਾਈਡ ਐਕਟ ਵਿਚ ਸਾਫ ਤੌਰ 'ਤੇ ਕਿਹਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਹਰ ਸਾਲ ਅਮਰੀਕੀ ਕਾਂਗਰਸ ਸਾਹਮਣੇ ਇਕ ਰਿਪੋਰਟ ਪੇਸ਼ ਕਰਨਗੇ ਕਿ ਇਰਾਨ ਖਿਲਾਫ਼ ਪਾਬੰਦੀਆਂ ਲਾਉਣ ਅਤੇ ਉਸ ਨੂੰ ਅਲਗ-ਥਲਗ ਕਰਨ ਵਿਚ ਅਮਰੀਕਾ ਦੇ ਨਾਲ ਭਾਰਤ ਕਿਸ ਤਰ੍ਹਾਂ ਸਹਿਯੋਗ ਕਰ ਰਿਹਾ ਹੈ।

ਜੁਲਾਈ, 2005 ਵਿਚ ਅਮਰੀਕੀ ਰਾਸ਼ਟਰਪਤੀ ਜਾਰਜ ਬੁੱਸ਼ ਅਤੇ ਮਨਮੋਹਨ ਸਿੰਘ ਦੇ ਸਾਂਝੇ ਬਿਆਨ 'ਤੇ ਦਸਤਖ਼ਤ ਕਰਨ ਦੇ ਕੁਝ ਹਫ਼ਤਿਆਂ ਮਗਰੋਂ ਹੀ ਸਤੰਬਰ ਵਿਚ ਭਾਰਤ ਨੇ ਕੌਮਾਂਤਰੀ ਪਰਮਾਣੂ ਉਰਜਾ ਏਜੰਸੀ ਵਿਚ ਇਰਾਨ ਖਿਲਾਫ਼ ਇਕ ਪ੍ਰਸਤਾਵ ਦੇ ਨਾਲ ਵੋਟ ਕੀਤਾ ਸੀ, ਜਦਕਿ ਗੁੱਟ ਨਿਰਪੇਖ ਦੇਸ਼ਾਂ ਦੇ ਸਮੂਹ ਨੇ ਇਸ ਪ੍ਰਸਤਾਵ ਖਿਲਾਫ਼ ਵੋਟ ਦਿੱਤਾ ਸੀ ਜਾਂ ਵੋਟਿੰਗ ਤੋਂ ਆਪਣੇ ਆਪ ਨੂੰ ਅਲੱਗ ਕਰ ਲਿਆ ਸੀ। ਇਰਾਨ ਖਿਲਾਫ਼ ਵੋਟ ਕੀਤੇ ਜਾਣ ਦੀ ਮੁਹਿੰਮ ਫਰਵਰੀ 2006 ਵਿਚ ਫੇਰ ਦੁਹਰਾਈ ਗਈ।

ਇਰਾਨ-ਪਾਕਿਸਤਾਨ-ਭਾਰਤ ਗੈਸ ਪਾਈਪਲਾਈਨ ਅਗਲਾ ਨਿਸ਼ਾਨਾ ਬਣੀ। ਅਮਰੀਕਾ ਨੇ ਭਾਰਤ ਨੂੰ ਵਾਰ-ਵਾਰ ਅਤੇ ਜਨਤਕ ਤੌਰ 'ਤੇ ਚਿਤਾਵਨੀ ਦਿੱਤੀ ਸੀ ਕਿ ਉਹ ਇਰਾਨ ਦੇ ਨਾਲ ਇਸ ਪ੍ਰਾਜੈਕਟ ਦੇ ਰਸਤੇ 'ਤੇ ਅੱਗੇ ਨਾ ਵਧੇ। ਭਾਰਤ ਨੇ ਉਸ ਦੇ ਆਦੇਸ਼ ਦਾ ਪਾਲਨ ਕੀਤਾ, ਹਾਲਾਂਕਿ ਰਸਮੀ ਤੌਰ 'ਤੇ ਸਰਕਾਰ ਹੁਣ ਵੀ ਸਵੀਕਾਰ ਨਹੀਂ ਕਰਦੀ ਕਿ ਉਸ ਨੇ ਇਸ ਪ੍ਰਾਜੈਕਟ ਨੂੰ ਛੱਡ ਦਿੱਤਾ ਹੈ। ਦੋ ਸਾਲ ਤਕ ਇੰਤਜ਼ਾਰ ਕਰਨ ਮਗਰੋਂ ਇਰਾਨ ਅਤੇ ਪਾਕਿਸਤਾਨ ਨੇ ਇਸ ਪ੍ਰਾਜੈਕਟ 'ਤੇ ਅਮਲ ਕਰਨ ਦਾ ਫੈਸਲਾ ਕਰ ਲਿਆ ਹੈ। ਦੂਸਰੇ ਪਾਸੇ ਭਾਰਤ ਨੇ ਅਮਰੀਕੀ ਇਸ਼ਾਰੇ 'ਤੇ ਤੁਰਮੇਨੀਸਤਾਨ-ਅਫਗਾਨਿਸਤਾਨ-ਪਾਕਿਸਤਾਨ-ਭਾਰਤ (ਤਾਪੀ) ਪਾਈਪਲਾਈਨ ਪ੍ਰਾਜੈਕਟ ਵਿਚ ਸ਼ਾਮਲ ਹੋਣ ਦਾ ਪੈਸਲਾ ਕਰ ਲਿਆ ਹੈ। ਇਸ ਨਾਲ ਇਰਾਨ ਤੋਂ ਤਰਲ ਕੁਦਰਤੀ ਗੈਸ (ਐਲ.ਐਨ.ਜੀ.) ਖਰੀਦਣ ਦਾ 25 ਸਾਲ ਦਾ ਸੌਦਾ ਪਹਿਲਾਂ ਹੀ ਖ਼ਤਮ ਹੋ ਚੁੱਕਾ ਸੀ। ਅਮਰੀਕੀ ਧਮਕੀ ਦੇ ਚਲਦਿਆਂ ਹੀ ਰਿਲਾਇੰਸ ਨੇ ਇਰਾਨ ਤੋਂ 28 ਕਰੋੜ ਡਾਲਰ ਦੀ ਪੈਟਰੋਲ ਦਰਾਮਦ ਰੋਕ ਦਿੱਤੀ ਹੈ।

ਅਖ਼ੀਰ ਵਿਚ ਹੁਣ ਇਰਾਨ ਨਾਲ ਵਪਾਰ ਦੇ ਸਭ ਤੋਂ ਵੱਡੇ ਹਿੱਸੇ ਭਾਵ ਤੇਲ ਦਰਾਮਦ ਨੂੰ ਵੀ ਛੱਡਿਆ ਹੀ ਜਾਣ ਵਾਲਾ ਹੈ। ਜ਼ਿਕਰਯੋਗ ਹੈ ਕਿ ਹਿਲੇਰੀ ਕਲਿੰਟਨ ਦੇ ਭਾਰਤ ਦੌਰੇ ਦੌਰਾਨ ਇਕ ਅਮਰੀਕੀ ਅਧਿਕਾਰੀ ਨੇ ਕਿਹਾ ਸੀ ਕਿ ਇਰਾਨ ਅਤੇ ਭਾਰਤ ਵਿਚਾਲੇ ਕੱਚੇ ਤੇਲ ਦੀ ਸਪਲਾਈ ਦੇ ਭੁਗਤਾਨ ਦੀ ਸੱਤ ਮਹੀਨੇ ਤੋਂ ਚੱਲੀ ਆ ਰਹੀ ਸਮੱਸਿਆ ਦਾ ਹੱਲ ਨਿਕਲਦਾ ਨਜ਼ਰ ਆ ਰਿਹਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸਾਡੀ ਸਰਕਾਰ ਨੇ 'ਵੱਡੇ ਭਰਾ' ਅਮਰੀਕਾ ਤੋਂ ਹੀ ਇਸ ਸਮੱਸਿਆ ਦਾ ਹੱਲ ਕੱਢਣ ਦੀ ਗੁਹਾਰ ਲਾਈ ਹੈ। ਗੌਰਤਲਬ ਹੈ ਕਿ ਤੇਲ ਦੀ ਸਪਲਾਈ 'ਤੇ ਕਿਸੇ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਲਾਈ ਗਈ ਹੈ।

ਇਰਾਨ ਤੋਂ ਤੇਲ ਅਤੇ ਗੈਸ ਦਰਾਮਦ ਵਿਚ ਭਾਰਤ ਦਾ ਆਪਣਾ ਲਾਭ ਹੈ, ਇਸ ਦੇ ਬਾਵਜੂਦ ਸਾਡੀ ਸਰਕਾਰ ਅਮਰੀਕੀ ਦਬਾਅ ਅੱਗੇ ਲਗਾਤਾਰ ਝੁਕਦੀ ਜਾ ਰਹੀ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਭਾਰਤ ਤਾਂ ਆਪਣੇ ਰਾਸ਼ਟਰੀ ਹਿੱਤਾਂ ਦੀ ਕੁਰਬਾਨੀ ਦੇ ਕੇ ਵੀ ਅਮਰੀਕਾ ਦਾ ਸਾਥ ਦੇ ਰਿਹਾ ਹੈ, ਜਦਕਿ ਜਪਾਨ ਅਤੇ ਦੱਖਣੀ ਕੋਰੀਆ ਵਰਗੇ ਅਮਰੀਕਾ ਦੇ ਨੇੜਲੇ ਸਹਿਯੋਗੀਆਂ ਨੇ ਇਰਾਨ ਤੋਂ ਤੇਲ ਦੀ ਦਰਾਮਦ ਜਾਰੀ ਰੱਖੀ। ਤੁਰਕੀ ਨਾਟੋ ਵਿਚ ਸ਼ਾਮਲ ਦੇਸ਼ ਹੈ, ਜਿਸ ਨੇ ਇਰਾਨ ਦੇ ਨਾਲ ਤੇਲ ਦੇ ਖੇਤਰ ਵਿਚ ਨਵੇਂ ਸੌਦੇ ਕੀਤੇ ਹਨ। ਚੀਨ ਨੇ ਵੀ ਇਰਾਨ ਤੋਂ ਤੇਲ ਦੀ ਦਰਾਮਦ ਵਿਚ ਵਾਧਾ ਕੀਤਾ ਹੈ। ਬੇਸ਼ਕ ਭਾਰਤ ਦੂਸਰੇ ਦੇਸ਼ਾਂ ਤੋਂ ਆਪਣੀ ਜ਼ਰੂਰਤ ਦਾ ਕੱਚਾ ਤੇਲ ਹਾਸਲ ਕਰ ਸਕਦਾ ਹੈ, ਪਰ ਅਮਰੀਕਾ ਦਾ ਪਿੱਛਲਗੂ ਬਣਨ ਨਾਲ ਭਾਰਤ ਦੇ ਸਵੈਮਾਣ ਨੂੰ ਜੋ ਸੱਟ ਲੱਗ ਰਹੀ ਹੈ, ਉਸਦੀ ਭਰਪਾਈ ਭਲਾ ਕਿਵੇਂ ਕੀਤੀ ਜਾਵੇਗੀ?



# ਆਜ਼ਾਦੀ ਦਿਵਸ ਅਤੇ ਖੱਬੀ ਧਿਰ



ਮੰਗਤ ਰਾਮ ਪਾਸਲਾ

15 ਅਗਸਤ 2011 ਨੂੰ ਦੇਸ਼ 65ਵੀਂ ਆਜ਼ਾਦੀ ਵਰ੍ਹੇ ਗੰਢ ਮਨਾ ਰਿਹਾ ਹੈ। ਇਸ ਦਿਨ ਦੀ ਮਹਾਨਤਾ ਭਾਰਤੀ ਲੋਕਾਂ ਦੇ ਮਨਾਂ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਬੈਠੀ ਹੈ। ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦਾ ਜੂਲਾ ਲਾਹੁਣ ਅਤੇ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਜਿਸ ਤਰ੍ਹਾਂ ਲੱਖਾਂ ਲੋਕਾਂ ਨੇ ਸਵਤੰਤਰਤਾ ਦੀ ਜੰਗ ਵਿਚ ਹਿੱਸਾ ਲਿਆ ਸੀ, ਉਹੀ ਜੱਦੋ ਜਹਿਦ ਇਸ ਦਿਨ ਰੰਗ ਲਿਆਈ ਸੀ। ਅਨੇਕਾਂ ਯੋਧਿਆਂ ਦੇ ਹਿੱਸੇ ਫਾਂਸੀਆਂ ਦੇ ਰੱਸੇ ਆਏ ਤੇ ਦੂਸਰੇ ਬੇਗਿਣਤ ਲੋਕਾਂ ਨੂੰ ਕਈ ਕਈ ਸਾਲ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਕੈਦ ਰਹਿਣਾ ਪਿਆ। ਹੋਰ ਬੇਗਿਣਤ ਤਸੀਹੇ ਜਿਹੜੇ ਦੇਸ਼ ਭਗਤ ਲੋਕਾਂ ਨੇ ਅੰਗਰੇਜੀ ਹਾਕਮਾਂ, ਉਨ੍ਹਾਂ ਦੀ ਰਖੇਲ ਪੁਲਿਸ ਤੇ ਸਾਮਰਾਜ ਭਗਤ ਟੋਡੀਆਂ ਹੱਥੋਂ ਝੱਲੇ ਸਨ, ਉਸਦੀ ਗਿਣਤੀ ਭਾਰਤੀ ਇਤਿਹਾਸ ਦੇ ਵਰਕਿਆਂ ਵਿਚ ਅਜੇ ਤੱਕ ਵੀ ਪੂਰੀ ਤਰ੍ਹਾਂ ਦਰਜ ਨਹੀਂ ਕੀਤੀ ਗਈ। ਆਜ਼ਾਦੀ ਪ੍ਰਾਪਤੀ ਬਾਅਦ ਦੇਸ਼ ਦੇ ਰਾਜ ਭਾਗ ਉਤੇ ਬਿਰਾਜਮਾਨ ਜਮਾਤਾਂ ਨੇ ਆਜ਼ਾਦੀ ਸੰਗਰਾਮ ਦੇ ਇਸ ਸੁਨਹਿਰੀ ਕਾਂਡ ਨੂੰ ਪੂਰੀ ਤਰ੍ਹਾਂ ਜੇਕਰ ਅਣਡਿੱਠ ਨਹੀਂ ਤਾਂ ਘੱਟੋ ਘੱਟ ਬਣਦੀ ਮਹਾਨਤਾ ਤਾਂ ਬਿਲਕੁਲ ਨਹੀਂ ਦਿੱਤੀ। ਇਸ ਦਾ ਪ੍ਰਤੱਖ ਕਾਰਣ ਨਵੇਂ ਹਾਕਮਾਂ ਦੀ ਉਨ੍ਹਾਂ ਸਾਮਰਾਜੀ ਦਲਾਲਾਂ, ਰਜਵਾੜਿਆਂ ਤੇ ਅਫਸਰਸ਼ਾਹਾਂ, ਜਿਨ੍ਹਾਂ ਨੇ ਸਾਮਰਾਜੀ ਹਾਕਮਾਂ ਦੀ ਗੁਲਾਮੀ ਕਾਇਮ ਰੱਖਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ, ਨਾਲ ਰਾਜਸੱਤਾ ਵਿਚ ਪਾਈ ਭਿਆਲੀ ਹੈ। ਸੰਨ 1947 ਤੋਂ ਪਹਿਲਾਂ ਦੇ ਅਤਿਆਚਾਰੀ ਹੁਕਮਰਾਨ ਆਜ਼ਾਦੀ ਮਿਲਣ ਤੋਂ ਬਾਅਦ ਵੀ ਹਾਕਮ ਹੀ ਰਹੇ ਜਿਨ੍ਹਾਂ ਦਾ ਜ਼ਾਲਮਾਨਾ ਵਰਤਾਅ ਅੱਜ ਵੀ ਪਹਿਲਾਂ ਨਾਲੋਂ ਜ਼ਿਆਦਾ ਡੰਗ ਮਾਰੂ ਦੇਖਿਆ ਤੇ ਅਨੁਭਵ ਕੀਤਾ ਜਾ ਸਕਦਾ ਹੈ।

ਜਿੱਥੇ ਭਾਰਤੀ ਲੋਕਾਂ ਨੂੰ 15 ਅਗਸਤ ਦੇ ਦਿਨ ਰਾਜਸੀ ਆਜ਼ਾਦੀ ਦੀ ਪ੍ਰਾਪਤੀ ਉਤੇ ਪ੍ਰਸੰਨਤਾ ਅਤੇ ਮਾਣ ਮਹਿਸੂਸ ਹੋਇਆ ਸੀ, ਉਥੇ ਨਾਲ ਹੀ ਅੱਜ ਮਾਯੂਸੀ ਦੀਆਂ ਪੰਡਾਂ ਵੀ ਉਨ੍ਹਾਂ ਦੇ ਮੋਢਿਆਂ ਉਤੇ ਆਣ ਪਈਆਂ ਹੋਈਆਂ ਹਨ। ਕਿਉਂਕਿ ਜਿਹੜੇ ਚੰਗੀ ਜ਼ਿੰਦਗੀ, ਖੁਸ਼ਹਾਲੀ, ਅਮਨ, ਬਰਾਬਰਤਾ ਦੀ ਪ੍ਰਾਪਤੀ ਅਤੇ ਗਰੀਬੀ-ਬੇਕਾਰੀ-ਅਨਪੜ੍ਹਤਾ ਵਰਗੀਆਂ ਬਿਮਾਰੀਆਂ ਤੋਂ ਛੁਟਕਾਰਾ ਆਦਿ ਦੇ ਹਸੀਨ ਸੁਪਨੇ ਆਜ਼ਾਦੀ ਸੰਗਰਾਮ ਦੌਰਾਨ ਉਨ੍ਹਾਂ ਨੇ ਆਪਣੇ ਮਨਾਂ ਵਿਚ ਸੰਜੋਏ ਸਨ, ਉਹ ਸਾਡੇ ਬੇਰਹਿਮ ਤੇ ਬੇਕਿਰਕ ਹੁਕਮਰਾਨਾਂ ਨੇ ਤਾਰ ਤਾਰ ਕਰ ਦਿੱਤੇ ਹਨ। ਮਜ਼ਦੂਰ ਸੂਰਾਂ ਦੇ ਘੁਰਨਿਆਂ ਵਰਗੇ ਘਰਾਂ ਜਾਂ ਸੜਕਾਂ ਕੰਢੇ ਝੁਗੀਆਂ ਵਿਚ ਰਹਿ ਕੇ ਦੇਸ਼ ਲਈ ਦੌਲਤ ਤਾਂ ਪੈਦਾ ਕਰ ਰਹੇ ਹਨ, ਪ੍ਰੰਤੂ ਆਪ ਪੇਟ ਭਰਕੇ ਰੱਜਵੀਂ ਰੋਟੀ ਖਾਣ ਤੋਂ ਆਤਰ ਹਨ। ਪੇਂਡੂ ਖੇਤਰਾਂ ਵਿਚ ਦਿਹਾਤੀ (ਖੇਤ) ਮਜ਼ਦੂਰ ਕੰਮਾਂ ਦੀ ਤਲਾਸ਼ ਵਿਚ ਘੁੰਮਦੇ ਘੁੰਮਦੇ ਥੱਕ ਜਾਂਦੇ ਹਨ, ਪ੍ਰੰਤੂ ਨੌਕਰੀ ਹੱਥ ਨਹੀਂ ਲੱਗਦੀ। ਗੁਜ਼ਾਰਾ ਕਰਨ ਵਾਸਤੇ ਖੇਤ ਮਜ਼ਦੂਰਾਂ ਦੇ ਪਰਿਵਾਰ ਬਹੁਤ ਹੀ ਘੱਟ ਉਜਰਤਾਂ ਉਤੇ ਕੋਈ ਵੀ ਕੰਮ ਕਰਨ ਲਈ ਮਜ਼ਬੂਰ ਹਨ ਤੇ ਜਾਂ ਢਿੱਡ ਵਿਚ ਮੁਕੀਆਂ ਦੇ ਕੇ ਦਿਨ ਕਟੀ ਕਰੀ ਜਾਂਦੇ ਹਨ। ਕਿਸਾਨੀ, ਖਾਸਕਰ ਇਸ ਦਾ ਹੇਠਲਾ ਭਾਗ ਕਰਜ਼ਿਆਂ ਦੀ ਮਾਰ ਹੇਠ ਦੇਸ਼ ਭਰ ਵਿਚ ਲੱਖਾਂ ਦੀ ਸੰਖਿਆ ਵਿਚ ਖੁਦਕੁਸ਼ੀਆਂ ਕਰ ਗਏ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹੁਣ ਜ਼ਮੀਨੀ ਹੱਦ ਬੰਦੀ ਬਾਰੇ ਸਾਰੇ ਪਿਛਲੇ ਕਾਨੂੰਨ ਤੋੜ ਕੇ ਕਿਸਾਨਾਂ ਦੀ ਮਾਂ ਵਰਗੀ ਪਿਆਰੀ ਜ਼ਮੀਨ ਨੂੰ ਜਬਰਦਸਤੀ ਹਥਿਆ ਕੇ ਵੱਡੇ ਕਾਰਪੋਰੇਟ ਘਰਾਣਿਆਂ ਅਤੇ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਦੀਆਂ ਤਿਆਰੀਆਂ ਕਰੀ ਬੈਠਾ ਹੈ। ਸਮਾਜ ਦੇ ਸਦੀਆਂ ਤੋਂ ਲਤਾੜੇ ਜਾ ਰਹੇ ਦਲਿਤ ਤੇ ਹੋਰ ਅਛੂਤ ਸਮਝੇ ਜਾਂਦੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕ ਇਕੱਲਾ ਆਰਥਿਕ ਪੱਖੋਂ ਹੀ ਲੁੱਟੇ ਪੁੱਟੇ ਨਹੀਂ ਜਾ ਰਹੇ ਬਲਕਿ ਅੱਤ ਦੇ ਸਮਾਜਕ ਜਬਰ ਨਾਲ ਵੀ ਮਧੋਲੇ ਜਾ ਰਹੇ ਹਨ; ਅਜਿਹਾ ਜ਼ਬਰ ਜੋ ਇਨਸਾਨ ਵਿਚਲੀ ਇਨਸਾਨੀਅਤ ਦੀ ਭਾਵਨਾ ਨੂੰ ਹੀ ਪੈਰਾ ਹੇਠਾਂ ਰੋਂਦ ਦਿੰਦਾ ਹੈ! ਆਦਿਵਾਸੀਆਂ ਉਤੇ ਹੋ ਰਹੇ ਜ਼ੁਲਮਾਂ ਦੀਆਂ ਕਹਾਣੀਆਂ ਸੰਵੇਦਨਸ਼ੀਲ ਮਨੁੱਖ ਦੇ ਲੂੰਅ ਕੰਡੇ ਖੜ੍ਹੇ ਕਰ ਦਿੰਦੀਆਂ ਹਨ। ਉਹ ਆਪਣੀ ਜ਼ਮੀਨ ਕਾਰਪੋਰੇਟ ਘਰਾਣਿਆਂ ਵਲੋਂ ਹੜੱਪਣ ਵਿਰੁੱਧ ਜੱਦੋ ਜਹਿਦ ਕਰ ਰਹੇ ਹਨ। ਔਰਤਾਂ ਅਤੇ ਬੱਚਿਆਂ ਦੀ ਬਹੁ-ਗਿਣਤੀ ਉਤੇ ਅੰਗਰੇਜ਼ੀ ਰਾਜ ਨਾਲੋਂ ਦੇਸੀ ਸ਼ਾਸਕਾਂ ਦੇ ਜਬਰ ਦਾ ਸੇਕ ਘੱਟਣ ਦੀ ਥਾਂ ਹੋਰ ਵਧਿਆ ਹੈ।

ਇਸ ਵਿਚ ਕੋਈ ਦੂਸਰੀ ਰਾਇ ਨਹੀਂ ਹੈ ਕਿ ਦੇਸ਼ ਵਿਚ 1947 ਤੋਂ ਬਾਅਦ ਭਾਰੀ ਆਰਥਿਕ ਵਿਕਾਸ ਹੋਇਆ ਹੈ। ਕਈ ਭਾਰਤੀ ਧਨਾਢਾਂ ਦਾ ਨਾਮ ਤਾਂ ਦੁਨੀਆਂ ਦੇ ਸਭ ਤੋਂ ਜ਼ਿਆਦਾ 10 ਅਮੀਰਾਂ ਦੀ ਸੂਚੀ ਵਿਚ ਬੋਲਣ ਲੱਗ ਪਿਆ ਹੈ। ਕੁੱਝ ਖੇਤਰਾਂ ਵਿਚ ਭਾਰਤੀ ਮਾਲ ਤੇ ਸੇਵਾਵਾਂ ਦੁਨੀਆਂ ਵਿਚ ਮੁਕਾਬਲੇ ਦੀ ਮੰਡੀ ਵਿਚ ਵੀ ਚੰਗੀ ਥਾਂ ਬਣਾਈ ਬੈਠੀਆਂ ਹਨ। ਵਿਕਾਸ ਦੀ ਦਰ 8% ਤੋਂ ਉਪਰ ਦੱਸ ਕੇ ਸਾਡੇ ਦੇਸ਼ ਦੇ ਰਾਜਸੀ ਆਗੂ ਵਿਦੇਸ਼ੀ ਸਿੱਕੇ ਦੇ ਰਿਕਾਰਡ ਤੋੜ ਭੰਡਾਰਾਂ ਦੇ ਜਮਾਂ ਹੋਣ ਉਤੇ ਫੁੱਲੇ ਨਹੀਂ ਸਮਾਉਂਦੇ। ਪਰ ਸੱਚ ਕੌੜਾ ਵੀ ਹੁੰਦਾ ਹੈ ਤੇ ਸੌ ਪਰਦੇ ਪਾੜ ਕੇ ਪ੍ਰਗਟ ਵੀ ਹੋ ਜਾਂਦਾ ਹੈ। ਦੇਸ਼ ਵਿਚ ਹੋਈ ਇਸ ਆਰਥਿਕ ਉਨਤੀ ਤੇ ਵਿਕਾਸ ਦੀ ਉਚੀ ਦਰ ਅਬਾਦੀ ਦੇ 80 ਫੀਸਦੀ ਲੋਕਾਂ ਦੇ ਸੰਤਾਪ ਨੂੰ ਨਹੀਂ ਕੱਟਦੀ। ਉਨਤੀ ਦਾ ਸਾਰਾ ਜਾਹੋ-ਜਲਾਲ ਉਪਰਲੇ 5 ਤੋਂ 10 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਦੀ ਆਇਆ ਹੈ ਤੇ ਵਸੋਂ ਦਾ ਵੱਡਾ ਹਿੱਸਾ ਭਾਰੀ ਆਰਥਕ ਤੰਗੀਆਂ ਦਾ ਉਸੇ ਤਰ੍ਹਾਂ ਸ਼ਿਕਾਰ ਹੈ, ਜਿਵੇਂ 1947 ਤੋਂ ਪਹਿਲਾਂ ਸੀ। ਅਜ਼ਾਦੀ ਦੇ 65 ਵਰ੍ਹੇ, 15 ਅਗਸਤ ਵਾਲੇ ਦਿਨ, ਲਾਲ ਕਿਲੇ ਦੀ ਫਸੀਲ ਤੋਂ ਵੱਖ ਵੱਖ ਪ੍ਰਧਾਨ ਮੰਤਰੀਆਂ ਦੇ ਥੋਥੇ ਤੇ ਝੂਠੇ ਭਾਸ਼ਣ ਸੁਣ ਸੁਣ ਕੇ ਜਨ ਸਮੂਹਾਂ ਦੇ ਕੰਨ ਪੱਕ ਗਏ ਹਨ। ਉਹ ਇਨ੍ਹਾਂ ਰਟੇ ਰਟਾਏ ਪ੍ਰੰਤੂ ਧੋਖੇ ਭਰੇ ਉਕਾਊ ਭਾਸ਼ਣਾਂ ਨੂੰ ਤਰਿਸਕਾਰ ਦੀ ਭਾਵਨਾ ਨਾਲ ਦੇਖਣ ਲੱਗ ਪਏ ਹਨ।

1990ਵਿਆਂ ਦੇ ਸ਼ੁਰੂ ਵਿਚ ਜਦੋਂ ਦਾ ਸੋਵੀਅਤ ਯੂਨੀਅਨ ਤੇ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਸਮਾਜਵਾਦੀ ਢਾਂਚਾ ਢੈਅ ਢੇਰੀ ਹੋ ਗਿਆ ਤੇ ਦੁਨੀਆਂ ਵਿਚ ਸਾਮਰਾਜੀ ਸ਼ਕਤੀਆਂ ਦੇ ਮੁਕਾਬਲੇ ਵਿਚ ਇਕ ਲੋਕ ਪੱਖੀ ਤੇ ਹਰ ਪੱਖ ਤੋਂ ਸ਼ਕਤੀਸ਼ਾਲੀ ਰਾਜਨੀਤਕ ਧਿਰ ਗਾਇਬ ਹੋ ਗਈ ਹੈ, ਉਦੋਂ ਤੋਂ ਭਾਰਤੀ ਹਾਕਮਾਂ ਨੇ ਬੜੀ ਬੇਸ਼ਰਮੀ ਨਾਲ ਗੁਟ ਨਿਰਲੇਪਤਾ ਅਤੇ ਆਰਥਿਕ ਵਿਕਾਸ ਲਈ ਸਵੈ ਨਿਰਭਰਤਾ



ਦੇ ਸਿਧਾਂਤ ਦਾ ਪੱਲਾ ਵੀ ਪਰਾਂਹ ਵਗਾਹ ਮਾਰਿਆ ਹੈ। ਹਾਲਾਂਕਿ ਆਰਥਿਕ ਉਨਤੀ ਦਾ ਉਹ ਰਸਤਾ ਵੀ ਮੂਲ ਰੂਪ ਵਿਚ ਪੂੰਜੀਵਾਦੀ ਵਰਗ ਦੇ ਹਿੱਤਾਂ ਦੀ ਰਾਖੀ ਹੀ ਕਰਦਾ ਸੀ, ਪ੍ਰੰਤੂ ਗੁਟ-ਨਿਰਲੇਪਤਾ ਦੀ ਲਹਿਰ ਦਾ ਭਾਗ ਬਣੇ ਰਹਿਣ ਅਤੇ ਸਵੈ ਨਿਰਭਰਤਾ ਦੇ ਅਸੂਲ ਉਤੇ ਕੀਤਾ ਜਾਂਦਾ ਆਰਥਿਕ ਵਿਕਾਸ ਇਕ ਹੱਦ ਤੱਕ ਦੇਸ਼ ਨੂੰ ਸਾਮਰਾਜੀ ਧੌਂਸ ਅਤੇ ਬਲੈਕਮੇਲਿੰਗ ਦਾ ਮੁਕਾਬਲਾ ਕਰਨ ਦੇ ਸਮਰਥ ਬਣਾਉਂਦਾ ਸੀ। ਪ੍ਰੰਤੂ ਜਿਉਂ ਹੀ ਸਮਾਜਵਾਦੀ ਵਿਵਸਥਾ ਨੂੰ ਢਾਅ ਲੱਗੀ, ਸਾਮਰਾਜ ਆਪਣੇ ਅਸਲੀ ਰੰਗ ਵਿਚ ਦਿਖਾਈ ਦੇਣ ਲੱਗ ਪਿਆ ਹੈ। ਸੰਸਾਰ ਭਰ ਵਿਚ ਆਪਣੀ ਧੌਂਸ ਤੇ ਫੌਜੀ ਤਾਕਤ ਨਾਲ ਆਜ਼ਾਦ ਦੇਸ਼ਾਂ ਨੂੰ ਗੁਲਾਮ ਕਰਨ ਦੀਆਂ ਕਾਰਵਾਈਆਂ, ਮੰਡੀਆਂ ਉਤੇ ਕਬਜ਼ੇ ਅਤੇ ਕਾਰਪੋਰੇਟ ਘਰਾਣਿਆਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਖੁਲ੍ਹੀ ਲੁੱਟ ਖਸੁੱਟ ਕਰਨ ਵਾਸਤੇ ਵਿਕਾਸਸ਼ੀਲ ਦੇਸ਼ਾਂ ਉਤੇ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ ਦੀਆਂ ਮਨਮਾਨੇ ਢੰਗ ਨਾਲ ਕੀਤੀਆਂ ਜਾਂਦੀਆਂ ਕਾਰਵਾਈਆਂ ਸਾਮਰਾਜੀ ਦੇਸ਼ਾਂ ਦਾ ਸ਼ੌਕ ਬਣ ਗਿਆ ਹੈ। ਆਪਣੇ ਹੱਥ ਠੋਕਿਆਂ ਰਾਹੀਂ ਸਾਮਰਾਜ ਨਿਰਦੇਸ਼ਤ ਆਰਥਿਕ ਨੀਤੀਆਂ ਪਛੜੇ ਮੁਲਕਾਂ ਉਤੇ ਲਾਗੂ ਕਰਨ ਲਈ ਸੰਸਾਰ ਮੁਦਰਾ ਕੋਸ਼ (ਉ) ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਯੂ.ਐਨ.ਓ. ਨੂੰ ਪੂਰੀ ਤਰ੍ਹਾਂ ਅਗਵਾ ਕਰਕੇ ਆਪਣੀਆਂ ਹਮਲਾਵਰ ਕਾਰਵਾਈਆਂ ਉਤੇ ਸਹਿਮਤੀ ਦੀ ਮੋਹਰ ਲਗਾਈ ਜਾਂਦੀ ਹੈ। 'ਅੱਤਵਾਦ' ਨੂੰ ਦਬਾਉਣ ਦਾ ਨਾਂਅ ਲੈ ਕੇ ਜੰਗੀ ਕਾਰਵਾਈਆਂ ਵਿਚ ਗਲਤਾਨ ਨਾਟੋ ਦੇਸ਼, ਖਾਸਕਰ ਅਮਰੀਕਨ ਸਾਮਰਾਜ, ਜੋ ਆਪ ਸਭ ਤੋਂ ਵੱਡੇ ਦਹਿਸ਼ਤਗਰਦ ਹਨ ਤੇ ਦੁਨੀਆਂ ਭਰ ਵਿਚ ਅਣਮਨੁੱਖੀ ਕਾਰਵਾਈਆਂ ਅਤੇ ਤਸੀਹੇ ਦੇ ਕੇ ਸਾਮਰਾਜ ਵਿਰੋਧੀ ਲਹਿਰਾਂ ਨੂੰ ਕੁਚਲਣਾ ਚਾਹੁੰਦੇ ਹਨ, ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਖੁਲ੍ਹੀ ਦਖਲ ਅੰਦਾਜ਼ੀ ਕਰ ਰਹੇ ਹਨ।

ਤ੍ਰਾਸਦੀ ਇਹ ਹੈ ਕਿ ਭਾਰਤ ਦੀ ਸਰਕਾਰ, ਜਿਸਦਾ ਮੁਖੀ ਸ. ਮਨਮੋਹਨ ਸਿੰਘ, ਜਿਹੜਾ ਅਰਥਸ਼ਾਸਤਰ (ਸ਼ਿਕਾਗੋ ਸਕੂਲ ਆਫ ਥਾਟ) ਦੇਸ਼ ਵਿਚ ਲਾਗੂ ਕਰ ਰਿਹਾ ਹੈ, ਉਹ ਕਾਰਪੋਰੇਟ ਘਰਾਣਿਆਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਦੇਸ਼ ਦੇ ਕੁਦਰਤੀ ਖਜ਼ਾਨੇ ਕੌਡੀਆਂ ਦੇ ਭਾਅ ਲੁੱਟਣ ਲਈ ਨਵ-ਉਦਾਰਵਾਦੀ ਨੀਤੀਆਂ ਨੂੰ ਬੜੀ ਬੇਸ਼ਰਮੀ ਨਾਲ ਲਾਗੂ ਕਰ ਰਿਹਾ ਹੈ। ਸਾਮਰਾਜੀ ਧਾੜਵੀਆਂ ਨਾਲ ਆਰਥਕ ਤੇ ਵਿਉਪਾਰ ਸੌਦੇ ਪਾਰਲੀਮੈਂਟ ਦੀ ਮਨਜ਼ੂਰੀ ਤੋਂ ਬਿਨਾਂ ਤੇ ਆਮ ਲੋਕਾਂ ਦੀ ਪਿੱਠ ਪਿੱਛੇ ਕੀਤੇ ਜਾ ਰਹੇ ਹਨ। ਇਨ੍ਹਾਂ ਤਬਾਹਕੁੰਨ ਤੇ ਦੇਸ਼ ਨੂੰ ਵੇਚਣ ਵਾਲੇ ਕਦਮਾਂ ਦਾ ਨਾਮ ''ਆਰਥਕ ਸੁਧਾਰ'' ਰੱਖਿਆ ਗਿਆ ਹੈ, ਜੋ ਦੇਸ਼ ਦੇ ਗਲ ਵਿਚ ਨਵ-ਬਸਤੀਵਾਦੀ ਜੂਲਾ ਪਾਉਣ ਵੱਲ ਸੇਧਤ ਹਨ। ਇਨ੍ਹਾਂ ਨੀਤੀਆਂ ਦੇ ਲਾਗੂ ਕਰਨ ਦਾ ਸਿੱਟਾ ਉਹੀ ਨਿਕਲ ਰਿਹਾ ਹੈ, ਜੋ ਦੁਨੀਆਂ ਦੇ ਬਾਕੀ ਦੇਸ਼ਾਂ ਜਿਵੇਂ ਬਰਾਜ਼ੀਲ, ਅਰਜਨਟਾਈਨਾ, ਮੈਕਸੀਕੋ, ਬੁਲੀਵੀਆ, ਚਿੱਲੀ, ਸ੍ਰੀਲੰਕਾ, ਪਾਕਿਸਤਾਨ ਆਦਿ ਵਿਚ ਸਾਹਮਣੇ ਆਇਆ ਹੈ। ਮਹਿੰਗਾਈ, ਬੇਕਾਰੀ ਤੇ ਗਰੀਬੀ ਵਿਚ ਵਾਧਾ ਅਤੇ ਗਰੀਬੀ-ਅਮੀਰੀ ਦਾ ਪਾੜਾ ਵਧਾਉਂਦਿਆਂ ਹੋਇਆਂ ਇਹ ਨਵ-ਉਦਾਰਵਾਦੀ ਨੀਤੀਆਂ ਸਵੈ-ਨਿਰਭਰਤਾ ਉਤੇ ਆਧਾਰਤ ਆਰਥਿਕ ਉਨਤੀ, ਜੋ ਇਕ ਹੱਦ ਤੱਕ ਵਸੋਂ ਦੇ ਵਿਸ਼ਾਲ ਭਾਗਾਂ ਦੇ ਹਿੱਤਾਂ ਦਾ ਧਿਆਨ ਰੱਖਣ ਵੱਲ ਸੇਧਤ ਹੁੰਦੀ ਹੈ, ਦੀ ਥਾਂ ਚੰਦ ਧਨਵਾਨਾਂ ਦੀ ਉਨਤੀ ਅਤੇ ਜਨਤਾ ਦੇ ਵੱਡੇ ਬਹੁਮਤ ਦੀ ਤਬਾਹੀ ਕਰ ਰਹੀਆਂ ਹਨ।

ਇਕ ਹੋਰ ਖਤਰਨਾਕ ਪਹਿਲੂ ਇਹ ਹੈ ਕਿ ਸਰਮਾਏਦਾਰ-ਜਗੀਰਦਾਰ ਜਮਾਤਾਂ ਦੀਆਂ ਲਗਭਗ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਆਪਸੀ ਰਾਜਨੀਤਕ ਤੇ ਵਿਚਾਰਧਾਰਕ ਮੱਤਭੇਦਾਂ ਦੇ ਬਾਵਜੂਦ ਇਨ੍ਹਾਂ ਨਵ ਉਦਾਰਵਾਦੀ ਆਰਥਿਕ ਨੀਤੀਆਂ ਦੀਆਂ ਹਮਾਇਤੀ ਹਨ ਅਤੇ ਇਨ੍ਹਾਂ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਜਬਰ ਜ਼ੁਲਮ ਨਾਲ ਦਬਾਉਣ ਲਈ ਹਰ ਹੱਥਕੰਡਾ ਵਰਤਦੀਆਂ ਹਨ। ਲੋਕਾਂ ਦਾ ਧਿਆਨ ਰੋਟੀ, ਰੋਜ਼ੀ, ਮਕਾਨ, ਵਿਦਿਆ, ਸਿਹਤ ਰੁਜ਼ਗਾਰ ਆਦਿ ਵਰਗੇ ਬੁਨਿਆਦੀ ਮੁੱਦਿਆਂ ਤੋਂ ਲਾਂਭੇ ਕਰਨ ਵਾਸਤੇ ਇਹ ਲੁਟੇਰੀਆਂ ਰਾਜਨੀਤਕ ਪਾਰਟੀਆਂ ਫਿਰਕਾਪ੍ਰਸਤੀ, ਜਾਤਪਾਤ, ਇਲਾਕਾਵਾਦ ਤੇ ਹੋਰ ਹਰ ਤਰ੍ਹਾਂ ਦੇ ਸ਼ਾਵਨਵਾਦੀ ਨਾਅਰੇ ਲਾ ਕੇ ਵੰਡਵਾਦੀ ਲਹਿਰਾਂ ਖੜੀਆਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਸਰਕਾਰਾਂ ਆਪਣੀਆਂ ਸਾਰੀਆਂ ਕਮਜ਼ੋਰੀਆਂ ਅਤੇ ਬੁਰਾਈਆਂ ਨੂੰ ਛੁਪਾਉਣ ਵਾਸਤੇ ਦੇਸ਼ ਦੀ ਸੁਰੱਖਿਆ ਲਈ ਅੱਤਵਾਦ, ਨਕਸਲਵਾਦ ਆਦਿ ਦੇ ਖਤਰੇ ਦੇ ਮੁੱਦੇ ਉਠਾ ਕੇ ਲੋਕਾਂ ਨੂੰ ਭੈਅਭੀਤ ਕਰਨ ਦਾ ਯਤਨ ਵੀ ਕਰਦੀਆਂ ਹਨ ਤਾਂ ਕਿ ਲੋਕਾਂ ਨੂੰ ਸੁਰੱਖਿਆ ਦੇਣ ਦੇ ਨਾਂਅ ਹੇਠਾਂ ਉਹ ਕੋਈ ਵੀ ਲੋਕ ਵਿਰੋਧੀ ਤੇ ਦਬਾਊ ਕਦਮ ਚੁੱਕ ਸਕਣ ਤੇ ਜਨ ਸਮੂਹ ਭੰਬਲ ਭੂਸੇ 'ਚ ਪੈ ਕੇ ਇਨ੍ਹਾਂ ਵੱਲ ਧਿਆਨ ਨਾਂ ਦੇਣ। ਇਨ੍ਹਾਂ ਖਤਰਿਆਂ ਨੂੰ ਉਭਾਰਨ ਨਾਲ ਸਰਕਾਰ ਜਬਰ ਦੇ ਕਿਸੇ ਵੀ ਹੱਦ ਨੂੰ ਪਾਰ ਕਰ ਸਕਦੀ ਹੈ।

ਜਦੋਂ ਵੀ ਕਦੀ ਲੋਕ ਸਭਾ/ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਸਮਾਂ ਆਉਂਦਾ ਹੈ ਤਾਂ ਆਮ ਤੌਰ 'ਤੇ ਜਨ ਸਧਾਰਣ ਵਿਚ ਸਥਾਪਤੀ ਭਾਵ ਰਾਜ ਸੱਤਾ ਉਤੇ ਬਿਰਾਜਮਾਨ ਹਾਕਮ ਧਿਰ ਦੇ ਵਿਰੁੱਧ ਭਾਵਨਾ ਭਾਰੂ ਹੁੰਦੀ ਹੈ। ਇਹ ਸਥਾਪਤੀ ਵਿਰੋਧੀ ਭਾਵਨਾ ਪੈਦਾ ਕਰਨ ਵਿਚ ਵਿਰੋਧ ਵਿਚ ਬੈਠੀਆਂ ਹਾਕਮ ਧਿਰਾਂ ਦੀਆਂ ਦੂਸਰੀਆਂ ਰਾਜਸੀ ਪਾਰਟੀਆਂ ਵੀ ਪੂਰਾ ਟਿਲ ਲਾ ਦਿੰਦੀਆਂ ਹਨ। ਸਮਾਜ ਵਿਚ ਪਸਰੀਆਂ ਸਾਰੀਆਂ ਬਿਮਾਰੀਆਂ, ਮਹਿੰਗਾਈ, ਬੇਕਾਰੀ, ਭਰਿਸ਼ਟਾਚਾਰ ਬਦ-ਅਮਨੀ ਤੇ ਹਰ ਕਿਸਮ ਦੀ ਲੁੱਟ ਖਸੁੱਟ ਲਈ ਗੱਦੀ 'ਤੇ ਬੈਠੀ ਰਾਜਨੀਤਕ ਜੁੰਡਲੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ। ਉਦਾਹਰਣ ਵਜੋਂ ਅੱਜ ਦੇ ਸਮੇਂ ਵਿਚ ਸਥਾਪਤੀ ਦੀ ਇਹ ਧਿਰ ਕੇਂਦਰ ਵਿਚ ਯੂ.ਪੀ.ਏ. ਦੀ ਸਰਕਾਰ, ਜਿਸਦੀ ਅਗਵਾਈ ਕਾਂਗਰਸ ਪਾਰਟੀ ਕਰਦੀ ਹੈ, ਹਰਿਆਣਾ, ਰਾਜਸਥਾਨ ਤੇ ਆਸਾਮ ਵਿਚ ਕਾਂਗਰਸ, ਯੂ.ਪੀ. ਵਿਚ ਬਸਪਾ, ਤਾਮਿਲਨਾਡੂ ਵਿਚ ਆਲ ਇੰਡੀਆ ਅੰਨਾ ਡੀ.ਐਮ.ਕੇ., ਬਿਹਾਰ ਵਿਚ ਜਨਤਾ ਦਲ (ਯੂ) ਅਤੇ ਭਾਜਪਾ, ਕਰਨਾਟਕਾ, ਗੁਜਰਾਤ, ਮੱਧ ਪ੍ਰਦੇਸ਼ ਤੇ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਅਤੇ ਪੰਜਾਬ ਵਿਚ ਅਕਾਲੀ ਦਲ-ਭਾਜਪਾ ਦੀ ਸਰਕਾਰ ਹੈ। ਰੱਤਾ ਭਰ ਸ਼ੱਕ ਦੇ ਬਿਨਾਂ ਇਹ ਉਪਰੋਕਤ ਦੱਸੀਆਂ ਸਾਰੀਆਂ ਸਰਕਾਰਾਂ ਦੀਆਂ ਨੀਤੀਆਂ ਸਾਡੇ ਲੋਕਾਂ ਦੇ ਸਭ ਬੁਨਿਆਦੀ ਦੁੱਖ ਦਰਦਾਂ ਦੀ ਜੜ੍ਹ ਹਨ ਅਤੇ ਸਥਾਪਤੀ ਵਜੋਂ ਦੁਸ਼ਮਣਾਂ ਦੀ ਕਤਾਰ ਵਿਚ ਖੜ੍ਹੀਆਂ ਹਨ।

ਪਰ ਇਨ੍ਹਾਂ ਸਰਕਾਰਾਂ ਦੇ ਵਿਰੋਧ ਵਿਚ ਬੈਠੀਆਂ ਸਰਮਾਏਦਾਰ-ਜਗੀਰਦਾਰ ਲੁਟੇਰੀਆਂ ਜਮਾਤਾਂ ਦੀਆਂ ਦੂਸਰੀਆਂ ਰਾਜਨੀਤਕ ਪਾਰਟੀਆਂ ਵੀ ਉਸ ਲੋਕ ਵਿਰੋਧੀ ਸਥਾਪਤੀ ਦਾ ਅੱਧਾ ਭਾਗ ਹਨ। ਇਨ੍ਹਾਂ ਦੇ ਰਾਜ ਭਾਗ ਦੌਰਾਨ ਇਨ੍ਹਾਂ ਧਿਰਾਂ ਦੀਆਂ ਨੀਤੀਆਂ ਅਤੇ ਅਮਲਾਂ ਨੇ ਵੀ ਜਨ ਸਧਾਰਨ ਦੀਆਂ ਮੁਸੀਬਤਾਂ ਵਿਚ ਉਵੇਂ ਹੀ ਵਾਧਾ ਕੀਤਾ ਹੈ ਜਿਵੇਂ ਅੱਜ ਦੇ ਹਾਕਮ ਕਰ ਰਹੇ ਹਨ। ਸਾਮਰਾਜ ਦੀ ਸੇਵਾਦਾਰੀ ਕਰਨ ਵਿਚ ਵੀ ਦੋਨੋਂ ਪਾਸੇ ਇਕੋ ਜਿੰਨੇ ਹੀ ਦੋਸ਼ੀ ਹਨ। ਪ੍ਰੰਤੂ ਮੌਜੂਦਾ ਸਥਾਪਤੀ ਦੇ ਵਿਰੋਧ ਦੇ ਗੁਬਾਰ 'ਚ ਦੂਸਰੇ ਪਾਸੇ ਹਾਕਮ ਜਮਾਤਾਂ ਨਾਲ ਸੰਬੰਧਤ ਉਸੇ ਤਰ੍ਹਾਂ ਦੇ ਜ਼ਹਿਰੀਲੇ ਨਾਗ ਜ਼ਿਆਦਾਤਰ ਆਮ ਲੋਕਾਂ ਦੀਆਂ ਨਿਗਾਹਾਂ ਤੋਂ ਬਚੇ ਰਹਿੰਦੇ ਹਨ। ਸਿੱਟੇ ਵਜੋਂ ਦੋ ਲੋਕ ਵਿਰੋਧੀ ਰਾਜਸੀ ਪਾਰਟੀਆਂ/ਰਾਜਸੀ ਗਠਜੋੜ ਵਾਰੋ ਵਾਰੀ ਸੱਤਾ ਉਤੇ ਕਾਬਜ਼ ਹੁੰਦੇ ਰਹਿੰਦੇ ਹਨ।

ਰਵਾਇਤੀ ਖੱਬੀਆਂ ਧਿਰਾਂ ਵੀ ਸਮੁੱਚੇ ਲੋਕ ਵਿਰੋਧੀ ਪ੍ਰਬੰਧ ਦੀ ਅੱਧੀ ਸਥਾਪਤੀ ਦੀ ਧਿਰ ਨੂੰ ਪਰਦੇ ਪਿੱਛੇ ਛੁਪਣ ਵਿਚ ਇਕ ਤਰ੍ਹਾਂ ਨਾਲ ਮਦਦਗਾਰ ਸਿੱਧ ਹੋ ਰਹੀਆਂ ਹਨ। ਪਹਿਲੀ ਯੂ.ਪੀ.ਏ. ਸਰਕਾਰ ਵਿਚ ਸ਼ਾਮਲ ਰਾਜਨੀਤਕ ਪਾਰਟੀਆਂ, ਕਾਂਗਰਸ ਤੇ ਇਸਦੀਆਂ ਸਹਿਯੋਗੀ ਪਾਰਟੀਆਂ ਨੂੰ, ਹਮਾਇਤ ਦੇ ਰਹੀਆਂ ਖੱਬੀਆਂ ਧਿਰਾਂ ਲਗਭਗ 4 ਸਾਲ ਲੋਕ ਪੱਖੀ ਦਿਖ ਦੇਣ ਦਾ ਉਪਰਾਲਾ ਕਰਦੀਆਂ ਰਹੀਆਂ ਹਨ। ਪਿੱਛੇ ਜਿਹੇ ਹੋਈਆਂ ਅਸੰਬਲੀ ਚੋਣਾਂ ਵਿਚ ਇਹਨਾਂ ਧਿਰਾਂ ਨੇ ਤਾਮਿਲਨਾਡੂ ਵਿਚ ਇਕ ਲੋਕ ਵਿਰੋਧੀ ਸਥਾਪਤੀ ਦੀ ਧਿਰ ਡੀ.ਐਮ.ਕੇ. ਤੇ ਕਾਂਗਰਸ ਦਾ ਵਿਰੋਧ ਕਰਦਿਆਂ ਹੋਇਆਂ ਓਨੀ ਹੀ ਤਿੱਖੇ ਡੰਗ ਵਾਲੀ ਕੁਮਾਰੀ ਜੈ ਲਲਿਤਾ ਦੀ ਪਾਰਟੀ ਨਾਲ ਸਾਂਝਾ ਮੰਚ ਬਣਾ ਕੇ ਇਸਨੂੰ 'ਲੋਕ ਹਿਤੂ' ਬਣਾਉਣ ਵਿਚ ਹਿੱਸਾ ਪਾ ਕੇ ਵੱਡਾ ਰਾਜਸੀ 'ਧਰੋਹ' ਕਮਾਇਆ ਹੈ। ਅਜਿਹਾ ਪਿਛਲੇ ਸਮਿਆਂ ਵਿਚ ਅਨੇਕਾਂ ਵਾਰ ਆਂਧਰਾ ਪ੍ਰਦੇਸ਼, ਬਿਹਾਰ, ਯੂ.ਪੀ. ਤੇ ਪੰਜਾਬ ਵਿਚ ਵੀ ਵਾਪਰਦਾ ਰਿਹਾ ਹੈ।

ਉਹ ਸਾਰੇ ਲੋਕ ਤੇ ਰਾਜਨੀਤਕ ਦਲ, ਜੋ ਹਕੀਕੀ ਸਮਾਜਿਕ ਤਬਦੀਲੀ ਲਈ ਵਚਨਬੱਧ ਹਨ ਤੇ ਯਤਨਸ਼ੀਲ ਵੀ ਹਨ, ਜੇਕਰ ਮੌਜੂਦਾ ਸਰਮਾਏਦਾਰ-ਜਗੀਰਦਾਰ ਲੁਟੇਰੇ ਪ੍ਰਬੰਧ ਦੇ ਹੱਕ ਵਿਚ ਖੜੀਆਂ ਸਾਰੀਆਂ ਹੀ ਰਾਜਨੀਤਕ ਧਿਰਾਂ ਨੂੰ ਇਕ ਹੀ ਸਥਾਪਤੀ ਦੇ ਰੂਪ ਵਿਚ ਲੋਕ ਵਿਰੋਧੀ ਧਿਰ ਮੰਨਕੇ ਉਨ੍ਹਾਂ ਦਾ ਪਰਦਾਫਾਸ਼ ਕਰਨ ਅਤੇ ਉਨ੍ਹਾਂ ਵਿਰੁੱਧ ਵਿਸ਼ਾਲ ਸੰਗਰਾਮ ਸ਼ੁਰੂ ਕਰ ਦੇਣ ਤਾਂ ਇਹ ਕਰੋੜਾਂ ਲੋਕਾਂ ਦੀਆਂ ਅੱਖਾਂ ਤੋਂ ਸਾਲਾਬੱਧੀ ਛੁਪੀ ਹੋਈ ਦੁਸ਼ਮਣ ਰਾਜਨੀਤਕ ਧਿਰ ਨੂੰ ਬੇਪਰਦ ਕਰਨ ਵਿਚ ਬਹੁਤ ਹੀ ਉਸਾਰੂ ਤੇ ਵੱਡਮੁੱਲੀ ਭੂਮਿਕਾ ਅਦਾ ਕਰ ਸਕਦੀਆਂ ਹਨ। ਇਸ ਤਰ੍ਹਾਂ ਸਮੁੱਚੀ ਲੋਕ ਵਿਰੋਧੀ ਸਥਾਪਤੀ ਦੇ ਵਿਰੋਧ ਵਿਚ ਉਠੀ ਜਨਤਕ ਲਹਿਰ ਹਕੀਕੀ ਰੂਪ ਵਿਚ ਇਕ ਮੁਤਬਾਦਲ ਅਖਵਾਉਣ ਦੀ ਹੱਕਦਾਰ ਹੋਵੇਗੀ। ਇਸ ਮੁਤਬਾਦਲ ਨੂੰ ਤੀਸਰਾ ਬਦਲ ਆਖਣ ਦੀ ਥਾਂ 'ਦੂਸਰਾ ਬਦਲ' ਕਹਿਣਾ ਜ਼ਿਆਦਾ ਵਾਜਿਬ ਤੇ ਤਰਕਸੰਗਤ ਹੋਵੇਗਾ ਤੇ ਪੀੜਤ ਲੋਕਾਂ ਦੀ ਕਾਇਆ ਕਲਪ ਕਰਨ ਵਿਚ ਮਦਦਗਾਰ ਬਣੇਗਾ। ਸ਼ਾਇਦ ਰਵਾਇਤੀ ਖੱਬੀਆਂ ਧਿਰਾਂ ਦੇ ਹੇਠਲੇ ਕਾਰਕੁੰਨਾਂ ਤੱਕ ਇਹ ਅਵਾਜ਼ ਪਹੁੰਚ ਕੇ ਉਨ੍ਹਾਂ ਨੂੰ ਵੀ ਇਨਕਲਾਬੀ ਪੱਟੜੀ ਉਤੇ ਮੁੜ ਵਾਪਸ ਪਾਉਣ ਲਈ ਸਹਾਈ ਸਿੱਧ ਹੋ ਸਕੇ! ਦੁਸ਼ਮਣ ਸਿਰਫ ਉਹ ਹੀ ਨਹੀਂ ਜੋ ਨਿਗਾਹ ਦੇ ਸਾਹਮਣੇ ਲਕੀਰ ਦੇ ਉਸ ਪਾਰ ਖੜ੍ਹਾ ਨਜ਼ਰ ਆਉਂਦਾ ਹੈ, ਸਗੋਂ ਦੁਸ਼ਮਣ ਉਹ ਵੀ ਹੈ ਜੋ ਚੋਰੀ ਕਰਨ ਤੋਂ ਬਾਅਦ ਚੋਰ-ਚੋਰ ਕਰਦਾ ਹੋਇਆ ਚੋਰ ਫੜਨ ਜਾ ਰਹੇ ਸਧਾਰਨ ਲੋਕਾਂ ਵਿਚ ਘੁਲਮਿਲ ਕੇ ਲੋਕਾਂ ਦੇ ਅੱਖੀਂ ਘੱਟਾ ਪਾ ਰਿਹਾ ਹੈ। ਇਹ ਦੁਸ਼ਮਣ ਕਈਆਂ ਪੱਖਾਂ ਤੋਂ ਪਹਿਲੇ ਦੁਸ਼ਮਣ ਤੋਂ ਵੀ ਵੱਧ ਸ਼ਾਤਰ ਤੇ ਵਧੇਰੇ ਖਤਰਨਾਕ ਹੈ ਜੋ ਪਹਿਰਾਵਾ ਬਦਲ ਕੇ ਆਪਣਾ ਅਸਲ ਚਿਹਰਾ ਛੁਪਾਈ ਬੈਠਾ ਹੈ।

ਦੇਸ਼ ਪੱਧਰ ਉਤੇ ਖੱਬੀ ਲਹਿਰ ਦੀ ਕਮਜ਼ੋਰੀ ਇਹ ਹੈ ਕਿ ਸਾਡੇ ਲੋਕਾਂ ਦੇ ਏਨੇ ਪੀੜਤ ਹੋਣ ਦੇ ਬਾਵਜੂਦ ਵੀ ਇਹ ਧਿਰਾਂ ਉਨ੍ਹਾਂ ਦੀ ਕੋਈ ਮਜ਼ਬੂਤ ਤੇ ਵਿਸ਼ਾਲ ਜਨਤਕ ਲਹਿਰ ਖੜੀ ਨਹੀਂ ਕਰ ਸਕੀਆਂ ਜੋ ਮੌਜੂਦਾ ਰਾਜ ਪ੍ਰਬੰਧ ਲਈ ਇਕ ਫੈਸਲਾਕੁੰਨ ਲਲਕਾਰ ਬਣ ਸਕੇ। ਇਹ ਵੀ ਅਟੱਲ ਸਚਾਈ ਹੈ ਕਿ ਮਜ਼ਬੂਤ ਲੋਕ ਪੱਖੀ ਖੱਬੀ ਲਹਿਰ ਹੀ ਦੇਸ਼ ਨੂੰ ਮੌਜੂਦਾ ਸੰਤਾਪ ਵਿਚੋਂ ਬਾਹਰ ਕੱਢ ਸਕਦੀ ਹੈ ਤੇ ਦੇਸ਼ ਨੂੰ ਸਾਮਰਾਜ ਦੀ ਚੁੰਗਲ ਵਿਚ ਫਸਣ ਤੋਂ ਬਚਾ ਸਕਦੀ ਹੈ। ਇਸ ਲਈ ਜ਼ਰੂਰਤ ਹੈ ਕਿ 15 ਅਗਸਤ ਦਾ 65ਵਾਂ ਆਜ਼ਾਦੀ ਦਿਵਸ ਲੁੱਟੇ ਪੁੱਟੇ ਜਾ ਰਹੇ ਮਿਹਨਤਕਸ਼ ਲੋਕਾਂ ਲਈ ਕੋਈ ਝੂਠੀ ਖੁਸ਼ੀ ਮਨਾਉਣ ਜਾਂ ਫੌਰੀ ਤਸੱਲੀ ਪ੍ਰਗਟ ਕਰਨ ਵਾਲਾ ਨਾ ਰਹਿ ਕੇ ਇਸ ਲੁੱਟ ਖਸੁੱਟ ਦੇ ਰਾਜ ਦਾ ਖਾਤਮਾ ਕਰਕੇ ਇਕ ਬਰਾਬਰਤਾ ਉਤੇ ਅਧਾਰਤ ਸਮਾਜਵਾਦੀ ਪ੍ਰਬੰਧ ਉਸਾਰਨ ਲਈ ਸੰਘਰਸ਼ ਤੇਜ਼ ਕਰਨ ਦੇ ਅਹਿਦ ਵਜੋਂ ਹੋ ਨਿਬੜੇ। ਅਜਿਹਾ ਅਹਿਦ ਹੀ ਸਾਡੇ ਲੋਕਾਂ ਵਾਸਤੇ ਦੇਸ਼ ਭਗਤਾਂ ਦੇ ਆਜ਼ਾਦੀ ਸੰਗਰਾਮ ਦੌਰਾਨ ਸਿਰਜੇ ਸੁਨਹਿਰੀ ਸੁਪਨਿਆਂ ਨੂੰ ਸਾਕਾਰ ਕਰਨ ਦਾ ਹੀਲਾ ਬਣ ਸਕਦਾ ਹੈ ਅਤੇ ਦੇਸ਼ ਦੀ ਸਵਾ ਅਰਬ ਦੇ ਕਰੀਬ ਅਬਾਦੀ ਨੂੰ ਅਣਖ ਭਰੀ, ਖੁਸ਼ਹਾਲ ਤੇ ਜਿਊਣ ਯੋਗ ਜ਼ਿੰਦਗੀ ਪ੍ਰਦਾਨ ਕਰ ਸਕਦਾ ਹੈ।

# ਅੰਨਾ ਹਜ਼ਾਰੇ ਦੀ ਭੁੱਖ-ਹੜਤਾਲ ਦੇ ਅਰਥ

ਲੋਕਪਾਲ ਬਿੱਲ ਨੂੰ ਲੈ ਕੇ ਚੱਲੀ ਅੰਨਾ ਹਜ਼ਾਰੇ ਦੀ ਚਾਰ ਦਿਨ ਦੀ ਭੁੱਖ ਹੜਤਾਲ ਅਤੇ ਇਹਦੀ ਦੀ ਪ੍ਰਤੀਕਿਰਿਆ ਵਜੋਂ ਦੇਸ਼ ਭਰ ਵਿਚ ਜਨੂੰਨ ਦਾ ਜਿਹੜਾ ਮਾਹੌਲ ਬਣ ਗਿਆ ਸੀ, ਉਹਦੇ ਉਪਰ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਹ ਦੇਖਿਆ ਜਾਣਾ ਜ਼ਰੂਰੀ ਹੈ ਕਿ ਆਖ਼ਰ ਜਿਸ ਲੋਕਪਾਲ ਬਿੱਲ ਦੀ ਲੜਾਈ ਨੂੰ ਆਜ਼ਾਦੀ ਦੀ ਦੂਸਰੀ ਲੜਾਈ ਦੱਸਿਆ ਜਾ ਰਿਹਾ ਹੈ ਅਤੇ ਜਿਸ ਭੁੱਖ ਹੜਤਾਲ ਦਾ ਮੁਕਾਬਲਾ ਮਹਾਂਤਮਾ ਗਾਂਧੀ ਵਲੋਂ ਕੀਤੇ ਗਏ ਅੰਦੋਲਨਾਂ ਨਾਲ ਕੀਤਾ ਜਾ ਰਿਹਾ ਹੈ, ਉਸ ਵਿਚ ਅਜਿਹਾ ਕੀ ਹੈ ਜੋ ਦੇਸ਼ ਨੂੰ ਨਵੇਂ ਸਿਰੇ ਤੋਂ ਆਜ਼ਾਦ ਕਰਾ ਦਏਗਾ। ਇਹ ਵੀ ਦੇਖਣਾ ਹੋਵੇਗਾ ਕਿ ਜੋ ਲੋਕ ਦੇਸ਼ ਦਾ ਕਲਿਆਣ ਕਰਨ ਦਾ ਦਾਅਵਾ ਕਰ ਰਹੇ ਹਨ ਅਤੇ ਇਸ ਦਾਅਵੇ ਨੂੰ ਸਥਾਪਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ, ਉਨ੍ਹਾਂ ਦੀ ਹਕੀਕਤ ਕੀ ਹੈ? ਇਸ ਭੁੱਖ ਹੜਤਾਲ ਦੀ ਤੁਲਨਾ ਗਾਂਧੀ ਜੀ ਦੀ ਭੁੱਖ ਹੜਤਾਲ ਨਾਲ ਕੀਤੇ ਜਾਣ ਦੀ ਗੱਲ ਵੀ ਕਾਫੀ ਹੈਰਾਨ ਕਰਨ ਵਾਲੀ ਹੈ। ਅਕਸਰ ਭੁੱਖ ਹੜਤਾਲਾਂ ਜਾਂ ਸ਼ਾਂਤੀਪੂਰਨ ਅੰਦੋਲਨਾਂ ਦੀ ਗੱਲ ਕਰਦੇ ਹੋਏ ਇਸ ਇਤਿਹਾਸਕ ਤੱਥ ਨੂੰ ਭੁਲਾ ਦਿੱਤਾ ਜਾਂਦਾ ਹੈ ਕਿ ਜੇਲ੍ਹ ਅੰਦਰ ਆਪਣੇ ਮਨੁੱਖੀ ਅਧਿਕਾਰਾਂ ਦੀ ਮੰਗ ਨੂੰ ਲੈ ਕੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਵੀ ਭੁੱਖ ਹੜਤਾਲ 'ਤੇ ਗਏ ਸਨ। ਇਹ ਕੋਈ ਦੋ-ਚਾਰ ਦਿਨ ਦੀ ਭੁੱਖ ਹੜਤਾਲ ਨਹੀਂ ਸੀ। ਇਹ ਮਹੀਨਿਆਂ ਤਕ ਚਲੀ ਅਤੇ ਇਸ ਦਾ ਅੰਤ ਕ੍ਰਾਂਤੀਕਾਰੀ ਜਤਿਨ ਬਾਬੂ ਦੀ ਸ਼ਹੀਦੀ ਨਾਲ ਹੋਇਆ। ਪਰ ਗਾਂਧੀ ਜੀ ਸਾਹਮਣੇ ਝੁਕ ਜਾਣ ਵਾਲੀ ਸਰਕਾਰ ਭਗਤ ਸਿੰਘ ਦੇ ਸਾਥੀਆਂ ਸਾਹਮਣੇ ਨਹੀਂ ਝੁਕੀ, ਉਵੇਂ ਹੀ ਜਿਵੇਂ ਤਮਾਮ ਮੁੱਦਿਆਂ 'ਤੇ ਸਰਕਾਰ ਅੱਗੇ ਅੜ ਜਾਣ ਵਾਲੇ ਗਾਂਧੀ, ਭਗਤ ਸਿੰਘ ਦੇ ਮੁੱਦੇ 'ਤੇ ਬਿਨਾਂ ਲੜੇ ਹੀ ਝੁਕ ਗਏ।

ਲੋਕਪਾਲ ਬਿੱਲ ਦਾ ਮਾਮਲਾ ਕਾਫੀ ਪੁਰਾਣਾ ਹੈ। ਜ਼ਾਹਰ ਤੌਰ 'ਤੇ ਸਰਕਾਰਾਂ ਇਸ ਨੂੰ ਲਾਗੂ ਕਰਨ ਤੋਂ ਬਚਦੀਆਂ ਰਹੀਆਂ ਕਿਉਂਕਿ ਇਸ ਦਾ ਦਾਇਰਾ ਪ੍ਰਧਾਨ ਮੰਤਰੀ, ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਸਿੱਧੇ ਘੇਰੇ ਵਿਚ ਲਿਆਉਣ ਵਾਲਾ ਸੀ। ਲੋਕਪਾਲ ਬਿੱਲ ਦਾ ਪਹਿਲਾ ਮਸੌਦਾ ਚੌਥੀ ਲੋਕ ਸਭਾ ਵਿਚ 1969 ਵਿਚ ਰੱਖਿਆ ਗਿਆ ਸੀ। ਬਿੱਲ ਲੋਕ ਸਭਾ ਵਿਚ ਪਾਸ ਵੀ ਹੋ ਗਿਆ ਸੀ ਅਤੇ ਫਿਰ ਇਸ ਨੂੰ ਰਾਜ ਸਭਾ ਵਿਚ ਪੇਸ਼ ਕੀਤਾ ਗਿਆ ਪਰ ਇਸ ਦੌਰਾਨ ਲੋਕ ਸਭਾ ਭੰਗ ਹੋ ਜਾਣ ਕਾਰਨ ਇਹ ਬਿੱਲ ਪਾਸ ਨਹੀਂ ਹੋ ਸਕਿਆ। ਉਸ ਤੋਂ ਬਾਅਦ 1971, 1977, 1985, 1989, 1996, 1998, 2001, 2005 ਅਤੇ 2008 ਵਿਚ ਇਸ ਨੂੰ ਮੁੜ ਪੇਸ਼ ਕੀਤਾ ਗਿਆ ਪਰ ਵੱਖ ਵੱਖ ਕਾਰਨਾਂ ਕਰਕੇ ਇਸ ਦਾ ਹਸ਼ਰ ਮਹਿਲਾ ਰਾਖਵਾਂਕਰਨ ਬਿੱਲ ਵਾਂਗ ਹੀ ਹੋਇਆ। ਇਨ੍ਹਾਂ 42 ਸਾਲਾਂ ਵਿਚ ਕਈ ਪਾਰਟੀਆਂ ਦੀਆਂ ਸਰਕਾਰਾਂ ਆਈਆਂ, ਗਈਆਂ ਪਰ ਲੋਕਪਾਲ ਬਿੱਲ ਨੂੰ ਲੈ ਕੇ ਸਾਰਿਆਂ ਵਿਚਾਲੇ ਇਕ ਆਮ ਅਸਹਿਮਤੀ ਬਣੀ ਰਹੀ। ਯੂ.ਪੀ.ਏ. ਦੀ ਮੌਜੂਦਾ ਸਰਕਾਰ ਨੇ ਆਪਣੇ ਚੋਣ ਐਲਾਨਨਾਮੇ ਵਿਚ ਲੋਕਪਾਲ ਬਿੱਲ ਨੂੰ ਲਾਗੂ ਕਰਾਉਣ ਦਾ ਐਲਾਨ ਕੀਤਾ ਸੀ। ਸਰਕਾਰ ਬਣਨ ਮਗਰੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਅਗਵਾਈ ਵਿਚ ਜਿਹੜੀ ਸਲਹਾਕਾਰ ਕਮੇਟੀ ਬਣੀ ਸੀ ਉਸ ਦੇ ਸਾਹਮਣੇ ਇਹ ਬਿੱਲ ਚਰਚਾ ਲਈ ਰੱਖਿਆ ਵੀ ਗਿਆ ਸੀ। ਇਸ ਦੌਰਾਨ ਦੇਸ਼ ਭਰ ਦੇ ਤਮਾਮ ਬੁੱਧੀਜੀਵੀ, ਕਾਨੂੰਨਦਾਨ ਅਤੇ ਸਮਾਜਕ ਵਰਕਰ ਇਸ ਨੂੰ ਲੈ ਕੇ ਆਪਣੇ ਆਪਣੇ ਤਰੀਕੇ ਨਾਲ ਦਬਾਅ ਬਣਾ ਰਹੇ ਸਨ। ਦਬਾਅ ਦਾ ਇਕ ਪ੍ਰਮੁੱਖ ਬਿੰਦੂ ਇਹ ਸੀ ਕਿ ਸਿਆਸੀ ਲੋਕਾਂ ਤੋਂ ਇਲਾਵਾ ਹੋਰਨਾਂ ਖੇਤਰਾਂ ਦੇ ਲੋਕਾਂ ਨੂੰ ਵੀ ਇਸ ਬਿੱਲ ਦੀ ਖਰੜਾ ਕਮੇਟੀ ਵਿਚ ਰੱਖਿਆ ਜਾਵੇ। ਅਤੇ ਇਨ੍ਹਾਂ ਦਬਾਵਾਂ ਦਾ ਅਸਰ ਵੀ ਦਿੱਖ ਰਿਹਾ ਸੀ। 26 ਫਰਵਰੀ ਨੂੰ ਪਾਰਦਰਸ਼ਤਾ, ਜ਼ਿੰਮੇਵਾਰੀ ਐਤ ਕੰਟਰੋਲ ਉਪਰ ਬਣੀ ਕਾਰਜ ਕਮੇਟੀ ਵਲੋਂ ਲੋਕਪਾਲ ਬਿੱਲ ਦੇ ਨਿਰੀਖਣ ਦਾ ਫੈਸਲਾ ਲਿਆ ਗਿਆ। ਇਸ ਕਾਰਜ ਕਮੇਟੀ ਨੇ 4 ਅਪਰੈਲ ਨੂੰ ਇਕ ਮੀਟਿੰਗ ਵਿਚ ਪਹਿਲੀ ਵਾਰ ਸਿਵਿਲ ਸੁਸਾਇਟੀ ਦੇ ਲੋਕਾਂ ਨਾਲ ਸਲਾਹ ਮਸ਼ਵਰਾ ਕੀਤਾ। ਸਿਵਲ ਸੁਸਾਇਟੀ ਦੇ ਪ੍ਰਤੀਨਿਧੀਆਂ ਦੀ ਅਗਵਾਈ ਅਰੂਣਾ ਰਾਏ ਕਰ ਰਹੇ ਸਨ ਜਦਕਿ ਇਸ ਵਿਚ ਸ਼ਾਂਤੀ ਭੂਸ਼ਣ, ਪ੍ਰਭਾਤ ਕੁਮਾਰ, ਤ੍ਰਿਲੋਚਨ ਸ਼ਾਸਤਰੀ, ਜਗਦੀਪ ਛੋਕਰ, ਕਮਲ ਜੈਸਵਾਲ, ਸੰਤੋਸ਼ ਹੈਗੜੇ, ਨਰਿੰਦਰ ਜਾਧਵ, ਨਿਖਲ ਡੇ, ਸ਼ੇਖਰ ਸਿੰਘ, ਵਰਿੰਦਾ ਗਰੋਵਰ, ਹਰਸ਼ ਮੰਦਰ, ਵਜਾਹਤ ਹਬੀਬੁੱਲ੍ਹਾ, ਅਰਵਿੰਦ ਕੇਜਰੀਵਾਲ, ਸਵਾਮੀ ਅਗਨੀਵੇਸ਼, ਸਵਰੇਸ਼ ਸ਼ਰਮਾ, ਉਸ਼ਾ ਰਾਮਨਾਥਨ, ਸੰਤੇਸ਼ ਮੈਥਯੂ, ਸ਼ਾਂਤੀ ਨਾਰਾਇਣ, ਪ੍ਰਸ਼ਾਂਤ ਭੂਸ਼ਣ, ਸੰਦੀਪ ਪਾਂਡੇ ਸ਼ਾਮਲ ਸਨ। ਇਸ ਮੀਟਿੰਗ ਵਿਚ ਤਮਾਮ ਜਨ ਅੰਦੋਲਨਾਂ ਅਤੇ ਸਮੂਹਾਂ ਵਲੋਂ ਬਣਾਏ ਗਏ ਲੋਕਪਾਲ ਬਿੱਲ ਦੇ ਮਸੌਦਿਆਂ 'ਤੇ ਚਰਚਾ ਹੋਈ। ਇਸ ਮੀਟਿੰਗ ਵਿਚ ਤਮਾਮ ਮੁੱਦਿਆਂ 'ਤੇ ਸਹਿਮਤੀਆਂ ਬਣੀਆਂ ਅਤੇ ਕੁਝ ਇਕ ਦੇ ਹੋਰ ਵਧੇਰੇ ਨਿਰੀਖਣ ਦੀ ਗੱਲ ਕੀਤੀ ਗਈ। ਇਸ ਤੋਂ ਬਾਅਦ 28 ਅਪਰੈਲ ਨੂੰ ਦੂਸਰੀ ਮੀਟਿੰਗ ਪ੍ਰਸਤਾਵਤ ਸੀ।

ਹੁਣ ਸਵਾਲ ਇਹ ਹੈ ਕਿ ਇਸ ਦੌਰਾਨ ਆਖ਼ਰ ਅਜਿਹਾ ਕੀ ਹੋ ਗਿਆ ਕਿ ਗੱਲਬਾਤ ਦੀ ਪ੍ਰਕਿਰਿਆ ਨੂੰ ਛੱਡ ਕੇ ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਸਾਥੀ ਅਚਾਨਕ ਭੁੱਖ ਹੜਤਾਲ 'ਤੇ ਚਲੇ ਗਏ? ਆਖ਼ਰ ਇਸ ਭੁੱਖ ਹੜਤਾਲ ਨਾਲ ਉਨ੍ਹਾਂ ਨੂੰ ਅਜਿਹਾ ਕੀ ਮਿਲਿਆ ਜੋ ਗੱਲਬਾਤ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ ਸੀ? ਇਸ ਅੰਦੋਲਨ ਦੇ ਅਰਥ ਕੀ ਸਨ ਅਤੇ ਇਸ ਦਾ ਨਤੀਜਾ ਕੀ ਹੋਇਆ? ਇਨ੍ਹਾਂ ਸਾਰੇ ਸਵਾਲਾਂ ਤੋਂ ਪਹਿਲਾਂ ਆਓ ਜ਼ਰਾ ਲੋਕਪਾਲ ਬਿੱਲ ਅਤੇ ਉਸ ਨਾਲ ਜੁੜੀ ਬਹਿਸ ਨੂੰ ਵਿਸਥਾਰ ਨਾਲ ਸਮਝ ਲੈਂਦੇ ਹਾਂ।

ਸਰਕਾਰੀ ਖਰੜੇ ਅਤੇ ਇਸ ਦੇ ਬਦਲਵੈ ਖਰੜੇ ਵਿਚ ਸਭ ਤੋਂ ਵੱਡਾ ਫਰਕ ਇਹ ਹੈ ਕਿ ਇਹ ਲੋਕਪਾਲ ਸੰਸਥਾ ਨੂੰ ਇਕ ਸਲਾਹਕਾਰ ਦੀ ਥਾਂ ਸਿੱਧਾ ਕਰਾਵਾਈ ਕਰਨ ਵਾਲੀ ਸੰਸਥਾ ਵਿਚ ਤਬਦੀਲ ਕਰਨਾ ਚਾਹੁੰਦਾ ਹੈ ਜੋ ਲੋਕਾਂ ਤੋਂ ਸ਼ਿਕਾਇਤ ਮਿਲਣ 'ਤੇ ਸਿੱਧਾ ਪ੍ਰਧਾਨ ਮੰਤਰੀ ਤਕ ਦੇ ਖਿਲਾਫ਼ ਜਾਂਚ ਚਲਾ ਸਕਦਾ ਹੈ। ਇਸ ਕੋਲ ਪੁਲੀਸ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਸੀ.ਬੀ.ਆਈ. ਇਸ ਅਧੀਨ ਕੰਮ ਕਰੇਗੀ। ਜਿਥੇ ਸਰਕਾਰੀ ਬਿੱਲ ਵਿਚ ਘੱਟੋ-ਘੱਟ ਛੇ ਮਹੀਨੇ ਅਤੇ ਵਧ ਤੋਂ ਵਧ 7 ਸਾਲ ਦੀ ਸਜ਼ਾ ਦੀ ਵਿਵਸਥਾ ਹੈ,ਉਥੇ ਦੂਸਰੇ ਖਰੜੇ ਵਿਚ ਇਹ ਹੱਦ ਨੂੰ ਛੇ ਸਾਲ ਅਤੇ ਉਮਰ ਕੈਦ ਹੈ। ਦੇਖਿਆ ਜਾਵੇ ਤਾਂ ਇਹ ਦੋਵੇਂ ਖਰੜੇ ਦੋ ਅਤਿਰੇਕਾਂ 'ਤੇ ਖੜੇ ਹਨ। ਜਿਥੇ ਸਰਕਾਰੀ ਬਿੱਲ ਬਿਲਕੁਲ ਅਸਰ-ਅੰਦਾਜ ਨਹੀਂ, ਉਥੇ ਦੂਜਾ ਖਰੜਾ ਸੰਸਦ ਦੇ ਸਾਹਮਣੇ ਇਕ ਅਜਿਹਾ ਤਾਨਾਸ਼ਾਹੀ ਜੱਜ ਖੜਾ ਕਰਨਾ ਚਾਹੁੰਦਾ ਹੈ ਜਿਸ ਦੀ ਕਿਸੇ ਪ੍ਰਤੀ ਜਵਾਬਦਾਰੀ ਨਹੀਂ। ਦੇਖਿਆ ਜਾਏ ਤਾਂ ਇਹ ਇਕ ਫੌਜੀ ਸ਼ਾਸਕ ਵਰਗਾ ਅਹੁਦਾ ਹੋਵੇਗਾ ਜਿਥੇ ਸ਼ਾਸਕ ਨੂੰ ਸਭ ਨੂੰ ਸਜ਼ਾ ਦੇਣ ਦਾ ਹੱਕ ਹੋਵੇ ਅਤੇ ਸ਼ਾਸਕ ਦੀ ਜਵਾਬਦਾਰੀ ਕਿਸੇ ਪ੍ਰਤੀ ਨਾ ਹੋਵੇ। ਭ੍ਰਿਸ਼ਟਾਚਾਰ ਤੋਂ ਪ੍ਰੇਸ਼ਾਨ ਆਮ ਲੋਕਾਂ ਨੂੰ ਇਹ ਸ਼ਾਇਦ ਇਸੇ ਲਈ ਏਨਾ ਚੰਗਾ ਲਗ ਵੀ ਰਿਹਾ ਹੈ ਪਰ ਇਸ ਦੇ ਅਰਥ ਖ਼ਤਰਨਾਕ ਹਨ। ਆਖ਼ਰ ਜੇਕਰ ਦੇਸ਼ ਦਾ ਪ੍ਰਧਾਨ ਮੰਤਰੀ, ਮੰਤਰੀ, ਜੱਜ, ਫੌਜ ਦੇ ਅਧਿਕਾਰੀ ਭ੍ਰਿਸ਼ਟ ਹੋ ਸਕਦੇ ਹਨ ਤਾਂ 24 ਕੈਰੇਟ ਦਾ ਅਇਹਾ ਲੋਕਪਾਲ ਕਿਥੋਂ ਲਿਆ ਜਾਵੇਗਾ ਜੋ ਸਾਰੀਆਂ ਮਨੁੱਖੀ ਕਮਜ਼ੋਰੀਆਂ ਤੋਂ ਪਰੇ ਹੋਵੇ?

ਅੰਨਾ ਅਤੇ ਉਨ੍ਹਾਂ ਦੇ ਸਾਥੀ ਇਕ ਫੌਜੀ ਸੁਭਾਅ ਦਾ ਲੋਕਪਾਲ ਚਾਹੁੰਦੇ ਹਨ ਵਿਸ਼ਵ ਕੱਪ ਮੈਚਾਂ ਦੇ ਠੀਕ ਬਾਅਦ ਸ਼ੁਰੂ ਹੋ ਕੇ ਆਈ.ਪੀ.ਐਲ. ਤਮਾਸ਼ੇ ਤੋਂ ਠੀਕ ਪਹਿਲਾਂ ਖ਼ਤਮ ਹੋ ਜਾਣ ਵਾਲੇ ਇਸ 'ਅੰਦੋਲਨ' ਦੀ ਟਾਈਮਿੰਗ 'ਤੇ ਜੇਕਰ ਸਵਾਲ ਨਾ ਵੀ ਉਠਾਇਆ ਜਾਵੇ ਤਾਂ ਵੀ ਇਸ ਦੇ ਅਰਥਾਂ ਅਤੇ ਇਸ ਦੇ ਹਿੱਟ ਹੋਣ ਦੇ ਕਾਰਨਾਂ ਦੀ ਪੜਤਾਲ ਤਾਂ ਜ਼ਰੂਰੀ ਹੈ ਹੀ।

ਵਿਸ਼ਵ ਕੱਪ ਦੀ ਖੁਮਾਰੀ ਤੋਂ ਤਾਜ਼ਾ-ਤਾਜ਼ਾ ਨਿਕਲੀ ਅਤੇ ਟੂ-ਜੀ ਘੁਟਾਲੇ, ਰਾਸ਼ਟਰਮੰਡਲ ਘੁਟਾਲਾ ਅਤੇ ਵਿਕੀਲੀਕਸ ਦੇ ਖੁਲਾਸਿਆਂ ਤੋਂ ਨਾਰਾਜ਼ ਜਨਤਾ ਅੰਨਾ ਦੇ ਇਸ ਅੰਦੋਲਨ ਤੋਂ ਨਿਸ਼ਚਿਤ ਤੌਰ 'ਤੇ ਪ੍ਰਭਾਵਤ ਹੋਈ। ਵਿਸ਼ਵ ਕੱਪ ਮਗਰੋਂ ਬ੍ਰੇਕਿੰਗ ਨਿਊਜ਼ ਦੀ ਕਮੀ ਤੋਂ ਪੀੜਤ ਮੀਡੀਆ ਲਈ ਵੀ ਇਹ ਸੁਨਹਿਰਾ ਮੌਕਾ ਸੀ। ਉਂਝੇ ਅੰਨਾ ਦੇ ਅੰਦੋਲਨ ਲਈ ਮੀਡੀਆ ਪ੍ਰਬੰਧਕਾਂ ਨੂੰ ਇਸ ਦੇ ਸਿਹਰੇ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਜਨਤਾ ਨੂੰ ਗੈਰ-ਸਿਆਸੀ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ, ਉਸ ਵਿਚ ਅੰਨਾ ਨੂੰ ਤਿਆਗ ਦੀ ਮੂਰਤੀ ਵਾਂਗ ਪੇਸ਼ ਕੀਤਾ ਗਿਆ ਜਿਸ ਵਿਚ ਅੰਨਾ ਨੇ ਖੁਦ ਵੀ ਇਹ ਕਈ ਵਾਰ ਕਿਹਾ ਕਿ ਉਨ੍ਹਾਂ ਦਾ ਨਾ ਤਾਂ ਕੋਈ ਬੈਂਕ ਅਕਾਊਂਟ , ਨਾ ਹੀ ਕੋਈ ਸੰਪਤੀਹੈ। ਹਾਲਾਂਕਿ ਹਾਲ ਵਿਚ ਹੀ ਐਲਾਨੇ ਬਿਓਰਿਆਂ ਅਨੁਸਾਰ ਉਨ੍ਹਾਂ ਦਾ ਬੈਂਕ ਖਾਤਾ ਵੀ ਹੈ, ਉਸ ਵਿਚ ਚੰਗੀ ਰਕਮ ਵੀ ਹੈ ਅਤੇ ਉਨ੍ਹਾਂ ਦੇ ਨਾਂ ਜ਼ਮੀਨ ਵੀ ਹੈ। ਮੀਡੀਆ ਨੇ ਉਨ੍ਹਾਂ ਨੂੰ ਦੂਸਰਾ ਗਾਂਧੀ ਤੋਂ ਲੈ ਕੇ ਪਤਾ ਨਹੀਂ ਕਿਹੜੀਆਂ ਕਿਹੜੀਆਂ ਉਪਾਧੀਆਂ ਦਿੱਤੀਆਂ। ਇਸ ਪੂਰੇ ਅੰਦੋਲਨ ਨੂੰ ਲੈ ਕੇ ਇਕ ਉਲਝਣ ਵਰਗੀ ਸਥਿਤੀ ਬਣਾਈ ਗਈ ਅਤੇ ਉਹ ਜਾਂਚ ਪਰਖ ਦਾ ਮਾਹੌਲ ਤਿਆਰ ਕੀਤਾ ਗਿਆ ਜਿਸ ਵਿਚ 'ਜੋ ਅੰਨਾ ਦੇ ਨਾਲ ਨਹੀਂ ਉਹ ਭ੍ਰਿਸ਼ਟਾਚਾਰ ਦੇ ਖਿਲਾਫ਼ ਨਹੀਂ"। ਇਹੀ ਕਾਰਨ ਸੀ ਕਿ ਜਿਥੇ ਪਹਿਲੇ ਦਿਨ ਜੰਤਰ-ਮੰਤਰ 'ਤੇ ਥੋੜ੍ਹੇ ਲੋਕ ਸਨ ਪਰ ਆਖ਼ਰੀ ਦਿਨ ਤੱਕ ਇਹ ਸੰਖਿਆ ਕਾਫੀ ਜ਼ਿਆਦਾ ਹੋ ਗਈ। ਨਵੀਆਂ ਆਰਥਕ ਨੀਤੀਆਂ ਮਗਰੋਂ ਜਿਸ ਤਰ੍ਹਾਂ ਦੀ ਪ੍ਰਗਤੀ ਅਤੇ ਵਿਕਾਸ ਦੇ ਸੁਪਨੇ ਦਿਖਾਏ ਗਏ ਸਨ, ਉਹ ਦੇਸ਼ ਦੀ ਵੱਡੀ ਆਬਾਦੀ ਲਈ ਹੁਣ ਵੀ ਸੁਪਨੇ ਹੀ ਹਨ। ਇਸ ਪੂਰੇ ਦੌਰ ਵਿਚ ਮੰਦੀ ਤੋਂ ਲੈ ਕੇ ਮਹਿੰਗਾਈ ਤਕ ਦੀ ਮਾਰ ਵਿਚਾਲੇ ਭ੍ਰਿਸ਼ਟਾਚਾਰ ਦੀਆਂ ਇਹ ਖ਼ਬਰਾਂ ਲੋਕਾਂ ਵਿਚ ਖਿਝ ਅਤੇ ਗੁੱਸਾ ਭਰਦੀਆਂ ਹਨ। ਇਸ ਪੂਰੀ ਘਟਨਾ ਨੇ ਸੰਸਦੀ ਸਿਆਸਤ ਪ੍ਰਤੀ ਲੋਕਾਂ ਦੇ ਮਨ ਵਿਚ ਇਕ ਨਫਰਤ ਅਤੇ ਅਰੁਚੀ ਪੈਦਾ ਕਰ ਦਿੱਤੀ ਹੈ। ਪਰ ਕਿਸੇ ਬੇਹਤਰ ਬਦਲ ਦੀ ਕਮੀ ਵਿਚ ਇਹ ਬੁਰੇ ਅਤੇ ਹੋਰ ਬੁਰੇ ਵਿਚਾਲੇ ਇਕ ਚੁਣੌਤੀ ਹੈ ਅਤੇ ਕੁਝ ਦਿਨ ਬਾਅਦ ਆਮ ਬੰਦੇ ਨੂੰ ਪਤਾ ਚਲਦਾ ਹੈ ਕਿ ਉਹ 'ਬੁਰਾ' ਜ਼ਿਆਦਾ ਬੁਰੇ ਨਾਲੋਂ ਵੀ ਅੱਗੇ ਨਿਕਲ ਗਿਆ।

ਇਸ ਸਾਰੇ ਘਟਨਾ-ਚਕੱਰ ਵਿਚ ਇਕ ਮਹਾਤਮਾ ਪੈਦਾ ਹੁੰਦਾ ਹੈ-ਇਸ ਵਾਅਦੇ ਨਾਲ ਕਿ ਉਹ ਉਦੋਂ ਤੱਕ ਭੁੱਖਾ ਰਹੇਗਾ ਜਦੋਂ ਤਕ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੋ ਜਾਵੇਗਾ। ਜਨਤਾ ਲੋਕਪਾਲ ਨਹੀਂ ਜਾਣਦੀ ਸੀ! ਹੁਣੇ ਹੋਏ ਇਕ ਸਰਵੇਖਣ ਅਨੁਸਾਰ ਇਸ ਸਾਰੀ ਕੋਸ਼ਿਸ਼ ਮਗਰੋਂ ਵੀ ਦਿੱਲੀ ਦੀ 80 ਫੀਸਦੀ ਜਨਤਾ ਨਹੀਂ ਜਾਣਦੀ ਕਿ ਲੋਕਪਾਲ ਕੀ ਬਲਾ ਹੈ? ਇਹ ਤਾਂ ਬਸ ਆਪਣੇ ਗੁੱਸੇ, ਆਪਣੀ ਬੇਇਜ਼ਤੀ ਨੂੰ ਪ੍ਰਗਟਾ ਦੇਣਾ ਚਾਹੁੰਦੀ ਸੀ। ਅੰਨਾ ਨੂੰ ਇਸ ਮਾਹੌਲ ਵਿਚ ਇਕ ਮਹਾਂ-ਪੁਰਖ ਵਾਂਗ ਪੇਸ਼ ਕੀਤਾ ਗਿਆ । ਕਿਸੇ ਨੇ ਇਹ ਸਵਾਲ ਨਹੀਂ ਪੁੱਛਿਆ ਕਿ ਇਸ ਦੇ ਪ੍ਰਬੰਧਕਾਂ ਦਾ ਇਹ ਦਾਅਵਾ ਕਿ 'ਇਸ ਤੋਂ ਪਹਿਲਾਂ ਏਨੇ ਲੋਕ ਕਦੇ ਸੜਕਾਂ 'ਤੇ ਨਹੀਂ ਆਏ' ਕੀ ਕੋਰਾ ਝੂਠ ਨਹੀਂ ਹੈ? ਕੀ ਜੈ ਪ੍ਰਕਾਸ਼ ਅਤੇ ਵਿਸ਼ਵਨਾਥ ਪ੍ਰਤਾਪ ਸਿੰਘ ਦੇ 'ਭ੍ਰਿਸ਼ਟਾਚਾਰ ਵਿਰੋਧੀ' ਅੰਦੋਲਨਾਂ ਦਾ ਆਧਾਰ ਅਤੇ ਉਨ੍ਹਾਂ ਦੇ ਟੀਚੇ ਦੋਵੇਂ ਇਸ ਤਥਾਕਥਿਤ ਅੰਦੋਲਨ ਤੋਂ ਕਿਤੇ ਬਹੁਤ ਵੱਡੇ ਨਹੀਂ ਸਨ? ਜੇਕਰ ਇਨ੍ਹਾਂ ਦੋ ਜਨ ਅੰਦੋਲਨਾਂ ਨੂੰ ਨਜ਼ਰਅੰਦਾਜ਼ ਵੀ ਕਰ ਦਈਏ ਤਾਂ ਮਜ਼ਦੂਰ ਅਤੇ ਕਰਮਚਾਰੀ ਆਪਣੀਆਂ ਮੰਗਾਂ ਦੇ ਸਮਰਥਨ ਅਤੇ ਨਿੱਜੀਕਰਨ ਦੇ ਵਿਰੋਧ ਵਿਚ ਲੱਖਾਂ ਦੀ ਸੰਖਿਆ ਵਿਚ ਸੜਕ 'ਤੇ ਉਤਰਦੇ ਰਹੇ ਹਨ। ਹਾਲੇ ਪਿਛਲੇ ਮਹੀਨੇ ਹੀ ਪੰਜ ਲੱਖ ਤੋਂ ਵੱਧ ਕਰਮਚਾਰੀ ਦਿੱਲੀ ਦੀਆਂ ਸੜਕਾਂ 'ਤੇ ਸਨ, ਪਰ ਜੰਤਰ-ਮੰਤਰ ਦੀ ਅੱਧੀ ਕਿਲੋਮੀਟਰ ਦੀ ਦੂਰੀ ਵਿਚ ਕਈ ਲੱਖ ਦੀ ਭੀੜ ਇਕੱਤਰ ਕਰ ਦੇਣ ਵਾਲੇ ਮੀਡੀਆ ਨੂੰ ਪੂੰਜੀਵਾਦ ਜਾਂ ਨਿੱਜੀਕਰਨ ਦੇ ਖਿਲਾਫ਼ ਸੜਕ 'ਤੇ ਉਤਰੇ ਕਾਮੇ ਦਿਖਾਈ ਨਹੀਂ ਦਿੰਦੇ। ਅੰਨਾ ਦਾ ਮੁਕਾਬਲਾ ਜੈਪ੍ਰਕਾਸ਼ ਨਾਲ ਕਰਦੇ ਹੋਏ ਧਰਮਵੀਰ ਭਾਰਤੀ ਦੀ ਕਵਿਤਾ ਯਾਦ ਕਰਨ ਵਾਲਿਆਂ ਨੇ ਵੀ ਕਦੇ ਇਹ ਨਹੀਂ ਦੱਸਿਆ ਕਿ ਜੈਪ੍ਰਕਾਸ਼ ਜੀ ਦੀ ਸੰਪੂਰਨ ਕ੍ਰਾਂਤੀ ਦਾ ਕੀ ਹੋਇਆ? ਵੈਸੇ ਜੈਪ੍ਰਕਾਸ਼ ਜਾਂ ਵਿਸ਼ਵਨਾਥ ਪ੍ਰਤਾਪ ਸਿੰਘ ਦੇ ਅੰਦੋਲਨ ਦਾ ਇਸ ਤਮਾਸ਼ੇ ਨਾਲ ਮੁਕਾਬਲਾ ਕਰਨਾ ਵੀ ਅਨੈਤਿਕ ਹੈ। ਆਪਣੀਆਂ ਤਮਾਮ ਕਮਜ਼ੋਰੀਆਂ ਦੇ ਬਾਵਜੂਦ ਇਹ ਨੇਤਾ ਜਨਤਾ ਦੇ ਨੇਤਾ ਸਨ, ਇਹ ਅੰਦੋਲਨ ਜਨਤਾ ਦੇ ਅੰਦੋਲਨ ਸਨ। ਆਪਣੀ ਵੱਡੀ ਅਸਫਲਤਾ ਦੇ ਬਾਵਜੂਦ ਇਨ੍ਹਾਂ ਨੇ ਉਦੋਂ ਦੀ ਹਕੂਮਤਾਂ ਦੇ ਦਮਨ ਹੀ ਨਹੀਂ ਝੱਲੇ ਸਗੋਂ ਉਨ੍ਹਾਂ ਨੂੰ ਪਲਟਣ ਵਿਚ ਵੀ ਸਫਲ ਰਹੇ। ਆਜ਼ਾਦੀ ਦੀ ਦੂਸਰੀ ਲੜਾਈ ਦੱਸਣ ਵਾਲਿਆਂ ਨੇ ਕਦੇ ਨਹੀਂ ਦੱਸਿਆ ਕਿ ਫੇਰ ਉਹ ਏਨੇ ਸਾਲਾਂ ਤੋਂ ਆਜ਼ਾਦੀ ਨੂੰ ਝੂਠਾ ਦੱਸਣ ਵਾਲੇ ਕਮਿਊਨਿਸਟਾਂ ਨੂੰ ਕਿਉਂ ਗਾਲਾਂ ਦਿੰਦੇ ਰਹੇ?

ਉਂਝ ਇਸ ਅੰਦੋਲਨ ਵਿਚ ਜਿਸ ਤਰ੍ਹਾਂ ਦੇ ਲੋਕ ਸ਼ਾਮਲ ਹੋਏ ਉਹ ਵੀ ਹੈਰਾਨ ਕਰਨ ਵਾਲਾ ਹੈ। ਅੰਨਾ ਦੇ ਮੰਚ ਦੇ ਪਿੱਛੇ ਬਿਲਕੁਲ ਆਰ.ਐਸ.ਐਸ. ਦੀ ਤਰਜ਼ 'ਤੇ ਕਿਸੇ ਹਿੰਦੂ ਦੇਵੀ ਦੀ ਦਿੱਖਵਾਲੀ ਭਾਰਤ ਮਾਤਾ ਸੀ ਤਾਂ ਮੰਚ 'ਤੇ ਆਰ.ਐਸ.ਐਸ. ਦੇ ਰਾਮ ਮਾਧਵ, ਹਿੰਦੂ ਪੁਨਰੁਥਾਨ ਦੇ ਨਵੇਂ ਬੁਲਾਰੇ ਰਾਮਦੇਵ ਅਤੇ ਨਵ-ਧਨਾਢ ਵਰਗ ਦੇ ਪੰਚ ਸਿਤਾਰਾ 'ਸੰਤ' ਰਵੀਸ਼ੰਕਰ ਲਗਾਤਾਰ ਰਹੇ। ਨੌਜਵਾਨਾਂ ਦੀਆਂ ਜੋ ਟੋਲੀਆਂ ਆਈਆਂ ਸਨ, ਉਨ੍ਹਾਂ ਵਿਚ ਵੱਡੀ ਸੰਖਿਆ 'ਯੂਥ ਫਾਰ ਇਕਵੈਲਟੀ' ਵਰਗੇ 'ਅੰਦੋਲਨਾਂ' ਵਿਚ ਹਿੱਸੇਦਾਰੀ ਕਰਨ ਵਾਲਿਆਂ ਦੀਆਂ ਸਨ। ਹੈਰਾਨੀਜਨਕ ਨਹੀਂ ਹੈ ਕਿ ਇਕ ਪਾਸੇ ਰਾਖਵੇਂਕਰਨ ਦਾ ਵਿਰੋਧ ਕਰਨ ਵਾਲੇ ਰਵੀਸ਼ੰਕਰ ਮੰਚ 'ਤੇ ਸਨ ਤਾਂ ਦੂਜੇ ਪਾਸੇ ਤਮਾਮ ਨੌਜਵਾਨਾਂ ਦੀ ਪਿੱਠ 'ਤੇ 'ਰਾਖਵਾਂਕਰਨ ਅਤੇ ਭ੍ਰਿਸ਼ਟਾਚਾਰ ਲੋਕਤੰਤਰ ਦਾ ਦੁਸ਼ਮਣ ਹੈ' ਵਰਗੇ ਪੋਸਟਰ ਲੱਗੇ ਹੋਏ ਸਨ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਇਨ੍ਹਾਂ ਸਾਰਿਆਂ ਵਿਚ ਅਜਿਹੇ ਆਦਰਸ਼ਵਾਦੀ ਲੋਕ ਵੀ ਸਨ ਜੋ ਪੂਰੀ ਇਮਾਨਦਾਰੀ ਨਾਲ ਭ੍ਰਿਸ਼ਟਾਚਾਰ ਖਿਲਾਫ਼ ਸੜਕਾਂ 'ਤੇ ਉਤਰੇ ਸਨ। ਪਰ ਇਸ ਅਮੂਰਤ ਦਾਨਵ ਦੇ ਵਿਰੋਧ ਨਾਲ ਅੱਗੇ ਕਿਸੇ ਬਦਲ ਦੇ ਸਵਾਲ ਦੀ ਨਾ ਤਾਂ ਉਨ੍ਹਾਂ ਸਾਹਮਣੇ ਕੋਈ ਸਮਝ ਸੀ ਨਾ ਹੀ ਉਸ ਲਈ ਕੋਈ ਇੱਛਾ ਸ਼ਕਤੀ। ਸਾਫ ਹੈ ਕਿ ਨਵ ਉਦਾਰਵਾਦੀ ਨੈਤਿਕਤਾ ਅਤੇ ਸਮਾਜਕ-ਰਾਜਨੀਤਕ ਮੁੱਲਾਂ ਦੇ ਨੌਜਵਾਨ ਪੈਰੋਕਾਰਾਂ ਨੂੰ ਮੋਮਬੱਤੀਆਂ ਵਾਲੀ ਨੌਟੰਕੀ ਬਹੁਤ ਚੰਗੀ ਲਗਦੀ ਹੈ, ਜਿਸ ਨਾਲ 'ਅਸੀਂ ਵੀ ਕੁਝ ਕੀਤਾ' ਦਾ ਸੰਤੋਸ਼ ਉਨ੍ਹਾਂ ਨੂੰ ਫੇਰ ਚੈਨ ਨਾਲ ਆਈ.ਪੀ.ਐਲ. ਦੇਖਣ ਦਿੰਦਾ ਹੈ। ਪੂੰਜੀਪਤੀ ਵਰਗ ਲਈ ਵੀ ਸਰਕਾਰੀ ਤੰਤਰ ਕੇਂਦਰਤ ਇਹ ਭ੍ਰਿਸ਼ਟਾਚਾਰ ਵਿਰੋਧ ਬਹੁਤ ਚੰਗਾ ਲਗਦਾ ਹੈ। ਇਹ ਉਨ੍ਹਾਂ ਦੇ ਵਪਾਰ ਲਈ ਅੜ੍ਹਿਕਿਆਂ ਨੂੰ ਹੋਰ ਘਟ ਕਰਨ ਵਿਚ ਸਹਾਇਕ ਹੁੰਦਾ ਹੈ ਅਤੇ ਨਾਲ ਹੀ ਉਨ੍ਹਾਂ ਦੇ ਅਨੈਤਿਕ ਕਰਮਾਂ ਤੋਂ ਧਿਆਨ ਹਟਾ ਕੇ ਰੱਖਦਾ ਹੈ। ਆਖ਼ਰ ਇਸ 'ਭ੍ਰਿਸ਼ਟਾਚਾਰ ਵਿਰੋਧ' ਦੀ ਹਨੇਰੀ ਵਿਚ ਵਿਕੀਲੀਕਸ ਦੇ ਨਾਲ ਰਾਡੀਆ ਵੀ ਤਾਂ ਹਵਾ ਹੋ ਗਈ। ਬਾਰਾਬੰਕੀ ਦੇ ਕਿਸਾਨ ਅਮਿਤਾਭ ਬਚਨ, ਆਈ.ਪੀ.ਐਲ. ਦੇ 'ਸੰਤ' ਲਲਿਤ ਮੋਦੀ, ਸਿਆਸਤ ਦੇ ਸਭ ਤੋਂ 'ਸਾਫ' ਤੱਤ ਅਮਰ ਸਿੰਘ , ਕਈ ਬਹੁਕੌਮੀਆਂ ਦੇ ਕਰਤਾ-ਧਰਤਾ ਸਮੇਤ ਤਮਾਮ 'ਲੋਕਪੱਖੀ' ਲੋਕ ਅੰਨਾ ਦੇ ਸਮਰਥਨ ਵਿਚ ਸਨ। ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਏਨੇ ਸਖ਼ਤ ਕਾਨੂੰਨ ਤੋਂ ਡਰ ਕਿਉਂ ਨਹੀਂ ਲਗਦਾ?

ਅਸ਼ੋਕ ਕੁਮਾਰ ਪਾਂਡੇ

ਉਂਝ ਇਸ ਪ੍ਰੋਗਰਾਮ ਲਈ ਜੋ ਧਨ ਇਕੱਠਾ ਕੀਤਾ ਗਿਆ ਸੀ ਉਸ ਵਿਚ ਸਭ ਤੋਂ ਵੱਡੀ ਹਿੱਸੇਦਾਰੀ ਜਿੰਦਲ ਐਲਯਮੀਨੀਅਮ ਦੀ ਸੀ ਜਿਸ ਨੇ 25 ਲੱਖ ਰੁਪਏ ਦਿੱਤੇ ਤਾਂ ਸੁਰਿੰਦਰ ਪਾਲ ਸਿੰਘ ਨਾਮਕ ਇਕ ਉਦਯੋਗਪਤੀ ਨੇ 10 ਲੱਖ, ਰਾਮਕੀ ਨਾਮਕ ਵਿਅਕਤੀ ਨੇ 5 ਲੱਖ ਅਤੇ ਆਇਸ਼ਰ ਟਰਸਟ ਅਤੇ ਇਕ ਹੋਰ ਧਨਪਤੀ ਅਰੁਣ ਦੁੱਗਲ ਨੇ 3-3 ਲੱਖ ਰੁਪਏ ਦਿੱਤੇ। ਭਾਵ ਕੁਲ 32,69,900 ਲੱਖ ਖਰਚ ਕੀਤੇ ਗਏ ਅਤੇ 82,87,668 ਰੁਪਏ ਇਕੱਠੇ ਕੀਤੇ ਗਏ ਉਸ ਵਿਚੋਂ 46 ਲੱਖ 50 ਹਜ਼ਾਰ ਰੁਪਏ ਪੂੰਜੀਪਤੀਆਂ ਦੇ ਸਹਿਯੋਗ ਤੋਂ ਆਏ! (ਦੇਖੋ 14 ਅਪਰੈਲ ਦਾ ਟਾਈਮਜ਼ ਆਫ ਇੰਡੀਆ) ਕਿੰਨੀ ਮਜ਼ੇਦਾਰ ਗੱਲ ਹੈ ਕਿ ਅੱਜ ਭ੍ਰਿਸ਼ਟਾਚਾਰ ਖਿਲਾਫ਼ ਲੜਨ ਵਾਲੇ ਸਭ ਤੋਂ ਮੁੱਖ ਤੱਤ ਪੂੰਜੀਪਤੀ ਹਨ। ਹੁਣ ਅਜਿਹੇ ਵਿਚ ਅੰਨਾ ਜਾਂ ਉਨ੍ਹਾਂ ਦੇ ਸਹਿਯੋਗੀਆਂ ਦਾ ਕਿਸੇ ਪੂੰਜੀਪਤੀ ਖਿਲਾਫ਼ ਬੋਲਣਾ ਉਚਿਤ ਕਹਾਏਗਾ ਕੀ? ਅੰਨਾ ਨੇ ਇਨ੍ਹਾਂ ਖਿਲਾਫ਼ ਇਕ ਸ਼ਬਦ ਵੀ ਨਹੀਂ ਬੋਲਿਆ। ਅੰਨਾ ਨੇ ਇਸ 'ਤੇ ਵੀ ਕੁਝ ਨਹੀਂ ਕਿਹਾ ਕਿ ਪਿਛਲੇ ਬਜਟਾਂ ਵਿਚ ਪੂੰਜੀਪਤੀਆਂ ਨੂੰ ਕਾਰ-ਪੋਰੇਟ ਆਮਦਨ ਕਰ, ਉਤਪਾਦ ਟੈਕਸ ਅਤੇ ਸੀਮਾ ਟੈਕਸ ਦੀ ਛੋਟ ਦੇ ਨਾਂ 'ਤੇ 21,02,523 ਕਰੋੜ ਰੁਪਇਆਂ ਦੀ ਛੋਟ ਭ੍ਰਿਸ਼ਟਾਚਾਰ ਕਿਉਂ ਨਹੀਂ? ਅਸਲ ਵਿਚ ਉਹ ਤਾਂ ਬਾਅਦ ਵਿਚ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕਰਦੇ ਹੋਏ ਇਹ ਵੀ ਭੁੱਲ ਗਏ ਸਨ ਕਿ ਸਾਰੀ ਕੋਸ਼ਿਸ਼ਾਂ ਦੇ ਬਾਦ ਵੀ ਗੁਜਰਾਤ ਸਰਕਾਰ ਨੇ ਲੋਕਪਾਲ ਦੀ ਨਿਯੁਕਤੀ ਨਹੀਂ ਹੋਣ ਦਿੱਤੀ ਹੈ। ਉਥੇ ਹੋਈ ਸਰਕਾਰੀ ਹਿੰਸਾ ਤਾਂ ਖੈਰ ਆਪਣੇ ਠੀਕ ਗਵਾਂਢ ਦੇ ਵਿਦਰਭ ਦੇ ਲੱਖਾਂ ਕਿਸਾਨਾਂ ਦੀ ਆਤਮਹੱਤਿਆ ਵਾਂਗ ਉਨ੍ਹਾਂ ਨੂੰ ਕਦੇ ਯਾਦ ਸੀ ਹੀ ਨਹੀਂ। ਉਂਝ ਭੁੱਲਣ ਦੀ ਉਨ੍ਹਾਂ ਦੀ ਇਹ ਆਦਤ ਨਵੀਂ ਨਹੀਂ ਹੈ, ਉਹ ਬੰਬਈ ਵਿਚ ਉਦਵ ਠਾਕਰੇ ਵਲੋਂ ਉਤਰ ਭਾਰਤੀਆਂ ਨੂੰ ਭਜਾਏ ਜਾਂਦੇ ਸਮੇਂ ਇਹ ਭੁੱਲ ਗਏ ਸਨ ਕਿ ਉਹ ਗਾਂਧੀਵਾਦੀ ਹਨ ਅਤੇ ਉਨ੍ਹਾਂ ਨੇ ਉਸ 'ਅੰਦੋਲਨ' ਦਾ ਵੀ ਸਮਰਥਨ ਕੀਤਾ ਸੀ। ਇਸ ਵਾਰ ਤਾਂ ਉਹ ਬਸ ਆਰ.ਐਸ.ਐਸ. ਦਾ ਕਰਜ਼ ਉਤਾਰ ਰਹੇ ਸਨ ਜਾਂ ਸ਼ਾਇਦ ਉਸ ਦਾ ਇਕ ਹੋਰ ਹੁਕਮ ਵਜਾ ਰਹੇ ਸਨ।

ਲੋਕਪਾਲ ਵਰਗੀ ਸੰਸਥਾ ਇਸ ਦੇਸ਼ ਤੋਂ ਭ੍ਰਿਸ਼ਟਾਚਾਰ ਕਦੇ ਨਹੀਂ ਖ਼ਤਮ ਕਰ ਸਕਦੀ ਕਿਉਂਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਕਾਣੀ ਵੰਡ ਆਧਾਰਤ ਉਸ ਸਮਾਜਕ ਆਰਥਕ ਵਿਵਸਥਾ ਵਿਚ ਹਨ ਜਿਸ ਖਿਲਾਫ਼ ਇਸ ਲੜਾਈ ਦਾ ਕੋਈ ਨਾਇਕ ਇਕ ਸ਼ਬਦ ਨਹੀਂ ਬੋਲ ਸਕਦਾ। ਅੰਕੜੇ ਗਵਾਹੀ ਦਿੰਦੇ ਹਨ ਕਿ ਨਵ ਉਦਾਰਵਾਦੀ ਅਰਥਵਿਵਸਥਾ ਵਿਚ ਭ੍ਰਿਸ਼ਟਾਚਾਰ ਕਈ-ਕਈ ਗੁਣਾ ਵੱਧ ਗਿਆ। ਅੱਜ ਇਸ ਆਰਥਕ ਵਿਵਸਥਾ ਖਿਲਾਫ਼ ਚੁੱਪ ਰਹਿਣ ਵਾਲੀ ਕੋਈ ਲੜਾਈ ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਹੋ ਹੀ ਨਹੀਂ ਸਕਦੀ।

ਅੰਤ ਵਿਚ ਇਕ ਗੱਲ ਹੋਰ। ਜਿਸ ਦੇਸ਼ ਵਿਚ ਲੱਖਾਂ ਲੋਕ ਨਰਕੀ ਹਾਲਤਾਂ ਵਿਚ ਰੋਜ਼ 'ਵਰਤ' ਰੱਖਣ ਲਈ ਮਜਬੂਰ ਹਨ ਉਥੇ ਲਗਭਗ 33 ਲੱਖ ਰੁਪਏ ਖਰਚ ਕਰਕੇ ਚਾਰ ਦਿਨ ਦੇ ਵਰਤ 'ਤੇ ਰਹਿਣਾ ਅਨੈਤਿਕ ਨਹੀਂ ਹੈ? ਕੀ ਵਿਰੋਧ ਲਈ ਵਰਤ ਦਾ ਹਥਿਆਰ ਉਵੇਂ ਹੀ ਨਹੀਂ ਹੈ ਜਿਵੇਂ ਸਵਰਨ ਜਾਤੀਆਂ ਦੇ ਲੜਕੇ ਝਾੜੂ ਲਗਾ ਕੇ, ਜੁਤੀਆਂ ਪਾਲਸ਼ ਕਰਕੇ ਰਾਖਵਾਂਕਰਨ ਦਾ ਵਿਰੋਧ ਕਰਦੇ ਹਨ?

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
Ontario Association of Certified Home Inspectors
OAHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Cell: 416 839 3436 Ph: 905 479 5807

ਇਕ ਮੁਲਾਕਾਤ ਇਹ ਵੀ....

# ਅਸੀਂ ਆਪਣੇ ਨਾਲ ਹੋਰ ਜ਼ਿਆਦਾ ਖੇਡਾਂ ਨਹੀਂ ਖੇਡ ਸਕਦੇ : ਸ਼ਿਨਕਾਈ



(ਸ਼ਿਨਕਾਈ ਕਾਰੋਖੇਲ ਇਕ ਸਿਦਕੀ ਔਰਤ ਹੈ। ਦੋ ਵਾਰ ਐਮ.ਪੀ. ਬਣੀ ਇਸ ਔਰਤ ਨੂੰ ਸਿਆਸਤ ਵਿਚ ਕੈਰੀਅਰ ਬਣਾਉਣ ਲਈ ਆਪਣੇ ਪਰਿਵਾਰ ਨਾਲ ਲੜਨਾ ਪਿਆ। ਸਿਖਿਆ ਪੱਖੋਂ ਉਹ ਇਕ ਡਾਕਟਰ ਹੈ, ਆਪਣੇ ਮਨ ਦੀ ਗੱਲ ਕਹਿਣ ਤੋਂ ਨਾ ਡਰਨ ਵਾਲੀ ਇਹ ਸਾਹਸੀ ਔਰਤ ਮਰਦਾਂ ਦੀ ਰਵਾਇਤੀ ਮਾਨਸਿਕਤਾ ਨੂੰ ਤਬਦੀਲ ਕਰਨ ਦਾ ਯਤਨ ਕਰ ਰਹੀ ਹੈ। ਉਸ ਨੇ ਕਰਜ਼ਾਈ ਸਰਕਾਰ ਦੇ, 2009 ਦੇ ਉਸ ਪ੍ਰਸਤਾਵ ਦਾ ਡਟ ਕੇ ਵਿਰੋਧ ਕੀਤਾ ਜਿਸ ਅਨੁਸਾਰ ਔਰਤ ਦੀ ਸਰਗਰਮੀ ਬਸ ਘਰ ਤਕ ਹੀ ਸੀਮਿਤ ਰਹਿਣੀ ਸੀ।)

? ਅਫਗਾਨਿਸਤਾਨ ਵਿਚ ਇਕ ਔਰਤ ਐਮ.ਪੀ. ਹੋਣਾ ਕਿੰਨਾ ਕੁ ਔਖਾ ਹੈ?

– ਬਹੁਤ ਔਖਾ। ਅਫਗਾਨਿਸਤਾਨ ਇਕ ਰੂੜੀਵਾਦੀ ਮੁਲਕ ਹੈ। ਇਸ ਦਾ ਸਭਿਆਚਾਰ ਔਰਤ ਦੇ ਪੱਖ ਵਿਚ ਨਹੀਂ। ਲੋਕ ਇਸਲਾਮ ਦੀ ਗਲਤ ਵਿਆਖਿਆ ਕਰਦੇ ਹਨ। ਉਹ ਇਹਨੂੰ ਔਰਤ ਵਿਰੁਧ ਔਜ਼ਾਰ ਵਜੋਂ ਵਰਤਦੇ ਹਨ। ਇਹ ਉਨ੍ਹਾਂ ਲਈ ਆਸਾਨ ਵੀ ਹੈ ਕਿਉਂਕਿ ਸਾਡੇ ਅਨਪੜ੍ਹਤਾ ਬਹੁਤ ਹੈ ਅਤੇ ਔਰਤਾਂ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਹਨ। ਨਿਰਸੰਦੇਹ, ਮੈਨੂੰ ਹਰ ਸਮੇਂ ਧਮਕੀ ਦਾ ਸਾਹਮਣਾ ਕਰਨਾ ਪੈਂਦਾ ਹੈ, ਪ੍ਰੰਤੂ ਅਫਗਾਨਿਸਤਾਨ ਦੀ ਵਰਤਮਾਨ ਸਥਿਤੀ ਵਿਚ, ਹਰ ਸਰਗਰਮ ਔਰਤ ਨੂੰ ਧਮਕੀ ਤਾਂ ਮਿਲੇਗੀ ਹੀ। ਮੈਂ ਅਜਿਹੀਆਂ ਧਮਕੀਆਂ ਦੇ ਦਬਾਅ ਹੇਠ ਨਹੀਂ ਆਉਂਦੀ।

? ਕੀ ਮਰਦਾਂ ਦਾ ਤੁਹਾਡੇ ਪ੍ਰਤੀ ਪ੍ਰਤੀਕਰਮ ਨਾਕਾਰਮਿਕ ਹੈ ਕਿਉਂਕਿ ਤੁਸੀਂ ਰਾਜਨੀਤੀ ਵਿਚ ਇਕ ਔਰਤ ਹੋਂ?

– ਮੈਨੂੰ ਅਰੰਭ ਵਿਚ ਕਈ ਮੁਸ਼ਕਲਾਂ ਦਾ ਸਾਮਹਣਾ ਕਰਨਾ ਪਿਆ, ਇਥੋਂ ਤਕ ਕਿ ਆਪਣੇ ਪਰਿਵਾਰ ਦੀ ਤਰਫੋਂ ਵੀ। ਮੇਰੇ ਵੱਡੇ ਭਰਾ ਨੇ ਮੇਰੀ ਮਦਦ ਤੋਂ ਇਨਕਾਰ ਕਰ ਦਿਤਾ, ਜਦੋਂ ਮੈਂ ਪਹਿਲੀ ਚੋਣ ਲੜੀ। ਉਸ ਨੇ ਕਿਹਾ ਪਾਰਲੀਮੈਂਟ ਵਿਚ ਜਾਣਾ ਔਰਤਾਂ ਦਾ ਕੰਮ ਨਹੀਂ। ਪ੍ਰੰਤੂ, ਇਸ ਵਾਰ ਉਸ ਨੇ ਮੇਰੀ ਮਦਦ ਕੀਤੀ ਕਿਉਂਕਿ ਪਹਿਲੇ ਕਾਰਜਕਾਲ ਵਿਚ ਮੇਰੇ ਦੁਆਰਾ ਕੀਤਾ ਕੰਮ ਉਸ ਨੇ ਦੇਖ ਲਿਆ ਹੈ। ਉਸ ਨੇ ਦੇਖ ਲਿਆ ਹੈ ਕਿ ਲੋਕ ਮੈਨੂੰ ਪ੍ਰਵਾਨ ਕਰ ਰਹੇ ਹਨ। ਸਾਨੂੰ ਅਫਗਾਨਿਸਤਾਨ ਵਿਚ ਮਰਦਾਂ ਦੀ ਮਾਨਸਿਕਤਾ ਬਦਲਣੀ ਹੋਵੇਗੀ। ਮੇਰਾ ਨਿਸ਼ਾਨਾਂ ਮਰਦਾਂ ਤਕ ਪਹੁੰਚ ਬਣਾਉਣੀ ਹੈ। ਉਨ੍ਹਾਂ ਨੂੰ ਸਮਝਾਉਣਾ ਹੈ ਕਿ ਉਨ੍ਹਾਂ ਨੂੰ ਬਦਲਣਾ ਹੀ ਹੋਵੇਗਾ। ਮੈਂ ਆਪਣੀ ਮੁਹਿੰਮ ਦੌਰਾਨ ਔਰਤਾਂ ਦੀ ਨਹੀਂ ਸਗੋਂ ਮਰਦਾਂ ਦੀ ਮਦਦ ਲੈਂਦੀ ਹਾਂ।

? ਕੀ ਪਾਰਲੀਮੈਂਟ ਵਿਚ ਔਰਤਾਂ ਲਈ ਰਾਖਵੇਂਕਰਨ ਤੋਂ ਮਦਦ ਮਿਲੀ?

– ਇਹ ਸਿਆਸਤ ਨੂੰ ਸਿੱਖਣ ਤੇ ਵਰਤਣ ਦਾ ਮੌਕਾ ਪ੍ਰਦਾਨ ਕਰ ਰਿਹਾ ਹੈ। ਅਸੀਂ ਰਾਜਨੀਤੀ ਨੂੰ ਇਨਸਾਨੀ ਨੁਹਾਰ ਦੇ ਕੇ ਇਸ ਦਾ ਚਿਹਰਾ ਬਦਲਣਾ ਚਾਹੁੰਦੇ ਹਾਂ। ਸਾਨੂੰ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਪਾਰਲੀਮੈਂਟ ਵਿਚ ਵੀ ਸਾਡਾ, ਔਰਤਾਂ ਦਾ, ਕਾਫੀ ਵਿਰੋਧ ਹੁੰਦਾ ਹੈ, ਪ੍ਰੰਤੂ ਖੁਸ਼ਕਿਸਮਤੀ ਨਾਲ, ਇਥੇ ਕੁੱਝ ਭੱਦਰ ਪੁਰਸ਼ ਵੀ ਹਨ, ਜਿਹੜੇ ਸਾਨੂੰ ਸੁਣਦੇ ਹਨ। ਕੰਮ ਸੌਖਾ ਨਹੀਂ ਪਰ ਅਸੀਂ ਸ਼ੁਰੂਆਤ ਕਰ ਦਿਤੀ ਹੈ।

? ਰਿਪੋਰਟਾਂ ਮਿਲੀਆਂ ਹਨ ਕਿ ਯੂ.ਐਸ. ਤੇ ਪਾਕਿਸਤਾਨ ਕਰਜ਼ਾਈ ਸਰਕਾਰ ਤੇ ਤਾਲਿਬਾਨ ਦਰਮਿਆਨ ਸ਼ਾਂਤੀ ਸਮਝੌਤੇ ਦੀ ਵਿਚੋਲਗੀ ਕਰਨ ਦਾ ਯਤਨ ਕਰ ਰਹੇ ਹਨ, ਕੀ ਤੁਹਾਨੂੰ ਤਾਲਿਬਾਨ ਦੀ ਵਾਪਸੀ ਦਾ ਡਰ ਨਹੀਂ?

– ਡਰ ਹੈ ਵੀ ਤੇ ਨਹੀਂ ਵੀ। ਅਫਗਾਨਿਸਤਾਨ ਹੋਰ ਜ਼ਿਆਦਾ ਦੇਰ ਤਕ ਅਲੱਗ ਥਲੱਗ ਨਹੀਂ ਰਹਿ ਸਕਦਾ। ਜੇਕਰ ਅਸੀਂ ਦੁਬਾਰਾ ਦਹਿਸ਼ਤਵਾਦ ਦੇ ਰਾਹ ਪੈ ਗਏ। ਨਤੀਜੇ ਬਾਕੀ ਵਿਸ਼ਵ ਨੂੰ ਵੀ ਪ੍ਰਭਾਵਿਤ ਕਰਨਗੇ। ਅਸੀਂ ਜੋ ਲੰਡਨ ਤੇ ਬਾਲੀ 'ਚ ਵਾਪਰਿਆ ਸਭ ਦੇਖ ਲਿਆ ਹੈ। ਸੋ, ਤਾਲਿਬਾਨ ਅਫ਼ਗਾਨਿਸਤਾਨ ਲਈ ਸਮੱਸਿਆ ਤੋਂ ਵੱਧ ਕੁੱਝ ਨਹੀਂ, ਇਹ ਹਰ ਕਿਸੇ ਲਈ ਸਮੱਸਿਆ ਹਨ। ਪਰ ਅਸੀਂ ਉਨ੍ਹਾਂ ਨੂੰ ਇਕਦਮ ਲਾਂਭੇ ਕਰਨ ਦੇ ਇਛੁੱਕ ਵੀ ਨਹੀਂ। ਤਾਲਿਬਾਨ ਨੂੰ ਪ੍ਰਕਿਰਿਆ ਵਿਚ ਹਿੱਸੇਦਾਰ ਬਣਾਇਆ ਜਾ ਸਕਦਾ ਹੈ, ਪਰ ਕੁੱਝ ਨਿਸ਼ਚਿਤ ਸ਼ਰਤਾਂ 'ਤੇ।

? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤਾਲਿਬਾਨ ਚੰਗਾ ਵੀ ਹੈ ਤੇ ਬੁਰਾ ਵੀ? ਅਤੇ ਚੰਗਾ ਤਾਲਿਬਾਨ ਸ਼ਾਂਤੀ ਤੇ ਸਥਿਰਤਾ ਲਿਆਉਣ ਵਿਚ ਸਹਾਈ ਹੋ ਸਕਦਾ ਹੈ?

– ਮੈਂ ਕਹਿ ਨਹੀਂ ਸਕਦੀ ਕਿ ਤਾਲਿਬਾਨ ਚੰਗਾ ਹੈ ਜਾਂ ਬੁਰਾ। ਮੈਂ ਕੇਵਲ ਇਹ ਕਹਿ ਸਕਦੀ ਹਾਂ ਕਿ ਕੁੱਝ ਹਨ ਜਿਹੜੇ ਦੂਜਿਆਂ ਨਾਲ ਮਿਲ ਕੇ ਕੰਮ ਕਰ ਸਕਦੇ ਹਨ ਤੇ ਕੁੱਝ ਅਜਿਹੇ ਵੀ ਹਨ ਜਿਹੜੇ ਨਹੀਂ ਕਰ ਸਕਦੇ। ਸਾਨੂੰ ਉਨ੍ਹਾਂ ਨੂੰ ਮੁੜ ਵਸਾਉਣਾ ਚਾਹੀਦਾ ਹੈ ਜਿਹੜੇ ਸੰਵਿਧਾਨ ਦਾ ਸਤਿਕਾਰ ਕਰਦੇ ਹਨ ਅਤੇ ਮੌਜੂਦਾ ਪ੍ਰਬੰਧ ਅਧੀਨ ਕੰਮ ਕਰਨ ਲਈ ਤਿਆਰ ਹਨ।

? ਪਾਕਿਸਤਾਨ ਸਕਾਰਾਤਮਿਕ ਭੂਮਿਕਾ ਨਿਭਾ ਰਿਹਾ ਹੈ ਜਾਂ ਨਾਕਾਰਾਤਮਿਕ?

– ਪਾਕਿਸਤਾਨ ਅਹਿਮ ਭੂਮਿਕਾ ਨਿਭਾ ਸਕਦਾ ਹੈ ਪ੍ਰੰਤੂ ਇਸ ਨੂੰ ਆਪਣੀਆਂ ਬੀਤੇ ਦੀਆਂ ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ। ਪਾਕਿਸਤਾਨ ਉਨ੍ਹਾਂ ਸ਼ਕਤੀਆਂ ਤੋਂ ਜ਼ਿਆਦਾ ਦੇਰ ਬਚ ਨਹੀਂ ਸਕਦਾ ਜਿਹੜੀਆਂ ਤੋਂ ਸਾਨੂੰ ਅਫ਼ਗਾਨਿਸਤਾਨ ਵਿਚ ਖਤਰਾ ਹੈ। ਇਸ ਕਰਕੇ ਇਸ ਨੂੰ ਦਹਿਸ਼ਤਵਾਦ ਨੂੰ ਸ਼ਹਿ ਨਹੀਂ ਦੇਣੀ ਚਾਹੀਦੀ। ਇਸ ਨੂੰ ਮਦਰੱਸਿਆਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਦਹਿਸ਼ਤਗਰਦਾਂ ਨੂੰ ਸੁਰੱਖਿਅਤ ਟਿਕਾਣੇ ਮੁਹੱਈਆ ਨਹੀਂ ਕਰਵਾਉਣੇ ਚਾਹੀਦੇ। ਸਾਨੂੰ ਸਾਰਿਆਂ ਨੂੰ ਜ਼ਰੂਰ ਸਮਝਣ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੇ ਨਾਲ ਹੋਰ ਜ਼ਿਆਦਾ ਖੇਡਾਂ ਨਹੀਂ ਖੇਡ ਸਕਦੇ। ਅਜਿਹਾ ਕਰਨ 'ਤੇ ਅਸੀਂ ਅੰਤ ਵਿਚ ਸਭ ਕੁੱਝ ਗੁਆ ਬੈਠਾਂਗੇ।

? ਲੋਕ ਯੂ.ਐਸ. ਅਤੇ ਨਾਟੋ ਫੌਜਾ ਬਾਰੇ ਕੀ ਮਹਿਸੂਸ ਕਰਦੇ ਹਨ, ਕੀ ਉਹ ਉਨ੍ਹਾਂ ਦੇ ਚਲੇ ਜਾਣ ਦੀ ਮੰਗ ਕਰਦੇ ਹਨ?

– ਅਰੰਭ ਵਿਚ ਅਸੀਂ ਇਨ੍ਹਾਂ ਫੌਜਾਂ ਤੋਂ ਖ਼ੁਸ਼ ਸਾਂ। ਪ੍ਰੰਤੂ ਹੁਣ, ਬਹੁਤ ਸਾਰੀਆਂ ਰੀਪੋਰਟਾਂ ਮੁਤਾਬਕ ਉਹ ਨਾਗਰਿਕਾਂ 'ਤੇ ਬੰਬ ਸੁੱਟ ਰਹੇ ਹਨ, ਕੈਦੀਆਂ ਨੂੰ ਤਸੀਹੇ ਦਿੰਦੇ ਹਨ, ਅਮਰੀਕਨ ਸੁਰੱਖਿਆ ਫੌਜਾਂ ਬਿਨਾਂ ਆਗਿਆ ਤੋਂ ਲੋਕਾਂ ਦੇ ਘਰਾਂ ਵਿਚ ਵੜ ਜਾਂਦੀਆਂ ਹਨ। ਇਸ ਕਰ ਕੇ ਲੋਕਾਂ ਨੇ ਉਨ੍ਹਾਂ ਨੂੰ ਨਫ਼ਰਤ ਕਰਨੀ ਸ਼ੁਰ ਕਰ ਦਿਤੀ ਹੈ। ਪ੍ਰੰਤੂ ਅਸੀਂ ਸਮਝਦੇ ਹਾਂ ਕਿ ਹਾਲ ਦੀ ਘੜੀ ਸਾਡੇ ਪਾਸ ਬਹੁਤ ਘੱਟ ਵਿਕਲਪ ਹਨ। ਇਨ੍ਹਾਂ ਫੌਜਾਂ ਨੂੰ ਕੁੱਝ ਹੋਰ ਵਕਤ ਲਈ ਰੁਕਣਾ ਹੋਵੇਗਾ ਕਿਉਂਕਿ ਜੇਕਰ ਉਹ ਚਲੇ ਗਈਆਂ ਤਾਂ ਇਹ ਖਤਰਾ ਹੈ ਕਿ ਸਾਡੇ 'ਤੇ ਕੋਈ ਗੁਆਂਢੀ ਮੁਲਕ ਹਮਲਾ ਕਰ ਦੇਵੇ। ਮੈਂ ਉਨ੍ਹਾਂ ਦੇ ਨਾਮ ਨਹੀਂ ਲੈਂਦਾ ਚਾਹੁੰਦੀ ਪਰ ਹਰ ਕੋਈ ਜਾਣਦਾ ਹੈ ਕਿ ਉਹ ਕੌਣ ਹਨ। ਸਾਡੀਆਂ ਸੁਰੱਖਿਆ ਫੌਜਾਂ ਸਾਡੀ ਰਾਖੀ ਲਈ ਕਾਫੀ ਹਥਿਆਰ ਅਤੇ ਸਿਖਲਾਈ ਨਹੀਂ ਰੱਖਦੀਆਂ। ਅਸੀਂ ਗੈਰ ਕਾਨੂੰਨੀ ਹਥਿਆਰਾ ਵਾਲੇ ਜੰਗਬਾਜ਼ਾਂ ਦੀ ਸਮੱਸਿਆ ਦਾ ਸਾਹਮਣਾ ਕਰਦੇ ਹਾਂ। ਇਹ ਆਏ ਦਿਨ ਹਿੰਸਾ ਦੀਆਂ ਵਾਰਦਾਤਾਂ ਕਰਦੇ ਹਨ। ਅਸੀਂ ਇਕ ਅਣਵਿਕਸਿਤ ਦੇਸ਼ ਹਾਂ, ਇਥੇ ਕਰਨ ਲਈ ਬਹੁਤ ਕੰਮ ਬਾਕੀ ਹੈ। ਯੂ.ਐਸ. ਅਤੇ ਨਾਟੋ ਸੁਰੱਖਿਆ ਫੌਜਾਂ ਦੀ ਮੌਜੂਦਗੀ ਸਾਡੀ ਸੁਰੱਖਿਅਲਾ ਦੀ ਜਾਮੀ ਹੈ।



# ਪੰਜਾਬੀ ਸਾਹਿਤਕ ਪੁਸਤਕਾਂ ਦੇ ਭੂਏ ਚੜ੍ਹੇ ਅਜੋਕੇ ਪ੍ਰਕਾਸ਼ਕ



ਪ੍ਰੋ. ਰਾਕੇਸ਼ ਰਮਨ
raman.mlp@gmail.com

ਪੁਸਤਕਾਂ ਦੇ ਦੋ ਪ੍ਰਮੁੱਖ ਵਰਗ ਹੁੰਦੇ ਹਨ। ਇਕ ਸਿਖਿਆ ਦੇ ਵੱਖ ਵੱਖ ਅਨੁਸ਼ਾਸਨਾਂ ਅਤੇ ਆਮ ਵਾਕਫੀ ਨਾਲ ਸਬੰਧਿਤ ਪੁਸਤਕਾਂ ਦਾ ਵਰਗ ਅਤੇ ਦੂਜਾ ਸਾਹਿਤ ਨਾਲ ਸਬੰਧਿਤ ਪੁਸਤਕਾਂ ਦਾ ਵਰਗ। ਪਹਿਲੇ ਵਰਗ ਦੀਆਂ ਪੁਸਤਕਾਂ ਰੁਟੀਨ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਪ੍ਰਕਾਸ਼ਨ ਸਬੰਧੀ ਕੋਈ ਵਿਸ਼ੇਸ਼ ਔਕੜਾਂ ਜਾਂ ਵਿਵਾਦ ਘੱਟ ਹੀ ਸਾਹਮਣੇ ਆਏ ਹਨ। ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਕਾਂ ਦਾ ਵੀ ਇਕ ਵਖਰਾ ਹੀ ਵਰਗ ਹੈ, ਜੋ ਕਿ ਬਾਜ਼ਾਰ ਦੇ ਆਮ ਨਿਯਮਾਂ ਅਨੁਸਾਰ ਕਾਰਜ ਕਰਦਾ ਹੈ। ਪੁਸਤਕਾਂ ਵਿਚ ਬਾਜ਼ਾਰ ਦੀ ਲੋੜ ਅਨੁਸਾਰ ਨਿਵੇਸ਼ ਕੀਤਾ ਜਾਂਦਾ ਹੈ ਤੇ ਪ੍ਰਕਾਸ਼ਕ-ਪਾਠਕ ਦਾ ਸਬੰਧ ਇਸ ਵਰਗ ਦੀਆਂ ਪੁਸਤਕਾਂ ਦੇ ਮਾਮਲੇ ਵਿਚ ਉਹੀ ਹੁੰਦਾ ਹੈ, ਜਿਹੜਾ ਵਸਤੂ ਬਾਜ਼ਾਰ ਵਿਚ ਉਤਪਾਦਕ/ਵਿਕਰੇਤਾ ਅਤੇ ਉਪਭੋਗਤਾ ਦਾ ਹੁੰਦਾ ਹੈ। ਇਸ ਸਬੰਧ ਵਿਚ ਲੇਖਕ ਦੀ ਭੂਮਿਕਾ ਮਹਿਜ਼ 'ਬਰਾਂਡ' ਮਾਤਰ ਹੁੰਦੀ ਹੈ। ਲੇਖਕ ਦੇ ਹਿੱਤ ਦਾ ਨਿਬੇੜ ਕਰ ਕੇ ਹੀ ਇਸ ਵਰਗ ਦੀਆਂ ਪੁਸਤਕਾਂ ਦਾ ਪ੍ਰਕਾਸ਼ਕ ਪੁਸਤਕ ਨੂੰ ਬਾਜ਼ਾਰ ਵਿਚ ਉਤਾਰਦਾ ਹੈ। ਇਸ ਤਰ੍ਹਾਂ, ਇਸ ਵਰਗ ਦੀਆਂ ਪੁਸਤਕਾਂ ਤੇ ਉਨ੍ਹਾਂ ਦੇ ਪ੍ਰਕਾਸ਼ਕਾਂ ਦਾ ਆਪਣਾ ਵੱਖਰਾ ਹੀ ਵਪਾਰ ਸੰਸਾਰ ਹੈ। ਪੁਸਤਕ ਪ੍ਰਕਾਸ਼ਨ ਦੇ ਇਸ ਹਿੱਸੇ ਦਾ ਪੰਜਾਬੀ ਵਿਚ ਵੀ ਉਹੋ ਜਿਹਾ ਦਾਰੋਮਦਾਰ ਹੀ ਹੈ ਜਿਸ ਤਰ੍ਹਾਂ ਦਾ ਹੋਰਨਾਂ ਭਾਸ਼ਾਵਾਂ ਵਿਚ ਹੈ।



ਪੰਜਾਬ ਵਿਚ ਸਾਹਿਤਕ ਪੁਤਸਕਾਂ ਦੇ ਪ੍ਰਕਾਸ਼ਕ, ਲੇਖਕ ਤੇ ਪਾਠਕ ਦੀ ਸਮੀਕਰਨ ਪਿਤਲੇ ਕਾਫੀ ਸਮੇਂ ਤੋਂ ਵਿਗੜਦੀ ਚਲੀ ਆ ਰਹੀ ਹੈ ਅਤੇ ਹੁਣ ਵੀ ਨਾ ਕੇਵਲ ਵਧੇਰੇ ਵਿਗੜਦੀ ਜਾ ਰਹੀ ਹੈ ਸਗੋਂ ਆਪਣੇ ਵਿਗਾੜ ਦੇ ਸਭ ਤੋਂ ਬੁਰੇ ਦੌਰ ਵਿਚ ਪ੍ਰਵੇਸ ਕਰ ਗਈ ਹੈ। ਸਥਿਤੀ, ਜੋ ਇਸ ਸਮੇਂ ਬਣੀ ਹੋਈ ਹੈ, ਉਸ ਵਿਚ ਪ੍ਰਕਾਸ਼ਕ ਦੀ ਭੂਮਿਕਾ ਅੱਤ ਦੀ ਗੈਰ ਦਿਆਨਤਦਾਰੀ ਵਾਲੀ ਅਤੇ ਗ਼ੈਰ -ਸੰਜੀਦਾ ਹੈ। ਇਸ ਸਥਿਤੀ ਦੇ ਵੱਸ ਪਿਆ ਹੋਇਆ ਪੰਜਾਬੀ ਲੇਖਕ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰ ਰਿਹਾ ਹੈ ਅਤੇ ਅਲੱਗ ਥਲੱਗ ਪਿਆ ਹੋਇਆ ਹੈ। ਪੰਜਾਬੀ ਸਾਹਿਤ ਪ੍ਰਕਾਸ਼ਨ ਦਾ ਸ਼ਾਨਾਮੱਤਾ ਦੌਰ, ਪ੍ਰਕਾਸ਼ਨ (ਪੰਜਾਬੀ ਸਾਹਿਤ) ਦੀ ਅਜੋਕੀ ਹਨ੍ਹੇਰ ਗਰਦੀ ਦੇ ਦੌਰ ਵਿਚ ਬਹੁਤ ਯਾਦ ਆਉਂਦਾ ਹੈ। ਦਰਅਸਲ, ਉਸ ਦੌਰ ਤੇ ਅਜੋਕੇ ਪੰਜਾਬੀ ਪ੍ਰਕਾਸ਼ਨ ਦੀ ਤੁਲਨਾ ਕਰਨ ਨਾਲ ਹੀ ਅਜੋਕੇ ਦੌਰ ਦੇ ਸਾਹਿਤ ਪ੍ਰਕਾਸ਼ਨ ਦੀਆਂ ਗੰਭੀਰ ਸਮੱਸਿਆਵਾਂ ਦੀ ਨਿਸ਼ਾਨਦੇਹੀ ਹੁੰਦੀ ਹੈ।

ਬੀਤੇ ਦੌਰ ਦੇ ਪੰਜਾਬੀ ਸਾਹਿਤ ਪ੍ਰਕਾਸ਼ਨ ਵਿਚ ਸਾਹਿਤਕ ਪ੍ਰਕਾਸ਼ਕਾਂ ਦਾ ਸਾਹਿਤ ਪ੍ਰਤੀ ਦਿਲੀ ਲਗਾਉ, ਸਾਹਿਤਕ ਤੇ ਸਮਾਜਿਕ ਕਦਰਾਂ ਕੀਮਤਾਂ ਪ੍ਰਤੀ ਪ੍ਰਤੀਬੱਧਤਾ ਅਤੇ ਸਾਹਿਤ ਦੀ ਉਨਤੀ ਪ੍ਰਤੀ ਇਖ਼ਲਾਕੀ ਫਰਜ਼ ਸ਼ਾਮਲ ਹੁੰਦਾ ਸੀ। ਪੰਜਾਬੀ ਦੇ ਕਈ ਨਾਮਵਰ ਲੇਖਕਾਂ ਨੇ ਖੁਦ ਆਪਣੇ ਪ੍ਰਕਾਸ਼ਨ ਘਰ ਖੋਲ੍ਹੇ ਹੋਏ ਸਨ। ਇਨ੍ਹਾਂ ਪ੍ਰਕਾਸ਼ਨ ਘਰਾਂ ਰਾਹੀਂ ਪੰਜਾਬੀ ਤੋਂ ਇਲਾਵਾ ਦੁਨੀਆ ਦੀਆਂ ਦੂਸਰੀਆਂ ਭਾਸ਼ਾਵਾਂ ਦਾ ਬਿਹਤਰੀਨ ਸਾਹਿਤ ਅਨੁਵਾਦ ਕਰ ਕੇ ਛਾਪਿਆ ਗਿਆ ਅਤੇ ਬੜੀਆਂ ਵਾਜਬ ਕੀਮਤਾਂ 'ਤੇ ਪਾਠਕਾਂ ਤੇ ਲਾਇਬਰੇਰੀਆਂ ਨੂੰ ਮੁਹੱਈਆ ਕਰਵਾਇਆ ਗਿਆ। ਇਨ੍ਹਾਂ ਪ੍ਰਕਾਸ਼ਕਾਂ ਕੋਲ ਜਦ ਕੋਈ ਨਵਾਂ ਜਾਂ ਸਥਾਪਤ ਲੇਖਕ ਆਉਂਦਾ ਸੀ ਤਾਂ ਲੇਖਕ ਦੀਆਂ ਵਡਮੁੱਲੀਆਂ ਰਾਵਾਂ ਮਿਲਦੀਆਂ ਸਨ ਅਤੇ ਨਾਲ ਹੀ ਲੇਖਕ ਪ੍ਰਕਾਸ਼ਕ ਵਿਚਕਾਰ ਪ੍ਰਕਾਸ਼ਨ ਅਧੀਨ ਆਉਣ ਵਾਲੀ ਪੁਸਤਕ ਸਬੰਧੀ ਪੂਰੀ ਪਾਰਦਰਸ਼ਤਾ ਬਣੀ ਰਹਿੰਦੀ ਸੀ। ਇਹ ਗੱਲ ਨਹੀਂ ਕਿ ਉਸ ਸਮੇਂ ਪ੍ਰਕਾਸ਼ਕ ਲੇਖਕ ਕੋਲੋਂ ਪੁਸਤਕ ਦੇ ਪ੍ਰਕਾਸ਼ਨ ਲਈ ਕੋਈ ਪੈਸੇ ਨਹੀਂ ਸਨ ਲੈਂਦੇ, ਲੇਖਕ-ਪ੍ਰਕਾਸ਼ਕ ਮਿਲ ਕੇ ਵੀ ਕਈ ਵਾਰ ਪੁਸਤਕ ਪ੍ਰਕਾਸ਼ਨ ਦਾ ਆਰਥਿਕ ਬੋਝ ਸਹਿੰਦੇ ਸਨ, ਪਰ ਪ੍ਰਕਾਸ਼ਕ ਦੁਆਰਾ ਲੇਖਕ ਨੂੰ ਰਾਇਲਟੀ ਵੀ ਦਿਤੀ ਜਾਂਦੀ ਸੀ, ਲੇਖਕ ਪਾਸੋਂ ਪੈਸੇ ਲੈ ਕੇ ਪ੍ਰਕਾਸ਼ਕ ਲਾਂਭੇ ਨਹੀਂ ਸੀ ਹੋ ਜਾਂਦਾ।

ਪੰਜਾਬੀ ਪ੍ਰਕਾਸ਼ਨ ਦੀ ਅਜੋਕੀ ਸਥਿਤੀ ਇਕਦਮ ਵੱਖਰੀ ਹੈ। ਚੰਗੇ ਚੰਗੇ ਲੇਖਕ, ਜਿਨ੍ਹਾਂ ਦੀਆਂ ਪੁਸਤਕਾਂ ਦੇ ਵਪਾਰਕ ਪੱਖੋਂ ਅਸਫਲ ਰਹਿਣ ਦੀ ਵੀ ਕੋਈ ਸੰਭਾਵਨਾ ਨਹੀਂ ਹੁੰਦੀ, ਪ੍ਰਕਾਸ਼ਕਾਂ ਨੂੰ ਆਪਣੀਆਂ ਪੁਸਤਕਾਂ ਦੇ ਪ੍ਰਕਾਸ਼ਨ ਲਈ ਮੋਟੀਆਂ ਰਕਮਾਂ ਲੁਟਾ ਬੈਠਦੇ ਹਨ। ਬਾਅਦ ਵਿਚ ਜਦੋਂ ਉਹ ਇਸ ਸਾਰ ਵਰਤਾਰੇ ਉਪਰ ਪਿੱਛਲ ਝਾਤ ਮਾਰਦੇ ਹਨ ਤਾਂ ਨਾ ਕੇਵਲ ਠੱਗੇ ਗਏ ਮਹਿਸੂਸ ਕਰਦੇ ਹਨ, ਸਗੋਂ ਤ੍ਰਿਸਕਾਰਿਤ ਹੋਏ ਵੀ ਮਹਿਸੂਸ ਕਰਦੇ ਹਨ। ਪੁਸਤਕਾਂ ਦੀ ਛਪਣ ਗਿਣਤੀ ਅਤੇ ਵਿਕਣ ਗਿਣਤੀ ਵੀ ਵਾਹ ਲਗਦੀ ਪ੍ਰਕਾਸ਼ਕ ਲੇਖਕ ਕੋਲੋਂ ਲੁਕਾ ਕੇ ਹੀ ਰੱਖਦਾ ਹੈ, ਸ਼ਾਇਦ ਰਾਇਲਟੀ ਦੇਣ ਦੇ ਡਰੋਂ।

ਨਵੇਂ ਲੇਖਕਾਂ ਨੂੰ ਤਾਂ ਪ੍ਰਕਾਸ਼ਕ ਰੋਲ ਕੇ ਰੱਖ ਦਿੰਦਾ ਹੈ। ਹਰ ਨਵੇਂ ਲੇਖਕ ਕੋਲੋਂ ਪੁਸਤਕ ਪ੍ਰਕਾਸ਼ਨ ਲਈ ਔਸਤਨ ਲਾਗਤ ਮੁੱਲ ਨਾਲੋਂ ਡੇਢ ਗੁਣਾਂ ਵੱਧ ਪੈਸੇ ਵਸੂਲ ਕੀਤੇ ਜਾਂਦੇ ਹਨ। ਬਿਲਕੁਲ ਅਨਜਾਣ ਲੇਖਕ ਨੂੰ ਤਾਂ ਪ੍ਰਕਾਸ਼ਕ ਬਨਾਰਸ ਦੇ ਠੱਗ ਵਾਂਗ ਟੱਕਰਦਾ ਹੈ, ਜਿਸ ਪੁਤਕ ਨੂੰ ਛਾਪਣ 'ਤੇ ਤਕਰੀਬਨ ਦਸ ਕੁ ਹਜ਼ਾਰ ਖਰਚ ਆਉਂਦੇ ਹਨ, ਅਜਿਹੇ ਲਖੇਕ ਕੋਲੋਂ ਇਸ ਪੁਸਤਕ ਲਈ ਪੈਂਤੀ ਹਜ਼ਾਰ ਤਕ ਵਸੂਲ ਲਏ ਜਾਂਦੇ ਹਨ। ਨਵਾਂ ਲੇਖਕ ਆਮ ਕਰ ਕੇ ਪ੍ਰਕਾਸ਼ਕ ਕੋਲੋਂ ਆਪਣੇ ਖ਼ਰਚ 'ਤੇ ਛਪੀ ਪੁਸਤਕ ਦੀਆਂ ਕੁੱਝ ਕਾਪੀਆਂ ਹੀ ਚੁੱਕਦਾ ਹੈ, ਇਸ ਉਮੀਦ ਨਾਲ ਕਿ ਅਨੁਭਵੀ ਪ੍ਰਕਾਸ਼ਕ ਬਾਕੀ ਪ੍ਰਕਾਸ਼ਿਤ ਪੁਸਤਕਾਂ ਆਪਣੇ ਸ਼ੋਅ ਰੂਮ ਵਿਚ ਜਾਂ ਲਗਾਈਆਂ ਜਾ ਰਹੀਆਂ ਪੁਸਤਕ ਪ੍ਰਦਰਸ਼ਨੀਆਂ ਰਾਹੀਂ ਵੇਚ ਕੇ ਪਾਠਕਾਂ ਦੇ ਹੱਥ ਪੁਚਾ ਦੇਵੇਗਾ, ਪ੍ਰੰਤੂ ਇਹ ਸ਼ੋਅ ਰੂਮ ਅਤੇ ਪ੍ਰਦਰਸ਼ਨੀਆਂ ਮਾਤਰ ਦਿਖਾਵਾ ਹੀ ਹਨ, ਐਵੇਂ ਲੇਖਕਾਂ ਨੂੰ ਭਰਮਾਉਣ ਦਾ ਜ਼ਰੀਆ ਹਨ। ਨਵੇਂ ਲੇਖਕਾਂ ਦੀਆਂ ਪੁਸਤਕਾਂ ਤਾਂ ਸ਼ਾਤਰ ਪ੍ਰਕਾਸ਼ਕ, ਪੁਸਤਕ ਦੇ ਛਪਣ ਤੋਂ ਕੁੱਝ ਦੇਰ ਮਗਰੋਂ, ਅੱਠ ਰੁਪਏ ਕਿੱਲੋ ਦੇ ਹਿਸਾਬ ਨਾਲ ਕਬਾੜੀਏ ਨੂੰ ਚੁਕਾ ਦਿੰਦਾ ਹੈ।

ਏਥੇ ਸਵਾਲ ਇਹ ਵੀ ਉਠਦਾ ਹੈ ਕਿ ਜਿਹੜੀ ਪੁਸਤਕ ਪਾਠਕ ਨੇ ਪੜ੍ਹਨੀ/ਖਰੀਦਣੀ ਹੀ ਨਹੀਂ, ਉਸ ਨੂੰ ਪ੍ਰਕਾਸ਼ਕ ਆਪਣੇ ਖ਼ਰਚ ਜਾਂ ਵਿੱਤੀ ਹਿੱਸੇਦਾਰੀ ਨਾਲ ਪ੍ਰਕਾਸ਼ਿਤ ਕਰਨ ਦਾ ਜੋਖਿਮ ਕਿਉਂ ਉਠਾਵੇ। ਇਸ ਸਵਾਲ ਦਾ ਜਵਾਬ ਇਹੋ ਬਣਦਾ ਹੈ ਕਿ ਅਜਿਹੀ ਪੁਸਤਕ ਪ੍ਰਕਾਸ਼ਕ ਪ੍ਰਕਾਸ਼ਿਤ ਹੀ ਨਾ ਕਰੇ, ਆਖ਼ਰ ਪ੍ਰਕਾਸ਼ਕ ਦਾ ਸਾਹਿਤ ਪ੍ਰਤੀ ਕੋਈ ਇਖਲਾਕੀ ਫਰਜ਼ ਵੀ ਤਾਂ ਬਣਦਾ ਹੈ। ਪ੍ਰਕਾਸ਼ਕ ਇਹ ਦਲੀਲ ਵੀ ਦਿੰਦਾ ਹੈ ਕਿ ਲੇਖਕ ਖੁਦ ਹੀ ਤਾਂ ਉਸ ਕੋਲ ਖਰੜਾ ਲੈ ਕੇ ਆਉਂਦਾ ਹੈ ਤੇ ਪੱਲਿਉਂ ਪੈਸੇ ਖਰਚਣ ਦੀ ਪੇਸ਼ਕਸ਼ ਕਰਦਾ ਹੈ। ਇਹ ਦਲੀਲ ਕੁੱਝ ਮਾਮਲਿਆਂ ਵਿਚ ਸਹੀ ਵੀ ਹੋ ਸਕਦੀ ਹੈ, ਪ੍ਰੰਤੂ ਸੱਚਾਈ ਇਹ ਹੈ ਕਿ ਜਿਥੋਂ ਪੁਸਤਕ ਪ੍ਰਕਾਸ਼ਨ ਲਈ ਮੋਟੀਆਂ ਰਕਮਾਂ ਹੱਥ ਲੱਗਣ ਦੀ ਉਮੀਦ ਹੁੰਦੀ ਹੈ, ਜਿਵੇਂ ਕਿ ਵਿਦੇਸ਼ੀ ਵਸਦੇ ਲੇਖਕਾਂ ਕੋਲੋਂ, ਉਥੇ ਇਕ ਦੋ ਪੰਜਾਬੀ ਪ੍ਰਕਾਸ਼ਕ ਆਏ ਦਿਨ ਤੁਰੇ ਰਹਿੰਦੇ ਹਨ। ਕਦੇ ਅਮਰੀਕਾ ਤੇ ਕਦੇ ਕੈਨੇਡਾ। ਪ੍ਰੰਤੂ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਲੇਖਕ ਭਰਾਵਾਂ ਨੂੰ ਸ਼ਾਇਦ ਦੂਰ ਵਸਦੇ ਹੋਣ ਕਾਰਨ ਪਤਾ ਨਹੀਂ ਕਿ ਡਾਲਰ ਪੌਂਡ ਦੇ ਕੇ (ਪ੍ਰਕਾਸ਼ਕ ਨੂੰ) ਪ੍ਰਕਾਸ਼ਿਤ ਕਰਵਾਈਆਂ ਉਨ੍ਹਾਂ ਦੀਆਂ ਪੁਸਤਕਾਂ ਦਾ ਹਸ਼ਰ ਵੀ ਅੰਤ ਨੂੰ ਨਵੇਂ ਲੇਖਕਾਂ ਦੀਆਂ ਪੁਸਤਕਾਂ ਵਾਲਾ ਹੀ ਹੁੰਦਾ ਹੈ ਅਥਵਾ ਇਹ ਵੀ ਦੁਕਾਨ 'ਚ ਨਵੇਂ ਸਟਾਕ ਲਈ ਜਗ੍ਹਾ ਬਣਾਉਣ ਵਾਸਤੇ ਅੱਠ ਰੁਪਏ ਕਿੱਲੋ ਦੇ ਹਿਸਾਬ ਨਾਲ ਕਬਾੜੀਏ ਕੋਲ ਚਲੀਆਂ ਜਾਂਦੀਆਂ ਹਨ।

ਪੰਜਾਬੀ ਸਾਹਿਤ ਪੁਸਤਕਾਂ ਦੇ ਪ੍ਰਕਾਸ਼ਨ ਉਪਰ ਇਜਾਰੇਦਾਰੀ ਰੱਖਣ ਵਾਲੇ ਪ੍ਰਕਾਸ਼ਕਾਂ ਦੀ ਕਾਰਗੁਜ਼ਾਰੀ ਤਾਂ ਬੇਹੱਦ ਨਿਰਾਸ਼ਾਜਨਕ ਹੈ, ਪ੍ਰੰਤੂ ਛੋਟੇ ਪ੍ਰਕਾਸ਼ਕ ਸਾਹਿਤ ਤੇ ਚਿੰਤਨ ਪ੍ਰਤੀ ਕਾਫ਼ੀ ਗੰਭੀਰਤਾ ਤੇ ਸੁਹਿਰਦਤਾ ਦਾ ਪ੍ਰਗਟਾਵਾ ਕਰ ਰਹੇ ਹਨ। ਇਹ ਵਾਜਬ ਮੁੱਲ 'ਤੇ ਮਿਆਰੀ ਸਾਹਿਤ ਪ੍ਰਕਾਸ਼ਿਤ ਕਰਕੇ ਪਾਠਕਾਂ ਦੇ ਹੱਥਾਂ ਵਿਚ ਪੁਚਾ ਰਹੇ ਹਨ। ਪੰਜਬੀ ਲੇਖਕਾਂ ਨੂੰ ਅਜਿਹੇ ਪ੍ਰਕਾਸ਼ਕਾਂ ਨਾਲ ਰਲ ਕੇ ਪੰਜਾਬੀ ਪੁਸਤਕ ਪ੍ਰਕਾਸ਼ਨ ਦੇ ਸੁਧਾਰ ਲਈ ਪ੍ਰਭਾਵਸ਼ਾਲੀ ਲਹਿਰ ਲਾਮਬੰਦ ਕਰਨੀ ਚਾਹੀਦੀ ਹੈ।

ਮੋਬਾਈਲ : 98141-85363

# ਪ੍ਰਕਾਸ਼ਨ ਵਿਚ ਪਾਰਦਰਸ਼ਤਾ

ਗੁਰਦਿਆਲ ਦਲਾਲ

## ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਦੇ ਗੁਰਸ਼ਰਨ ਭਾਅ ਜੀ ਦੀ ਪਾਰਦਰਸ਼ਤਾ

ਸੰਨ 1986 ਵਿਚ ਮੇਰਾ ਮਿੱਤਰ ਕਹਾਣੀਕਾਰ ਹਰਬੰਸ ਰਾਮਪੁਰੀ ਕੈਂਸਰ ਦੀ ਭਿਆਨਕ ਬਿਮਾਰੀ ਨਾਂਲ ਚੱਲ ਵਸਿਆ। ਉਹ ਬੜੀ ਦੇਰ ਤੋਂ ਕਹਾਣੀਆਂ ਲਿਖਦਾ ਆ ਰਿਹਾ ਸੀ ਤੇ ਮੇਰਾ ਪ੍ਰੇਰਣਾ ਸਰੋਤ ਵੀ ਰਿਹਾ ਸੀ। ਕੋਈ ਵੀ ਕਹਾਣੀ ਮੈਂ ਲਿਖਦਾ, ਸਭ ਤੋਂ ਪਹਿਲਾਂ ਉਸੇ ਨੂੰ ਦਿਖਾਉਂਦਾ। ਮੈਂ ਉਸ ਦੇ ਮਗਰੋਂ ਲਿਖਣਾ ਸ਼ੁਰੂ ਕਰ ਕੇ ਦੋ ਕਹਾਣੀ ਸੰਗ੍ਰਹਿ ਛਪਵਾ ਚੁੱਕਾ ਸਾਂ ਪਰ ਪੁਤਸਕ ਛਪਵਾਉਣ ਦੀ ਉਸ ਦੀ ਸੱਧਰ ਵਿਚੇ ਰਹਿ ਗਈ। ਉਸ ਦੇ ਭੋਗ ਵਾਲੇ ਦਿਨ ਬਾਹਰ ਇਕ ਖੂੰਜੇ ਵਿਚ ਕਾਫੀ ਸਾਰੇ ਕਾਗਜ਼ ਪੱਤਰ ਸੁੱਟੇ ਪਏ ਸਨ, ਜਿਨ੍ਹਾਂ 'ਚੋਂ ਮੈਨੂੰ ਉਸ ਦੀਆਂ ਪੰਦਰਾਂ ਕਹਾਣੀਆਂ ਹੀ ਲੱਭ ਸਕੀਆਂ। ਮੈਂ ਉਸ ਦਾ ਕਹਾਣੀ ਸੰਗ੍ਰਹਿ ਸੰਪਾਦਤ ਕਰਨ ਦੀ ਸੋਚੀ। ਗੁਰਸ਼ਰਨ ਭਾਅ ਜੀ ਦੇ ਮੈਗਜ਼ੀਨ ਸਮਤਾ ਵਿਚ ਮੈਂ ਛਪਦਾ ਸਾਂ, ਇਸੇ ਲਈ ਉਹ ਮੈਨੂੰ ਜਾਣਦੇ ਸਨ। ਉਹ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਵਲੋਂ ਪੁਸਤਕਾਂ ਛਾਪਦੇ ਸਨ। ਉਨ੍ਹਾਂ ਪੁਸਤਕ ਛਾਪਣ ਲਈ ਹਾਮੀ ਭਰ ਦਿਤੀ। ਤਿੰਨ ਮਹੀਨੇ ਦਾ ਸਮਾਂ ਵੀ ਦੇ ਦਿਤਾ। ਹਰਬੰਸ ਰਾਮਪੁਰੀ ਦੀ ਬੇਟੀ ਮਨਜੀਤ ਅਤੇ ਦਾਮਾਦ ਸ਼ਿੰਦਰਪਾਲ ਕਿਤਾਬ ਦਾ ਖਰਚ ਦੇਣ ਲਈ ਮੰਨ ਗਏ। ਪੁਸਤਕ ਠੀਕ ਸਮੇਂ ਵਿਚ ਛਪ ਗਈ। ਉਹ ਖਤ ਜੋ ਭਾਅ ਜੀ ਨੈ ਮੈਨੂੰ ਪਾਇਆ ਸੀ, ਉਹ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।

---

ਗੁਰਸ਼ਰਨ ਸਿੰਘ, ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ
ਅੰਮ੍ਰਿਤਸਰ -143002 (10-8-86)

ਪਿਆਰੇ ਗੁਰਦਿਆਲ ਜੀ,

ਕਿਤਾਬ 'ਅੱਗ ਅਜੇ ਸੁਲਘਦੀ ਹੈ' ਅੰਤਮ ਰੂਪ ਵਿਚ ਤਿਆਰ ਹੋ ਕੇ ਆ ਗਈ ਹੈ। ਇਹਦੇ ਖ਼ਰਚੇ ਦਾ ਵੇਰਵਾ ਵੀ ਸਾਰਾ ਆ ਗਿਆ ਹੈ। ਕੁਲ ਕਿਤਾਬ 600 ਛਪੀ ਹੈ। 500 ਤੁਸਾਂ ਨੇ ਆਪਣੇ ਲਈ ਕਹੀ ਸੀ, 100 ਮੈਂ ਆਪ ਰੱਖਣ ਲਈ ਬਣਵਾਈ ਹੈ। ਕੁਲ ਸਫੇ 118 ਅਤੇ ਮੁੱਲ 25 ਰੁਪਏ ਹੈ।

118 ਸਫਿਆਂ ਦੀ ਪ੍ਰਿੰਟਿੰਗ (8 ਰੁ. ਪ੍ਰਤੀ ਸਫਾ) ......... 944.00
ਪਰੂਫ ਰੀਡਿੰਗ (50 ਪੈਸੇ ਸਫਾ)........................... 59.00
ਟਾਈਟਲ ਡਿਜ਼ਾਈਨ ਲਈ ਆਰਟਿਸਟ ਨੂੰ .............. 40.00
ਟਾਈਟਲ ਲਈ ਦੋ ਬਲਾਕ .............................. 135.00
ਹਰਬੰਸ ਰਾਮਪੁਰੀ ਦੀ ਫੋਟੋ ਦਾ ਬਲਾਕ ................... 80.00
ਟਾਈਟਲ ਪ੍ਰਿੰਟਿੰਗ (ਦੋ ਕਲਰ ਇਲ ਬਲੈਕ) ............... 90.00
ਫੋਟੋ ਦੀ ਪ੍ਰਿੰਟਿੰਗ .............................................. 30.00
ਕਿਤਾਬ ਲਈ ਕਾਗਜ਼ 4.5 ਰਿੰਮ (135 ਰੁ. ਰਿੰਮ) ...... 608.00
ਟਾਈਟਲ ਅਤੇ ਫੋਟੋਂ ਲਈ ਆਰਟ ਪੇਪਰ ................. 144.00
(400 ਰੁ. ਰਿੰਮ) 180 ਸ਼ੀਟਾਂ (80 ਪੈਸੇ ਸੀਟ)
ਜਿਲਦ ਪੱਕੀ (1 ਰੁਪਏ ਕਾਪੀ) .......................... 600.00
ਛੇ ਸੌ ਕਾਪੀਆਂ ਦਾ ਮੁੱਲ ............................... 2730.00
(ਇਕ ਕਾਪੀ ਲਾਗਤ ਮੁਲ 4.55 ਰੁਪਏ)

ਕਿਤਾਬ ਦਾ ਮੁੱਲ ਐਸਟੀਮੇਟ ਤੋਂ ਬਹੁਤਾ ਆਇਆ ਹੈ। ਇਕ ਤਾਂ ਸਫੇ 96 ਦੀ ਥਾਂ 118 ਬਣ ਗਏ। ਪ੍ਰਿੰਟਿੰਗ ਵੀ ਇਨ੍ਹਾਂ ਦਿਨਾਂ ਵਿਚ ਵੱਧ ਗਈ ਹੈ। 160 ਰੁਪਏ ਫੋਟੋ ਵਾਸਤੇ ਵੀ ਵੱਧ ਲੱਗੇ ਹਨ।

ਤੁਹਾਡੇ ਵਲੋਂ 2000 ਮਿਲਿਆ ਹੈ। ਜੇਕਰ ਤੁਸੀਂ 500 ਕਾਪੀਆਂ ਹੀ ਲੈਣੀਆਂ ਹਨ ਤਾਂ ਤੁਹਾਨੂੰ 275 ਰੁਪਏ ਹੋਰ ਭੇਜਣੇ ਚਾਹੀਦੇ ਹਨ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ 2000 ਦੇ ਮੁਲ ਦੀਆਂ ਕਿਤਾਬਾਂ ਭੇਜੀਆਂ ਜਾਣ ਤਾਂ ਤੁਸਾਂ ਨੂੰ 440 ਕਾਪੀਆਂ ਮੈਂ ਰੇਲਵੇ ਰਾਹੀਂ ਭੇਜ ਦਿਆਂਗਾ। ਜੇ ਸਾਰੀਆਂ ਦੀਆਂ ਸਾਰੀਆਂ 600 ਕਾਪੀਆਂ ਆਪ ਹੀ ਰੱਖਣੀਆਂ ਚਾਹੁੰਦੇ ਹੋ ਤਾਂ 730 ਰੁਪਏ ਹੋਰ ਮੈਨੂੰ ਭੇਜ ਦੇਣਾ। ਕਿਤਾਬ ਦਾ ਮੁੱਲ ਕਿਤਾਬ ਉਤੇ 25 ਰੁਪਏ ਲਿਖਿਆ ਹੈ। ਸਭ ਕੁੱਝ ਦੀ ਸਲਾਹ ਕਰ ਦੇ ਲਿਖ ਦੇਣਾ।

ਰਾਮਪੁਰ ਸਮਾਗਮ 'ਤੇ ਮੈਂ ਆਵਾਂਗਾ। ਤਰੀਕ ਫਿਕਸ ਕਰਕੇ ਲਿਖਣਾ। ਪੰਜ ਅਕਤੂਬਰ ਨਾ ਹੋਵੇ, ਬਾਕੀ ਸਭ ਠੀਕ ਹੈ।

ਗੁਰਸ਼ਰਨ ਸਿੰਘ

# ਜੀਵਨ ਮੁੱਲਾਂ ਦਾ ਮਹੱਤਵ

ਜਾਰਜ ਮਾਨਬਿਟ

ਲਗਭਗ 70 ਦੇਸ਼ਾਂ ਵਿਚ ਹੋਏ ਮਨੋਵਿਗਿਆਨਿਕ ਪ੍ਰਯੋਗ ਇਹ ਦਰਸਾਉਂਦੇ ਹਨ ਕਿ ਲੋਕ ਵਿਤੀ ਸਫਲਤਾ ਨੂੰ ਬਹੁਤ ਮਹੱਤਵ ਦਿੰਦੇ ਹਨ। ਉਨ੍ਹਾਂ ਵਿਚ ਦੂਜਿਆਂ ਪ੍ਰਤੀ ਘੱਟ ਹਮਦਰਦੀ, ਜੋੜ ਤੋੜ ਦੀ ਕਠੋਰ ਪ੍ਰਵਿਰਤੀ, ਵੰਸ਼ਵਾਦ ਅਤੇ ਅਸਮਾਨਤਾ ਪ੍ਰਤੀ ਬੇਹੱਦ ਖਿਚ, ਨਾਵਾਕਫ਼ਾਂ ਪ੍ਰਤੀ ਕਠੋਰ ਸੋਚ ਅਤੇ ਮਾਨਵ ਅਧਿਕਾਰ ਅਤੇ ਵਾਤਾਵਰਣ ਪ੍ਰਤੀ ਘੱਟ ਤੋਂ ਘੱਟ ਦਿਲਚਸਪੀ ਹੁੰਦੀ ਹੈ। ਦੂਜੇ ਪਾਸੇ ਸ਼ਕਤੀਸ਼ਾਲੀ ਆਤਮ ਸਵੀਕ੍ਰਿਤੀ ਵਾਲਿਆਂ ਵਿਚ ਦੂਸਰਿਆਂ ਪ੍ਰਤੀ ਜ਼ਿਆਦਾ ਪ੍ਰੇਮ ਭਾਵ ਅਤੇ ਮਾਨਵ ਅਧਿਕਾਰ, ਸਮਾਜਿਕ ਨਿਆਂ ਅਤੇ ਵਾਤਾਵਰਣ ਦੇ ਪ੍ਰਤੀ ਫਿਕਰਮੰਦੀ ਹੁੰਦੀ ਹੈ। ਇਹ ਮੁੱਲ ਇਕ ਦੂਜੇ 'ਤੇ ਹਾਵੀ ਹੋਣ ਦੀ ਪ੍ਰਕਿਰਿਆ 'ਚ ਰਹਿੰਦੇ ਹਨ।

ਅਸੀਂ ਕਤਲਗਾਹ ਦੇ ਦਰਵਾਜ਼ੇ 'ਤੇ ਕਤਾਰ ਲਗਾ ਕੇ ਦਸਤਕ ਦੇ ਰਹੇ ਹਾਂ।

ਅੱਜ ਅਮੀਰਾਂ ਦੀਆਂ ਗਲਤੀਆਂ ਲਈ ਗਰੀਬਾਂ ਨੂੰ ਸਜ਼ਾ ਦਿਤੀ ਜਾ ਰਹੀ ਹੈ, ਵਿਸ਼ਵਵਾਦ ਨੂੰ ਅਸੀਂ ਰੱਦੀ ਦੀ ਕੋਟਰੀ ਵਿਚ ਸੁੱਟ ਦਿਤਾ ਹੈ ਅਤੇ ਰਾਜਾਂ ਦੁਆਰਾ ਸੁਰੱਖਿਆ ਪ੍ਰਦਾਨ ਕਰਨ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਦਿਤੀ ਗਈ ਹੈ। ਕੁੱਝ ਛੋਟੇ ਮੋਟੇ ਵਿਰੋਧਾਂ ਤੋਂ ਇਲਾਵਾ ਉਪਰੋਕਤ ਮਾਮਲੇ ਸਾਡੀ ਵਿਆਪਕ ਲੜਾਈ ਦੇ ਮੁੱਦੇ ਨਹੀਂ ਬਣ ਸਕੇ। ਆਪਣੇ ਹਿੱਤਾਂ ਦਾ ਵਿਰੋਧ ਕਰਨ ਵਾਲੀਆ ਨੀਤੀਆਂ ਪ੍ਰਤੀ ਸਾਡੀ ਪ੍ਰਵਾਨਗੀ 21ਵੀਂ ਸਦੀ ਦੀ ਅਬੁੱਝ ਬੁਝਾਰਤ ਹੈ। ਸੰਯੁਕਤ ਰਾਜ ਅਮਰੀਕਾ ਦੇ ਸਫੈਦਪੋਸ਼ ਮੰਗ ਕਰ ਰਹੇ ਹਨ ਅਤੇ ਨਾਲ ਹੀ ਇਸ ਮੰਗ 'ਤੇ ਅੜੇ ਹੋਏ ਹਨ ਕਿ ਅਰਬਪਤੀਆਂ ਨੂੰ ਘੱਟ ਤੋਂ ਘੱਟ ਕਰ ਅਦਾ ਕਰਨਾ ਚਾਹੀਦਾ ਹੈ। ਆਖਰ ਸਾਨੂੰ ਕੀ ਹੋ ਗਿਆ ਹੈ?

ਮੈਨੂੰ ਇਸ ਦਾ ਉਤਰ ਵਿਸ਼ਵ ਵਣਜੀਵ ਕੋਸ਼ ਨਾਮੀ ਵਾਤਾਵਰਣ ਸਮੂਹ ਲਈ ਟਾਮ ਕ੍ਰਾਮਪਟਨ ਦੁਆਰਾ ਲਿਖੀ ਗਈ ਦਿਲਚਸਪ ਰੀਪੋਰਟ 'ਸਾਂਝੇ ਮੁੱਦੇ : ਆਪਣੇ ਸੰਸਕ੍ਰਿਤਕ ਮੁੱਲਾਂ ਨਾਲ ਕਾਰਜ' ਤੋਂ ਮਿਲਿਆ ਜਿਸ ਵਿਚ ਮਨੋਵਿਗਿਆਨ ਦੇ ਖੇਤਰ 'ਚ ਹੁਣੇ ਹੁਣੇ ਹੋਈ ਪ੍ਰਗਤੀ ਦੇ ਮਧਿਅਮ ਨਾਲ ਸਮਾਜ ਦੇ ਕਲਿਆਣ ਤੋਂ ਲੈ ਕੇ ਜਲਵਾਯੂ ਪਰਿਵਰਤਨ ਨਾਲ ਨਿਬੜਨ ਹਿੱਤ ਮਹੱਤਵਪੂਰਨ ਸੁਝਾਅ ਦਿਤੇ ਗਏ ਹਨ। ਪ੍ਰਤੀਵਾਦੀ ਮਾਨਵ ਗਿਆਨ ਦੇ ਜਿਸ ਮਾਡਲ ਤੋਂ ਪ੍ਰਭਾਵਿਤ ਹਨ, ਉਸ ਨੂੰ ਟਾਮ ਕ੍ਰਾਮਪਟਨ ਗਿਆਨ ਉਦੈ ਜਾਂ ਦਿੱਬਤਾ ਦੇ ਮਾਡਲ ਦਾ ਨਾਮ ਦਿੰਦੇ ਹਨ। ਇਸ ਨਾਲ ਲੋਕ ਵਾਸਤਵਿਕਤਾ ਦਾ ਮੁਲਾਂਕਣ ਕਰ ਕੇ ਵਿਵੇਕਪੂਰਣ ਨਿਰਣੈ ਵਲ ਵਧਦੇ ਹਨ। ਇਸ ਖਾਤਰ ਲੋਕਾਂ ਨੂੰ ਅੰਕੜਿਆਂ ਤੋਂ ਬਾਹਰ ਨਿਕਲਣ ਲਈ ਕਹਿਣਾ ਹੋਵੇਗਾ, ਜਿਸ ਨਾਲ ਉਹ ਆਪਣੀਆਂ ਇਛਾਵਾਂ ਅਤੇ ਹਿੱਤਾਂ ਨਾਲ ਸਬੰਧਤ ਨਿਰਣੈ ਲੈ ਸਕਣ।

ਵਾਸਤਵਿਕਤਾ ਇਹ ਹੈ ਕਿ ਵਿਵੇਕਪੂਰਣ ਢੰਗ ਨਾਲ ਲਾਗਤ -ਲਾਭ ਵਿਸ਼ਲੇਸ਼ਣ ਕਰਨ ਦੀ ਬਜਾਏ ਅਸੀਂ ਕੇਵਲ ਉਨ੍ਹਾਂ ਜਾਣਕਾਰੀਆਂ ਨੂੰ ਸਵੀਕਾਰ ਕਰਦੇ ਹਾਂ ਕਿ ਜਿਹੜੇ ਸਾਡੇ ਮੁੱਲਾਂ ਅਤੇ ਪਛਾਣ ਨੂੰ ਸਥਾਪਤ ਕਰਦੇ ਹੋਣ। ਇਸ ਪ੍ਰਕਿਰਿਆ ਦੌਰਾਨ ਅਸੀਂ ਵਿਰੋਧਾਭਾਸ਼ੀ ਜਾਣਕਾਰੀਆਂ ਨੂੰ ਅਸਵੀਕਾਰ ਕਰ ਦਿੰਦੇ ਹਾਂ। ਦੂਸਰੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਅਸੀਂ ਆਪਣੀ ਸੋਚ ਨੂੰ ਆਪਣੀ ਸਮਾਜਕ ਪਛਾਣ ਦੇ ਇਰਦ ਗਿਰਦ ਢਾਲ ਲੈਂਦੇ ਹਾਂ ਅਤੇ ਇਸ ਦੀ ਗੰਭੀਰ ਚੁਣੌਤੀਆਂ ਤੋਂ ਰੱਖਿਆ ਵੀ ਕਰਦੇ ਹਾਂ। ਇੰਨਾ ਹੀ ਨਹੀਂ ਅਸਹਿਜ ਵਾਸਤਵਿਕਤਾ ਤੋਂ ਮੂੰਹ ਮੋੜ ਕੇ ਪਰਿਵਰਤਨ ਦੇ ਵਿਰੁਧ ਕਠੋਰ ਵਤੀਰਾ ਧਾਰਨ ਕਰ ਲੈਂਦੇ ਹਾਂ।

ਮਨੋਵਿਗਿਆਨੀ ਸਾਡੀ ਸਮਾਜਿਕ ਪਛਾਣ ਨੂੰ ਦੋ ਮੁੱਲਾਂ, ਬਾਹਰੀ ਅਤੇ ਆਂਤਰਿਕ, ਦੇ ਰੂਪ ਵਿਚ ਵਿਸ਼ਲੇਸ਼ਿਤ ਕਰਦੇ ਹਨ। ਬਾਹਰੀ ਮੁੱਲ ਸਾਡੇ ਜੀਵਨ ਪੱਧਰ ਅਤੇ ਸਵੈ-ਵਿਕਾਸ ਨੂੰ ਸੰਬੋਧਿਤ ਹੁੰਦੇ ਹਨ। ਸ਼ਕਤੀਸ਼ਾਲੀ ਬਾਹਰੀ ਮੁੱਲ ਰੱਖਣ ਵਾਲੇ ਸੋਚਦੇ ਹਨ ਕਿ ਹੋਰ ਦੂਸਰੇ ਲੋਕ ਉਨ੍ਹਾਂ ਨੂੰ ਕਿਸ ਰੂਪ 'ਚ ਦੇਖਦੇ ਹਨ। ਉਹ ਵਿੱਤੀ ਸਫਲਤਾ, ਬਿੰਬ ਅਤੇ ਪ੍ਰਸਿੱਧੀ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੇ ਹਨ। ਆਂਤਰਿਕ ਮੁੱਲਾਂ ਜਾਂ ਪ੍ਰਤੀਬੱਧਤਾਵਾਂ ਦਾ ਸਬੰਧ ਮਿੱਤਰਾਂ, ਪਰਿਵਾਰ ਅਤੇ ਭਾਈਚਾਰੇ ਨਾਲ ਸਬੰਧਾਂ ਅਤੇ ਪ੍ਰਵਾਨਗੀ ਨਾਲ ਹੈ। ਜਿਨ੍ਹਾਂ ਲੋਕਾਂ ਵਿਚ ਪ੍ਰਬਲ ਆਂਤਰਿਕ ਪ੍ਰਤੀਬੱਧਤਾ ਹੁੰਦੀ ਹੈ, ਉਹ ਹੋਰ ਵਿਅਕਤੀਆਂ ਦੀ ਪ੍ਰਸ਼ੰਸਾ ਜਾਂ ਪੁਰਸਕਾਰ 'ਤੇ ਨਿਰਭਰ ਨਹੀਂ ਹੁੰਦੇ। ਕੁੱਝ ਲੋਕ ਪੂਰੀ ਤਰ੍ਹਾਂ ਬਾਹਰੀ ਜਾਂ ਪੂਰੀ ਤਰ੍ਹਾਂ ਆਂਤਰਿਕ ਪ੍ਰਤੀਬੱਧਤਾਵਾਂ ਵਾਲੇ ਹੁੰਦੇ ਹਨ। ਲੇਕਿਨ ਸਾਡੀ ਸਮਾਜਿਕ ਪਛਾਣ ਆਮ ਕਰਕੇ ਇਨ੍ਹਾਂ ਦੋਵਾਂ ਦੇ ਮਿਸ਼ਰਣ ਤੋਂ ਬਣਦੀ ਹੈ। ਲਗਭਗ 70 ਦੇਸ਼ਾਂ ਵਿਚ ਹੋਏ ਮਨੋਵਿਗਿਆਨਿਕ ਪ੍ਰਯੋਗ ਇਹ ਦਰਸਾਉਂਦੇ ਹਨ ਕਿ ਲੋਕ ਵਿਤੀ ਸਫਲਤਾ ਨੂੰ ਬਹੁਤ ਮਹੱਤਵ ਦਿੰਦੇ ਹਨ। ਉਨ੍ਹਾਂ ਵਿਚ ਦੂਜਿਆਂ ਪ੍ਰਤੀ ਘੱਟ ਹਮਦਰਦੀ, ਜੋੜ ਤੋੜ ਦੀ ਕਠੋਰ ਪ੍ਰਵਿਰਤੀ, ਵੰਸ਼ਵਾਦ ਅਤੇ ਅਸਮਾਨਤਾ ਪ੍ਰਤੀ ਬੇਹੱਦ ਖਿਚ, ਨਾਵਾਕਫ਼ਾਂ ਪ੍ਰਤੀ ਕਠੋਰ ਸੋਚ ਅਤੇ ਮਾਨਵ ਅਧਿਕਾਰ ਅਤੇ ਵਾਤਾਵਰਣ ਪ੍ਰਤੀ ਘੱਟ ਤੋਂ ਘੱਟ ਦਿਲਚਸਪੀ ਹੁੰਦੀ ਹੈ। ਦੂਜੇ ਪਾਸੇ ਸ਼ਕਤੀਸ਼ਾਲੀ ਆਤਮ ਸਵੀਕ੍ਰਿਤੀ ਵਾਲਿਆਂ ਵਿਚ ਦੂਸਰਿਆਂ ਪ੍ਰਤੀ ਜ਼ਿਆਦਾ ਪ੍ਰੇਮ ਭਾਵ ਅਤੇ ਮਾਨਵ ਅਧਿਕਾਰ, ਸਮਾਜਿਕ ਨਿਆਂ ਅਤੇ ਵਾਤਾਵਰਣ ਦੇ ਪ੍ਰਤੀ ਫਿਕਰਮੰਦੀ ਹੁੰਦੀ ਹੈ। ਇਹ ਮੁੱਲ ਇਕ ਦੂਜੇ 'ਤੇ ਹਾਵੀ ਹੋਣ ਦੀ ਪ੍ਰਕਿਰਿਆ 'ਚ ਰਹਿੰਦੇ ਹਨ। ਜਿਨ੍ਹਾਂ ਦੀਆਂ ਬਾਹਰੀ ਇਛਾਵਾਂ ਬਹੁਤ ਤੀਬਰ ਹੋਣਗੀਆਂ, ਉਨ੍ਹਾਂ ਦੇ ਆਂਤਰਿਕ ਲਕਸ਼ ਓਨੇ ਹੀ ਕਮਜ਼ੋਰ ਹੋਣਗੇ। ਵੈਸੇ ਅਸੀਂ ਮੁੱਲਾਂ ਨੂੰ ਨਾਲ ਲੈ ਕੇ ਨਹੀਂ ਜੰਮਦੇ। ਸਾਡਾ ਸਮਾਜਿਕ ਵਾਤਾਵਰਣ ਉਨ੍ਹਾਂ ਨੂੰ ਢਾਲਦਾ ਹੈ। ਰਾਜਨੀਤੀ ਵੀ ਸਾਡੀ ਸੋਚ ਨੂੰ ਉਨਾਂ ਹੀ ਬਦਲਦੀ ਹੈ ਜਿੰਨਾ ਕਿ ਪ੍ਰਸਥਿਤੀਆਂ। ਮਿਸਾਲ ਵਜੋਂ ਸਭ ਲਈ ਮੁਫ਼ਤ ਸਿਹਤ ਸੇਵਾਵਾਂ ਦੀ ਵਿਵਸਥਾ ਸਾਡੀ ਆਂਤਰਿਕ ਪ੍ਰਤੀਬੱਧਤਾ ਦੀ ਪੁਸ਼ਟੀ ਕਰਦੀ ਹੈ। ਗਰੀਬਾਂ ਦੀ ਸਿਹਤ ਸੇਵਾਵਾਂ 'ਚੋਂ ਬੇਦਖ਼ਲੀ ਅਸਮਾਨਤਾ ਦਾ ਸਧਾਰਣੀਕਰਨ ਕਰਦੀ ਹੈ ਅਤੇ ਬਾਹਰੀ ਮੁੱਲਾਂ ਨੂੰ ਬਲ ਬਖ਼ਸ਼ਦੀ ਹੈ।

ਮਾਰਗਰੇਟ ਥੈਚਰ ਦੇ ਸੱਤਾ 'ਚ ਆਉਣ ਮਗਰੋਂ ਬਰਤਾਨੀਆਂ ਵਿਚ ਸੱਜੇ ਪੱਖੀ ਝੁਕਾਅ ਵੱਡੇ ਪੈਮਾਨੇ 'ਤੇ ਸਾਹ-ਮਣੇ ਆਇਆ ਜੋ ਕਿ ਬਲੇਅਰ ਅਤੇ ਬਰਾਊਨ ਦੇ ਕਾਰਜਕਾਲ ਵਿਚ ਵੀ ਜਾਰੀ ਰਹੇ। ਇਨ੍ਹਾਂ ਸਾਰੀਆਂ ਸਰਕਾਰਾਂ ਨੇ ਵਿਅਕਤੀਗਤ ਖੁਸ਼ਹਾਲੀ ਨੂੰ ਸਭ ਤੋਂ ਵੱਧ ਤਰਜੀਹ ਦਿਤੀ। ਇਸ ਦੇ ਨਾਲ ਹੀ ਬਾਜ਼ਾਰ ਅਤੇ ਵਿਤੀ ਸਫ਼ਲਤਾ ਨੇ ਸਾਡੇ ਜੀਵਨ ਮੁੱਲਾਂ ਨੂੰ ਹੀ ਬਦਲ ਦਿਤਾ। ਇਸ ਦੌਰਾਨ ਧਨ ਅਤੇ ਮੌਕਿਆਂ ਦੀ ਪੁਨਰ ਵੰਡ ਦੀਆਂ ਨੀਤੀਆਂ ਦੇ ਸਬੰਧ ਵਿਚ ਜਨਸਮਰਥਨ ਤੇਜ਼ੀ ਨਾਲ ਘਟਿਆ। ਇਸ ਪਰਿਵਰਤਨ ਨੂੰ ਵਿਗਿਆਪਨ ਤੇ ਮੀਡੀਆ ਨੇ ਮਜ਼ਬੂਤੀ ਪ੍ਰਦਾਨ ਕੀਤੀ। ਮੀਡੀਆ ਦਾ ਫੋਕਸ ਸੱਤਾ ਦੀ ਰਾਜਨੀਤੀ ਉਪਰ ਹੋਇਆ। ਇਸ ਦੀ 'ਅਮੀਰਾਂ ਦੀ ਸੂਚੀ' ਵਿਚ 100 ਸਭ ਤੋਂ ਵੱਧ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ, ਬੁੱਧੀਮਾਨ ਜਾਂ ਸੁੰਦਰ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ। ਨਾਲ ਹੀ ਮੀਡੀਆ ਨੇ ਆਪਣੇ ਸਨਕੀਪੁਣੇ ਲਈ ਪ੍ਰਸਿੱਧ ਵਿਅਕਤੀਆਂ, ਫੈਸ਼ਨ, ਤੇਜ਼ ਗਤੀ ਦੀਆਂ ਕਾਰਾਂ ਅਤੇ ਮਹਿੰਗੀਆਂ ਅਰਾਮਗਾਹਾਂ ਨੂੰ ਉਤਸ਼ਾਹਿਤ ਕੀਤਾ। ਇਨ੍ਹਾਂ ਸਭ ਨੇ ਬਾਹਰੀ ਮੁੱਲਾਂ ਨੂੰ ਲੋਕਾਂ ਦੇ ਮਨ ਵਿਚ ਬਿਠਾ ਦਿਤਾ। ਅਸੁਰੱਖਿਆ ਅਤੇ ਥੁੜ੍ਹ ਦੀ ਭਾਵਨਾ ਜਗਾਉਣ ਦਾ ਅਰਥ ਹੈ ਸਵੈ ਸਵੀਕ੍ਰਿਤੀ ਨੂੰ ਠੇਸ ਪਹੁੰਚਣਾ। ਨਾਲ ਹੀ ਇਹ ਆਂਤਰਿਕ ਉਦੇਸ਼ਾਂ ਦਾ ਗਲ ਵੀ ਘੁੱਟਦੇ ਹਨ।

ਵਿਗਿਆਪਨ ਜਗਤ ਜੋ ਕਿ ਵੱਡੀ ਗਿਣਤੀ ਵਿਚ ਮਨੋਵਿਗਿਆਨੀਆਂ ਨੂੰ ਨਿਯੁਕਤ ਕਰਦਾ ਹੈ, ਇਸ ਸੱਭ ਤੋਂ ਚੰਗੀ ਤਰ੍ਹਾਂ ਜਾਣੂ ਹੈ। ਇਕ ਕੰਪਨੀ ਦੇ ਯੋਜਨਾ ਨਿਰਦੇਸ਼ਕ ਮਰਫੀ ਦਾ ਕਹਿਣਾ ਹੈ ਕਿ 'ਸਾਨੂੰ ਸਭਿਆਚਾਰ ਵਿਚ ਚਾਲਾਕੀ ਨਾਲ ਦਖ਼ਲ ਦੇਣਾ ਚਾਹੀਦਾ ਹੈ, ਸਾਨੂੰ ਬ੍ਰਾਂਡ ਮੈਨੇਜਰ ਨਹੀਂ, ਸਮਾਜਿਕ ਇੰਜੀਨੀਅਰ ਬਣਨਾ ਹੈ ਅਤੇ ਕਿਸੇ ਬ੍ਰਾਂਡ ਦੇ ਬਾਰੇ ਵਿਚ ਵਿਚਾਰ ਬਦਲਣ ਦੀ ਥਾਂ ਸਭਿਆਚਾਰਕ ਸ਼ਕਤੀਆਂ ਨੂੰ ਚਲਾਕੀ ਨਾਲ ਪ੍ਰਭਾਵਿਤ ਕਰਨਾ ਹੈ।' ਉਹ ਜਿਉਂ ਹੀ ਸਾਡੇ ਬਾਹਰੀ ਮੁੱਲਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਉਨ੍ਹਾਂ ਨੂੰ ਉਤਪਾਦ ਵੇਚਣ ਵਿਚ ਆਸਾਨੀ ਹੋ ਜਾਂਦੀ ਹੈ। ਸੱਜੇ ਪੱਖੀ ਸਿਆਸਤਦਾਨਾਂ ਨੇ ਸਿਆਸੀ ਮੰਚ ਦੇ ਪਰਿਵਰਤਨ ਵਿਚ ਜੀਵਨ ਮੁੱਲਾਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ। ਥੈਚਰ ਦੀ ਪ੍ਰਸਿੱਧ ਟਿੱਪਣੀ, 'ਦਿਲ ਅਤੇ ਆਤਮਾ ਨੂੰ ਬਦਲਣ ਲਈ ਅਰਥ ਵਿਵਸਥਾ ਇਕ ਔਜ਼ਾਰ ਹੈ।' ਅਮਰੀਕਾ ਵਿਚ ਵੀ 'ਕੰਜ਼ਰਵੇਟਿਵ ਆਮ ਕਰ ਕੇ ਵਾਸਤਵਿਕਤਾ ਅਤੇ ਅੰਕੜਿਆਂ ਉਪਰ ਬਹਿਸ ਕਰਵਾਉਣ ਤੋਂ ਘਬਰਾਉਂਦੇ ਹਨ, ਇਸ ਦੀ ਥਾਂ ਉਹ ਮੁੱਦਿਆਂ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਸ ਨਾਲ ਬਾਹਰੀ ਮੁੱਲ ਜ਼ਿਆਦਾ ਖਿਚ ਭਰਪੂਰ ਹੋ ਕੇ ਸਥਾਪਿਤ ਹੁੰਦੇ ਹਨ।'

ਇਸ ਪ੍ਰਵਿਰਤੀ ਦੇ ਜਵਾਬ ਵਿਚ ਪ੍ਰਗਤੀਵਾਦੀਆਂ ਦਾ ਵਤੀਰਾ ਵੀ ਵਿਨਾਸ਼ਕਾਰੀ ਹੈ। ਮੁੱਲਾਂ ਵਿਚ ਆ ਰਹੇ ਬਦਲਾਵ ਨਾਲ ਟਕਰਾਅ ਦੀ ਥਾਂ ਅਸੀਂ ਉਨ੍ਹਾਂ ਨੂੰ ਅਪਨਾਉਣਾ ਚਾਹੁੰਦੇ ਹਾਂ। ਕਿਸੇ ਸਮੇਂ ਪ੍ਰਗਤੀਵਾਦੀ ਕਹੇ ਜਾਣ ਵਾਲੇ ਰਾਜਨੀਤਿਕ ਦਲਾਂ ਦੇ ਨਜ਼ਰੀਏ 'ਤੇ ਗੌਰ ਕਰਨਾ ਜ਼ਰੂਰੀ ਹੈ। ਨਵੀਂ ਲੇਬਰ ਪਾਰਟੀ ਦੁਆਰਾ ਮੱਧ ਬਰਤਾਨੀਆਂ ਵਿਚ ਕੀਤੀ ਗਈ ਉਸ ਅਪੀਲ ਵਲ ਧਿਆਨ ਦਿਉ ਜਿਸ ਨੂੰ ਸਰਬ-ਲਾਭ ਦੀ ਕੁੰਜੀ ਕਿਹਾ ਗਿਆ ਹੈ। ਅਜਿਹਾ ਕਰਨ ਵੇਲੇ ਉਹ ਬਾਹਰੀ ਮੁੱਲਾਂ ਨੂੰ ਨਾਂ ਕੇਵਲ ਸਵੀਕਾਰ ਹੀ ਕਰ ਰਹੇ ਹਨ, ਸਗੋਂ ਉਨ੍ਹਾਂ ਨੂੰ ਉਚਿਤਤਾ ਵੀ ਪ੍ਰਦਾਨ ਕਰ ਰਹੇ ਹਨ। ਇਸ ਸੰਦਰਭ ਵਿਚ ਕਈ ਗ੍ਰੀਨ (ਵਾਤਾਵਰਣ) ਅਤੇ ਸਮਾਜਿਕ ਨਿਆਂ ਮੁਹਿੰਮਾਂ ਦੁਆਰਾ ਆਮ ਜਨਤਾ ਨੂੰ ਦਿਤੇ ਜਾ ਰਹੇ ਭਾਸ਼ਣਾਂ ਉਪਰ ਗੌਰ ਕਰਨਾ ਜ਼ਰੂਰੀ ਹੈ। ਮਿਸਾਲ ਵਜੋਂ ਵਿਕਾਸਸ਼ੀਲ ਦੇਸ਼ਾਂ ਨੂੰ ਗਰੀਬੀ ਤੋਂ ਮੁਕਤ ਕਰਨ ਨਾਲ ਬ੍ਰਿਟਿਸ਼ ਉਤਪਾਦਾਂ ਦਾ ਬਾਜ਼ਾਰ ਵਧੇਗਾ ਜਾਂ ਹਾਈਬ੍ਰੀਡ ਕਾਰ ਖਰੀਦਣ ਨਾਲ ਤੁਸੀਂ ਆਪਣੇ ਮਿੱਤਰਾਂ ਨੂੰ ਪ੍ਰਭਾਵਿਤ ਕਰ ਸਕੋਂਗੇ ਅਤੇ ਤੁਹਾਡਾ ਜੀਵਨ ਪੱਧਰ ਉੱਚਾ ਹੋਵੇਗਾ। ਇਨ੍ਹਾਂ ਰਣਨੀਤੀਆਂ ਨਾਲ ਬਾਹਰੀ ਮੁੱਲਾਂ ਵਿਚ ਤਬਦੀਲੀ ਆਵੇਗੀ। ਪ੍ਰਕ੍ਰਿਤਕ ਜਾਂ ਗ੍ਰੀਨ ਉਪਪੋਗਤਾਵਾਦ ਵੀ ਇਕ ਵਿਨਾਸ਼ਕਾਰੀ ਭੁੱਲ ਹੈ। ਕਾਮਨ ਕਾਜ਼ ਨੇ ਇਸ ਦਾ ਬਹੁਤ ਆਸਾਨ ਹੱਲ ਦੱਸਦੇ ਹੋਏ ਕਿਹਾ ਹੈ ਕਿ ਅਸੀਂ ਆਪਣੇ ਮੁੱਲਾਂ ਨੂੰ ਦਫ਼ਨ ਹੁੰਦੇ ਦੇਖਣਾ ਬੰਦ ਕਰੀਏ ਅਤੇ ਇਸ ਦੀ ਥਾਂ ਉਨ੍ਹਾਂ ਬਾਰੇ ਲੋਕਾਂ ਨੂੰ ਸਮਝਾਈਏ ਤੇ ਉਨ੍ਹਾਂ 'ਤੇ ਅਮਲ ਕਰੀਏ। ਰਾਜਨੀਤਿਕ ਪਰਿਵਰਤਨ ਦੇ ਮਨੋਵਿਗਿਆਨ ਨੂੰ ਸਮਝਣ ਵਿਚ ਸਹਾਈ ਹੁੰਦੇ ਹੋਏ ਲੋਕਾਂ ਨੂੰ ਦੱਸੀਏ ਕਿ ਇਸ ਵਿਚ ਕਿਸ ਪੱਧਰ 'ਤੇ ਹੇਰਾਫੇਰੀ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਕਤੀਆਂ ਖਾਸ ਕਰ ਕੇ ਵਿਗਿਆਪਨ ਉਦਯੋਗ, ਜੋ ਕਿ ਸਾਨੂੰ ਅਸੁਰੱਖਿਅਤ ਅਤੇ ਸਵਾਰਥੀ ਬਣਾਉਂਦਾ ਹੈ, ਨੂੰ ਚੁਣੌਤੀ ਦੇਣ ਲਈ ਸਭ ਨੂੰ ਇਕਜੁੱਟ ਹੋਣਾ ਹੋਵੇਗਾ। ਬ੍ਰਿਟਿਸ਼ ਲੇਬਰ ਪਾਰਟੀ ਦੇ ਨੇਤਾ ਏਡ ਮਿਲਿਬੇਂਡ ਨੇ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਸਮਾਜ ਵਿਚ ਪਰਿਵਰਤਨ ਆਏ ਜਿਸ ਨਾਲ ਕਿ ਭਾਈਚਾਰੇ ਅਤੇ ਪਰਿਵਾਰ ਦਾ ਸਨਮਾਨ ਵਧੇ। ਨਾਲ ਹੀ ਸਾਨੂੰ ਆਪਣੀ ਵਿਦੇਸ਼ ਨੀਤੀ ਨੂੰ ਬਦਲਣਾ ਹੋਵੇਗਾ, ਜਿਸ ਨਾਲ ਕਿ ਇਹ ਹਮੇਸ਼ਾ ਮੁੱਲਾਂ ਨਾਲ ਖੜੀ ਰਹੇ ਨਾ ਕਿ ਕੇਵਲ ਗਠਜੋੜ (ਮਿੱਤਰ ਰਾਸ਼ਟਰਾਂ) ਦੇ ਭਰੋਸੇ। ਪ੍ਰੰਤੂ ਇਥੇ ਵੀ ਧੁੰਦਲਕੇ ਦੀ ਸਥਿਤੀ ਹੈ। ਕਿਉਂਕਿ ਇਨ੍ਹਾਂ ਪਰਿਵਰਤਨਾਂ ਲਈ ਅਸੀਂ ਕੇਵਲ ਸਿਆਸਤਦਾਨਾਂ 'ਤੇ ਹੀ ਭਰੋਸਾ ਨਹੀਂ ਕਰ ਸਕਦੇ।

ਅਗਰ ਪਰਿਭਾਸ਼ਿਕ ਤੌਰ 'ਤੇ ਦੇਖੀਏ ਤਾਂ ਸਿਆਸਤਦਾਨਾਂ ਵਿਚੋਂ ਉਹ ਲੋਕ ਹੀ ਸਫਲ ਹੋਏ ਹਨ ਜਿਨ੍ਹਾਂ ਨੇ ਬਾਹਰੀ ਮੁੱਲਾਂ ਨੂੰ ਤਰਜੀਹ ਦਿਤੀ ਹੈ, ਉਨ੍ਹਾਂ ਦੀਆਂ ਅਕਾਂਖਿਆਵਾਂ ਦੀ ਪ੍ਰਤੀਪੂਰਤੀ ਸਾਨੂੰ ਮਾਨਸਿਕ ਸ਼ਾਂਤੀ, ਪਰਿਵਾਰਕ ਜੀਵਨ, ਦੋਸਤੀ ਤੇ ਭਾਈਚਾਰੇ ਨਾਲ ਕਰਨੀ ਹੋਵੇਗੀ। ਅਤਿਅੰਤ ਜ਼ਰੂਰੀ ਹੈ ਕਿ ਅਸੀਂ ਖੁਦ ਨੂੰ ਬਦਲੀਏ। ਅਸੀਂ ਜਿਸ ਤਰ੍ਹਾਂ ਦੀ ਰਾਜਨੀਤੀ ਚਾਹੁੰਦੇ ਹਾਂ ਉਸ ਉਪਰ ਬਹਿਸ ਕਰਨੀ ਹੋਵੇਗੀ। ਇਹ ਬਹਿਸ ਕਾਰਜ ਸਿੱਧੀ ਜਾਂ ਉਚਿਤਤਾ ਦੇ ਆਧਾਰ 'ਤੇ ਨਹੀਂ ਬਲਕਿ ਸੁਹਿਰਦਤਾ ਅਤੇ ਕਰੁਣ ਦੇ ਆਧਾਰ 'ਤੇ ਹੋਵੇਗੀ। ਦੂਸਰਿਆਂ ਦੇ ਖ਼ਿਲਾਫ ਇਸ ਬਹਿਸ ਦਾ ਆਧਾਰ ਹੋਵੇਗਾ ਕਿ ਉਹ ਸਵਾਰਥੀ ਅਤੇ ਕਰੂਰ ਹਨ।

## ਰਾਜਨੀਤੀ ਤੇ ਸਾਹਿਤ

''ਰਾਜਨੀਤੀ ਤੋਂ ਦੂਰ ਰਹਿਣਾ? ਕਿਹੜੀ ਗੱਲੋਂ?'' ਇਸ ਦਾ ਅਰਥ ਹੋਵੇਗਾ ਰਾਜਨੀਤੀ ਤੋਂ ਸ਼ਰਮਾਉਣਾ, ਇਸ ਤੋਂ ਲੁਕਣਾ, ਆਪਣੇ ਆਪ ਨੂੰ ਸੁਹਜਵਾਦ ਤੇ ਵਿਅਕਤੀਵਾਦ ਵਿਚ ਤਾੜੀ ਰੱਖਣਾ, ਸਟੇਟ ਨੂੰ, ਵੇਲਾ ਵਿਹਾ ਚੁੱਕੇ ਤਰੀਕਿਆਂ ਨਾਲ, ਲੋਕਾਂ ਨਾਲ ਜੋ ਮਰਜ਼ੀ ਕਰਨ ਦੀ ਖੁੱਲ੍ਹ ਦੇਈ ਰੱਖਣਾ। ਜੇ ਅਸੀਂ ਰਾਜਨੀਤੀ ਤੋਂ ਦੂਰ ਰਹਾਂਗੇ ਤਾਂ ਕੋਈ ਹੋਰ ਧਿਰ ''ਰਾਜਨੀਤੀ ਵਿਚ'' ਆ ਘੁਸੇਗੀ ਤੇ ਸਾਡੀ ਅੱਖ ਤੋਂ ਓਹਲੇ ਰਹੇਗੀ। ਉਹ ਧਿਰ ਜਿਵੇਂ ਠੀਕ ਚਾਹੇ ਕੰਮ ਕਰੇਗੀ, ਅਰਥਾਤ, ਜੇ ਉਹ ਚਾਹੇ ਜੰਗ ਛੇੜ ਦੇਵੇਗੀ, ਉਸ ਸ਼੍ਰੇਣੀ ਦੇ ਵਿਰੋਧੀਆਂ ਨਾਲ ਵਪਾਰਕ ਸੌਦੇ ਕਰੇਗੀ, ਜਿਸ ਨੂੰ ਕਿ ਅਸੀਂ ਇਤਿਹਾਸ ਦੀ ਨਵੀਂ ਸ਼ਕਤੀ ਬਣਦੀ ਵੇਖਣ ਦਾ ਸੁਪਨਾ ਲੈਂਦੇ ਹਾਂ। ਲੋਕਾਂ ਨੂੰ ਬਿਨਾਂ ਵਜ੍ਹਾ ਗੋਲੀਆਂ ਮਾਰਨਗੇ ਤੇ ਯੂਰਪੀ ਜੀਵਨ ਦੇ ਤੂਫਾਨੀ ਪਾਣੀਆਂ ਤੇ ਕਾਲਾ ਤੇਲ ਡੋਲ੍ਹਣਗੇ। ਇਸ ਦਾ ਅਰਥ ਹੋਵੇਗਾ ਕਿ ਅਸੀਂ ਖੋਪੇ ਚਾੜ੍ਹੀ ਰੱਖੀਏ, ਉਸ ਪਾਸੇ ਤੱਕਣ ਦੀ ਕੋਸ਼ਿਸ਼ ਨਾ ਕਰੀਏ ਅਜਿਹੀ ਹਾਲਤ ਵਿਚ, ਇਹ ਸੰਭਵ ਨਹੀਂ ਕਿ ਅਸੀਂ ਉਨੀਵੀਂ ਸਦੀ ਦੇ ਮਹਾਨ ਲੇਖਕਾਂ ਦੀ ਪ੍ਰਸੰਸਾ ਕਰਨ ਦੇ ਯੋਗ ਹੋ ਸਕੀਏ।''

*(ਅਲੈਗਜ਼ਾਂਦਰ ਬਲਾਕ - ਰੂਸੀ ਕਵੀ ਦੀ ਡਾਇਰੀ ਵਿਚੋਂ)*



ਕੀ ਤੁਹਾਡੀ ਕਾਰ ਦੀ ਚਾਬੀ ਅੰਦਰ ਰਹਿ ਗਈ ਹੈ?
ਕੰਮ ਤੇ ਜਾਣ ਦੀ ਜਲਦੀ ਹੈ ?
ਕਾਰ ਲਾਕ ਹੋ ਗਈ ਹੈ ?
We also provide Boost for your Vehicles.
ਤਾਂ ਘਬਰਾਉ ਨਾ.....
ਕਾਰ ਲਾਕ ਹੁੰਦਿਆਂ ਹੀ
ਗੁਰਪ੍ਰੀਤ ਸੋਹਲ ਨੂੰ
Fully licence # W005464
24 HOUR SERVICE
780 935 2990 ਤੇ ਫ਼ੋਨ ਘੁੰਮਾਉ

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS


KAPIL SHARMA
FOR FAST REFUND USE E-FILES
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ
ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ ਨਾਲ ਸੰਪਰਕ ਕਰੋ
780-469-2677
FAX : 780-469-2026

# 12 ਸਾਲ ਦੇ ਅਜ਼ਲ ਦੁਸਾਂਝ ਨੇ ਤਿੰਨ ਘੰਟੇ ਵਿਚ ਲਿਖੀ ਕਿਤਾਬ

ਚੰਡੀਗੜ੍ਹ, (ਨਦਬ) ਅੱਜ ਕਲ ਦੇ ਬੱਚਿਆਂ ਦੀ ਸੋਚ ਪਿਛਲੀਆਂ ਪੀੜ੍ਹੀਆਂ ਨਾਲੋਂ ਬਹੁਤ ਅੱਗੇ ਹੈ। ਬੱਚਿਆਂ ਦੇ ਸੁਪਨੇ ਆਸਮਾਨ ਛੂੰਹਦੇ ਹਨ ਅਤੇ ਇਨ੍ਹਾਂ ਸਪਨਿਆਂ ਨੂੰ ਪੂਰਾ ਕਰਨ ਲਈ ਉਹ ਮਿਹਨਤ ਕਰਨ ਤੋਂ ਵੀ ਨਹੀਂ ਕਤਰਾਉਂਦੇ। ਆਪਣੇ ਇਨ੍ਹਾਂ ਸੁਪਨਿਆਂ ਤੋਂ ਪ੍ਰੇਰਣਾ ਲੈ ਕੇ 12 ਸਾਲ ਦੇ ਅਜ਼ਲ ਦੁਸਾਂਝ ਨੇ ਸਿਰਫ਼ ਤਿੰਨ ਘੰਟੇ ਵਿਚ ਇਕ ਕਿਤਾਬ 'ਡਰੀਮਿੰਗ ਕਿਡਜ਼-ਸੁਪਨੇ ਲੈਂਦੇ ਬੱਚੇ' ਲਿਖ ਦਿੱਤੀ। ਪ੍ਰੈਸ ਕਲੱਬ, ਚੰਡੀਗੜ੍ਹ ਵਿਚ ਇਹ ਕਿਤਾਬ ਰਿਲੀਜ਼ ਕੀਤੀ ਗਈ। ਇਹ ਕਿਤਾਬ ਅਦਾਰਾ 'ਨਵੀਂ ਦੁਨੀਆ' ਵਲੋਂ ਪ੍ਰਕਾਸ਼ਤ ਕਰਵਾਈ ਗਈ ਹੈ ਤੇ ਇਸ ਪ੍ਰੋਗਰਾਮ ਦਾ ਪ੍ਰਬੰਧ ਵੀ ਅਦਾਰੇ ਵਲੋਂ ਹੀ ਕੀਤਾ ਗਿਆ।

ਇਸ ਮੌਕੇ ਉਘੇ ਨਾਟਕਕਾਰ ਦਵਿੰਦਰ ਦਮਨ, ਮਸ਼ਹੂਰ ਲੇਖਕ ਮੋਹਨ ਭੰਡਾਰੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ. ਅਨੂਪ ਵਿਰਕ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ ਗੁਰਭਜਨ ਸਿੰਘ ਗਿੱਲ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਤੇ ਸਾਹਿਤ ਜਗਤ ਨਾਲ ਜੁੜੀਆਂ ਕਈ ਵੱਡੀਆਂ ਹਸਤੀਆਂ ਮੌਜੂਦ ਸਨ। ਮੁਹਾਲੀ ਵਿਚ ਰਹਿਣ ਵਾਲਾ ਅਜ਼ਲ ਦੁਸਾਂਝ ਸੈਕਟਰ-49 ਸਥਿਤ ਰਾਇਨ ਇੰਟਰਨੈਸ਼ਨਲ ਸਕੂਲ ਦਾ 7ਵੀਂ ਦਾ ਵਿਦਿਆਰਥੀ ਹੈ। 'ਡਰੀਮਿੰਗ ਕਿਡਜ਼' ਨੂੰ ਉਸ ਨੇ ਨਾਟਕ ਦੇ ਰੂਪ ਵਿਚ ਲਿਖਿਆ ਹੈ। ਇਸ ਕਹਾਣੀ ਦੇ ਕਿਰਦਾਰ ਅਜ਼ਲ ਤੋਂ ਇਲਾਵਾ ਉਸ ਦੇ ਦੋਸਤ ਹਰਨੂਰ, ਕਰਮਨ ਤੇ ਅਮਰਦੀਪ ਹਨ। ਅਜ਼ਲ ਨੇ ਇਹ ਕਿਤਾਬ ਅੰਗਰੇਜ਼ੀ ਵਿਚ ਲਿਖੀ ਹੈ। ਇਸ ਕਿਤਾਬ ਰਾਹੀਂ ਅਜ਼ਲ ਨੇ ਬੱਚਿਆਂ ਦੇ ਸੁਪਨਿਆਂ, ਮਾਸੂਮ ਸੋਚ ਅਤੇ ਸ਼ੁੱਧ ਮਨ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਹੈ।

ਅਜ਼ਲ ਨੇ ਦੱਸਿਆ ਕਿ ਉਹ ਅਕਸਰ ਆਪਣੇ ਦੋਸਤਾਂ ਨਾਲ ਇਕ ਫਿਲਮ ਬਣਾਉਣ ਦੀ ਯੋਜਨਾ ਬਣਾਉਂਦਾ ਸੀ। ਉਸ ਦੇ ਦਿਮਾਗ ਵਿਚ ਕੋਈ ਨਾ ਕੋਈ ਆਇਡੀਆ ਆਉਂਦਾ ਹੀ ਰਹਿੰਦਾ ਸੀ। ਕਰੀਬ ਨੌਂ ਮਹੀਨੇ ਪਹਿਲਾਂ ਇਕ ਦਿਨ ਉਸ ਦਾ ਸਕੂਲ ਜਾਣ ਦਾ ਮਨ ਨਹੀਂ ਸੀ ਤਾਂ ਉਸ ਨੇ ਆਪਣੀ ਮਾਂ ਕੋਲ ਤਬੀਅਤ ਖਰਾਬ ਹੋਣ ਦਾ ਬਹਾਨਾ ਮਾਰਿਆ। ਜਦੋਂ ਉਸ ਦੀ ਛੋਟੀ ਭੈਣ ਅਦਬ ਦੁਸਾਂਝ ਸਕੂਲ ਚਲੀ ਗਈ ਤਾਂ ਉਹ ਘਰ ਵਿਚ ਇਧਰ-ਉਧਰ ਮਸਤੀ ਕਰਨ ਲੱਗਾ। ਇਹ ਦੇਖ ਕੇ ਉਸ ਦੀ ਮਾਂ ਨੇ ਉਸ ਨੂੰ ਝੂਠ ਬੋਲਣ ਦੀ ਸਜ਼ਾ ਦੇਣ ਲਈ ਕਿਤਾਬਾਂ ਵਾਲੇ ਕਮਰੇ ਵਿਚ ਬੰਦ ਕਰ ਦਿੱਤਾ। ਉਸ ਕਮਰੇ ਵਿਚ ਅਜ਼ਲ ਤੋਂ ਇਲਾਵਾ ਬਸ ਕਿਤਾਬਾਂ ਸਨ। ਅਜ਼ਲ ਦਾ ਪੜ੍ਹਨ ਦਾ ਮਨ ਨਹੀਂ ਸੀ, ਇਸ ਲਈ ਉਸ ਨੇ ਇਕ ਕਾਗਜ਼ ਅਤੇ ਪੈਨ ਲਿਆ ਅਤੇ ਆਪਣੇ ਮਨ ਦੇ ਵਿਚਾਰਾਂ ਨੂੰ ਸ਼ਬਦਾਂ ਦਾ ਰੂਪ ਦੇ ਦਿੱਤਾ। ਸਿਰਫ਼ ਤਿੰਨ ਘੰਟੇ ਵਿਚ ਉਸ ਨੇ ਆਪਣੇ ਸੁਪਨਿਆਂ ਦੀ ਕਹਾਣੀ ਨੂੰ ਇਕ ਨਾਟਕ ਦੇ ਰੂਪ ਵਿਚ ਲਿਖ ਦਿੱਤਾ। ਜਦੋਂ ਉਸ ਨੇ ਇਹ ਲੇਖਣੀ ਆਪਣੀ ਮਾਤਾ-ਪਿਤਾ ਨੂੰ ਦਿਖਾਈ ਤਾਂ ਉਨ੍ਹਾਂ ਨੂੰ ਬਹੁਤ ਪਸੰਦ ਆਈ ਅਤੇ ਉਨ੍ਹਾਂ ਨੇ ਇਸ ਨੂੰ ਕਿਤਾਬ ਦੇ ਰੂਪ ਵਿਚ ਛਪਵਾਉਣ ਦਾ ਫੈਸਲਾ ਕੀਤਾ। ਅਜ਼ਲ ਦੇ ਪਿਤਾ ਸੁਸ਼ੀਲ ਦੁਸਾਂਝ ਨੇ ਦੱਸਿਆ ਕਿ ਅਜ਼ਲ ਬਚਪਨ ਤੋਂ ਹੀ ਜਗਿਆਸੂ ਹੈ। ਉਹ ਵੱਖ ਵੱਖ ਚੀਜ਼ਾਂ ਬਾਰੇ ਬਹੁਤ ਸਵਾਲ ਕਰਦਾ ਹੈ। ਉਸ ਦੀ ਖ਼ਿਆਲ ਉਡਾਰੀ ਬਹੁਤ ਤੇਜ਼ ਹੈ ਅਤੇ ਉਹ ਬਹੁਤ ਜਲਦੀ ਚੀਜ਼ਾਂ ਨੂੰ ਸਿੱਖਦਾ ਹੈ। ਅਜ਼ਲ ਦੀ ਮਾਂ ਕਮਲ ਦੁਸਾਂਝ ਵੀ ਪੇਸ਼ੇ ਤੋਂ ਪੰਜਾਬੀ ਪੱਤਰਕਾਰ ਹੈ। ਇਸ ਕਿਤਾਬ ਦੇ ਨਾਲ ਜ਼ਿਆਦਾ ਲੋਕਾਂ ਨੂੰ ਜੋੜਨ ਲਈ ਰੋਪੜ ਦੇ ਸ਼ਾਇਰ ਜਸਵਿੰਦਰ ਨੇ ਪੰਜਾਬੀ ਵਿਚ ਉਸ ਦਾ ਅਨੁਵਾਦ ਵੀ ਕੀਤਾ ਹੈ।



**ਅਜ਼ਲ ਦੁਸਾਂਝ ਨੂੰ ਪਿਆਰ ਦਿੰਦੇ ਹੋਏ ਪ੍ਰੋ. ਗੁਰਭਜਨ ਗਿੱਲ, ਤਸਵੀਰ ਵਿਚ ਨਾਲ ਹਨ ਸ਼ਾਇਰ ਜਸਵਿੰਦਰ, ਮੋਹਨ ਭੰਡਾਰੀ ਅਤੇ ਡਾ. ਸੁਖਦੇਵ ਸਿੰਘ।**

ਇਸ ਮੌਕੇ ਪ੍ਰੋ. ਗੁਰਭਜਨ ਗਿੱਲ ਨੇ ਅਜ਼ਲ ਦੀ ਇਸ ਪ੍ਰਾਪਤੀ 'ਤੇ ਇਸ ਨਿੱਕੀ ਉਮਰੇ ਹੀ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਆਨਰੇਰੀ ਮੈਂਬਰਸ਼ਿਪ ਪ੍ਰਦਾਨ ਕੀਤੀ। ਹੁਣ ਤਕ ਇਹ ਮਾਣ ਇਕ ਹੋਰ ਬੱਚੇ ਦੇ ਹਿੱਸੇ ਆਇਆ ਹੈ। ਅਜ਼ਲ ਇਹ ਸਨਮਾਨ ਲੈਣ ਵਾਲਾ ਦੂਜਾ ਬੱਚਾ ਹੈ। ਸਮਾਗਮ ਵਿਚ ਹਾਜ਼ਰ ਸਾਹਿਤਕਾਰਾਂ ਤੇ ਥੀਏਟਰ ਨਾਲ ਜੁੜੀਆਂ ਹਸਤੀਆਂ ਨੇ ਅਜ਼ਲ ਦੇ ਕੰਮ ਦੀ ਸ਼ਲਾਘਾ ਕੀਤੀ। ਸਟੇਜ ਸੰਚਾਲਨ ਸਾਹਿਬ ਸਿੰਘ ਨੇ ਕੀਤਾ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਡਾ. ਟਿਵਾਣਾ ਨੂੰ ਫ਼ੈਲੋਸ਼ਿਪ

## ਬਾਲ ਲੇਖਕ ਅਜ਼ਲ ਦੁਸਾਂਝ ਨੂੰ ਆਨਰੇਰੀ ਮੈਂਬਰਸ਼ਿਪ ਪ੍ਰਦਾਨ

ਲੁਧਿਆਣਾ, (ਨਦਬ) : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਇਜਲਾਸ ਵਿੱਚ ਪ੍ਰਸਿੱਧ ਗਲਪਕਾਰ ਤੇ ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਦਲੀਪ ਕੌਰ ਟਿਵਾਣਾ ਨੂੰ ਅਕਾਦਮੀ ਦਾ ਸਰਵ-ਉੱਚ ਸਨਮਾਨ ਫ਼ੈਲੋਸ਼ਿਪ ਮੁਹੱਈਆ ਕੀਤੀ ਗਈ। ਫ਼ੈਲੋਸ਼ਿਪ ਵਿੱਚ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਤੇ ਦੁਸ਼ਾਲਾ ਸ਼ਾਮਲ ਸਨ। ਡਾ. ਟਿਵਾਣਾ ਬਾਰੇ ਸਨਮਾਨ ਪੱਤਰ ਪ੍ਰਸਿੱਧ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਨੇ ਪੜ੍ਹਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਜੈ ਰੂਪ ਸਿੰਘ, ਵਾਈਸ ਚਾਂਸਲਰ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਸ. ਸ. ਜੌਹਲ, ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਡਾ. ਸੁਖਦੇਵ ਸਿੰਘ ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਇਸ ਸਮੇਂ ਡਾ. ਕਰਨੈਲ ਸਿੰਘ ਸੋਮਲ ਨੂੰ ਉਨ੍ਹਾਂ ਦੀ ਪੁਸਤਕ 'ਇਸ ਘੋੜੇ ਦੀਆਂ ਵਾਗਾਂ ਫੜੋ' ਤੇ ਸ. ਇਕਬਾਲ ਸਿੰਘ (ਹਰਿਆਣਾ) ਨੂੰ 'ਸ਼ੇਰ ਦੀ ਮਾਸੀ' ਲਈ 'ਮਾਤਾ ਜਸਵੰਤ ਕੌਰ ਮੌਲਿਕ ਸਰਵੋ-ਤਮ ਬਾਲ ਪੁਸਤਕ ਪੁਰਸਕਾਰ' ਭੇਟ ਕੀਤੇ ਗਏ। ਇਨ੍ਹਾਂ ਪੁਰਸਕਾਰਾਂ ਵਿੱਚ ਦਸ ਹਜ਼ਾਰ ਰੁਪਏ ਦੀ ਨਕਦ ਰਾਸ਼ੀ, ਸਨਮਾਨ ਚਿੰਨ੍ਹ ਤੇ ਦੁਸ਼ਾਲਾ ਭੇਟਾ ਕੀਤਾ ਗਿਆ। ਪ੍ਰੋ. ਪ੍ਰੀਤਮ ਸਿੰਘ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਸਪੁੱਤਰ ਡਾ. ਜੈ ਰੂਪ ਸਿੰਘ, ਨੂੰਹ ਡਾ. ਪੁਸ਼ਪਿੰਦਰ ਜੈਰੂਪ ਸਿੰਘ ਤੇ ਸਪੁੱਤਰੀ ਡਾ. ਹਰਸ਼ਿੰਦਰ ਕੌਰ ਆਪਣੇ ਪਰਿਵਾਰ ਸਮੇਤ ਸਨਮਾਨ ਸਮਾਗਮ ਵਿੱਚ ਪਹੁੰਚੇ। ਜਨਰਲ ਇਜਲਾਸ ਦੇ ਆਰੰਭ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਆਏ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਭਵਨ ਵਿੱਚ ਜੰਗੇ ਆਜ਼ਾਦੀ ਦੇ ਨਾਇਕਾਂ ਦੀਆਂ ਤਸਵੀਰਾਂ ਦੀ ਗੈਲਰੀ ਕਾਇਮ ਕੀਤੀ ਜਾਵੇਗੀ। ਅਕਾਦਮੀ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਨੇ 2010-2011 ਦੀ ਕਾਰਜਕਾਰਨੀ ਦੀ ਰਿਪੋਰਟ ਤੇ 2011-2012 ਦਾ ਅਨੁਮਾਨਤ ਬਜਟ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸ ਮੌਕੇ ਬਾਰਾਂ ਸਾਲ ਦੇ ਬਾਲ ਲੇਖਕ ਅਜ਼ਲ ਦੁਸਾਂਝ ਨੂੰ 'ਸੁਪਨੇ ਲੈਂਦੇ ਬੱਚੇ' ਨਾਟ ਪੁਸਤਕ ਲਿਖਣ ਸਦਕਾ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਆਨਰੇਰੀ ਮੈਂਬਰਸ਼ਿਪ ਦਿੱਤੀ ਗਈ। ਜਨਰਲ ਕੌਂਸਲ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸ.ਸ. ਜੌਹਲ, ਡਾ. ਸੁਰਜੀਤ ਪਾਤਰ, ਪ੍ਰੋ. ਨਰਿੰਜਨ ਤਸਨੀਮ, ਪ੍ਰੋ. ਪਿਆਰਾ ਸਿੰਘ ਭੋਗਲ ਤੇ ਸ੍ਰੀ ਮਿੱਤਰ ਸੈਨ ਮੀਤ ਨੇ ਕੀਤੀ। ਜਨਰਲ ਇਜਲਾਸ ਨੂੰ ਡਾ. ਸੁਰਜੀਤ ਪਾਤਰ, ਸ੍ਰੀ ਮਿੱਤਰ ਸੈਨ ਮੀਤ, ਪ੍ਰੋ. ਪਿਆਰਾ ਸਿੰਘ ਭੋਗਲ, ਸ. ਕਰਮਜੀਤ ਸਿੰਘ ਔਜਲਾ, ਸੁਰਿੰਦਰ ਗਿੱਲ, ਪ੍ਰੋ. ਲਾਲ ਸਿੰਘ, ਪ੍ਰੋ. ਨਰਿੰਜਨ ਤਸਨੀਮ ਨੇ ਸੰਬੋਧਨ ਕੀਤਾ।

# 'ਢਲ ਰਹੇ ਐ ਸੂਰਜਾ' ਦੀ ਦਸਤਕ




ਕੈਲਗਰੀ (ਨ.ਦ.ਬ.) : ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਦਾ ਛੇਵਾਂ ਗ਼ਜ਼ਲ ਸੰਗ੍ਰਹਿ 'ਢਲ ਰਹੇ ਐ ਸੂਰਜਾ' ਪੰਜਾਬੀ ਪਾਠਕਾਂ ਦੀ ਕਚਿਹਰੀ ਵਿਚ ਪੇਸ਼ ਹੋ ਗਿਆ ਹੈ। ਪੰਜਾਬੀ ਗ਼ਜ਼ਲ ਨੂੰ ਪ੍ਰਫੁਲਿਤ ਕਰਨ ਵਿੱਚ ਡਾ: ਸਾਧੂ ਸਿੰਘ ਹਮਦਰਦ, ਪਿੰ: ਤਖਤ ਸਿੰਘ, ਜਨਾਬ ਦੀਪਕ ਜੈਤੋਈ ਆਦਿ ਦਾ ਵਿਸ਼ੇਸ਼ ਹੱਥ ਹੈ। ਜਿਵੇਂ ਜਿਵੇਂ ਪੰਜਾਬੀ ਕਵਿਤਾ ਵਿੱਚ ਅਧੁਨਿਕਤਾ ਨੇ ਪ੍ਰਵੇਸ਼ ਕੀਤਾ, ਤਿਵੇਂ ਤਿਵੇਂ ਪੰਜਾਬੀ ਗ਼ਜ਼ਲ ਵਿੱਚ ਵੀ ਤਬਦੀਲੀ ਆਈ। ਇਨ੍ਹਾਂ ਗ਼ਜ਼ਲਕਾਰਾਂ ਨੇ ਜਿੱਥੇ ਸਮਾਂ ਵਿਹਾ ਚੁੱਕੀ ਉਰਦੂ ਸ਼ਬਦਾਵਲੀ ਦਾ ਤਿਆਗ ਕਰਕੇ ਲੋਕ-ਬੋਲੀ ਪੰਜਾਬੀ ਨੂੰ ਸ਼ਾਇਰੀ ਵਿੱਚ ਸਤਕਾਰਤ ਥਾਂ ਦਿੱਤੀ ਉਥੇ ਮਨੁਖੀ ਮਨ 'ਤੇ ਪਏ ਹਰ ਸਮੂਹਿਕ ਪ੍ਰਭਾਵ ਅਤੇ ਅਧੁਨਿਕ ਸੰਵੇਦਨਾ ਦਾ ਪ੍ਰਤੀਕਾਤਮਿਕ ਪ੍ਰਗਟਾਅ ਆਪਣੀਆਂ ਗ਼ਜ਼ਲਾਂ ਵਿੱਚ ਕੀਤਾ। ਕਿਸੇ ਵੀ ਸ਼ਾਇਰ ਦੀ ਸ਼ਾਇਰੀ ਤੇ ਉਸਦੇ ਭੂਗੋਲਿਕ ਖਿੱਤੇ, ਉਸਤੇ ਪਏ ਰਾਜਨੀਤਿਕ, ਆਰਥਿਕ, ਸਮਾਜਿਕ ਪ੍ਰਭਾਵਾਂ ਅਤੇ ਉਸਦੀ ਗਿਆਨ ਵਿਗਿਆਨ ਪਹੁੰਚ ਤੋਂ ਇਲਾਵਾ ਉਸਦੀ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਦਾ ਵੀ ਵਿਸ਼ੇਸ਼ ਪ੍ਰਭਾਵ ਝਲਕਦਾ ਹੈ। ਕੇਵਲ ਛੰਦਬੰਦੀ, ਸ਼ਾਇਰ ਨੂੰ ਬੁਲੰਦ ਨਹੀਂ ਬਣਾਉਂਦੀ, ਉਸਦੀ ਸੰਵੇਦਨਾ, ਸੁਚੇਤਨਾ, ਉਸਦਾ ਸ਼ਬਦ ਭੰਡਾਰ, ਮਾਂ ਬੋਲੀ ਪੰਜਾਬੀ 'ਤੇ ਪਕੜ ਵਿਸ਼ੇਸ਼ ਅਤੇ ਉਚਤਮ ਪ੍ਰਾਪਤੀ ਤੀਕ ਪੁੱਜਣ ਦਾ ਵਸੀਲਾ ਬਣਦੀ ਹੈ। ਪ੍ਰੋ: ਸ਼ਮਸ਼ੇਰ ਸਿੰਘ ਸੰਧੂ ਦਾ ਸੰਵੇਦਨਸ਼ੀਲ ਮਨ ਜਿੱਥੇ ਭਾਵਨਾਤਮਕ ਤੌਰ 'ਤੇ ਮਨੁੱਖੀ ਰਿਸ਼ਤਿਆਂ ਅਤੇ ਸਮਾਜਿਕ ਵਰਤਾਰਿਆਂ ਨਾਲ ਜੁੜਿਆ ਹੋਇਆ ਹੈ, ਉਥੇ ਉਸਦੇ ਨਿੱਜੀ ਮਨੋਭਾਵ, ਵਲਵਲੇ ਰੀਤਾਂ ਆਦਿ ਵੀ ਉਸਦੀ ਸ਼ਾਇਰੀ ਵਿੱਚ ਸਹਿਜੇ ਹੀ ਵੇਖੇ ਜਾ ਸਕਦੇ ਹਨ। ਪਿਛਲੇ ਕਾਫੀ ਅਰਸੇ ਤੋਂ ਬਿਮਾਰੀ ਦੀ ਹਾਲਤ ਵਿੱਚ ਵੀ ਸੰਧੂ ਨੇ ਆਪਣਾ ਹੌਸਲਾ ਬੁਲੰਦ ਰੱਖਿਆ ਹੋਇਆ ਹੈ ਅਤੇ ਲਿਖਣ ਦੇ ਇਸ ਸੂਖ਼ਮ ਕਾਰਜ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ। ਸੰਧੂ ਦੇ ਇਸ ਛੇਵੇਂ ਗ਼ਜ਼ਲ ਸੰਗ੍ਰਹਿ 'ਢਲ ਰਹੇ ਐ ਸੂਰਜਾ' ਨੂੰ ਖੁਸ਼ ਆਮਦੀਦ ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕਤੱਤਰਤਾ



ਕੈਲਗਰੀ (ਨ.ਦ.ਬ.) : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕਤੱਤਰਤਾ ਕੋਸੋ ਹਾਲ ਵਿਚ ਹੋਈ। ਮੰਚ ਸੰਚਾਲਕ ਦੀ ਜ਼ਿੰਮੇਵਾਰੀ ਸੰਭਾਲਦਿਆਂ ਇਕਬਾਲ ਖ਼ਾਨ ਨੇ ਪ੍ਰਧਾਨਗੀ ਮੰਡਲ ਲਈ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਅਤੇ ਗੁਰਨਾਮ ਸਿੰਘ ਗਿੱਲ ਨੂੰ ਮੰਚ 'ਤੇ ਆਉਣ ਲਈ ਬੇਨਤੀ ਕੀਤੀ। ਇਕਬਾਲ ਖ਼ਾਨ ਨੇ ਖੁਸ਼ੀ ਦੀਆਂ ਖ਼ਬਰਾਂ ਸਾਂਝਿਆਂ ਕਰਦਿਆਂ ਦੱਸਿਆ ਕਿ ਕੇਸਰ ਸਿੰਘ ਨੀਰ, ਬੀਬੀ ਹਰਮਿੰਦਰ ਕੌਰ ਢਿੱਲੋਂ ਅਤੇ ਮਾਸਟਰ ਬਚਿੱਤਰ ਸਿੰਘ ਗਿੱਲ ਨੂੰ ਪੋਤਰੀਆਂ ਦੀ ਦਾਤ ਮਿਲ਼ੀ ਹੈ।

ਹਰਮਿੰਦਰ ਕੌਰ ਢਿਲੋਂ ਨੇ ਇਕ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰਸ਼ੋਤਮ ਭਾਰਦਵਾਜ, ਕੇਸਰ ਸਿੰਘ ਨੀਰ, ਹਰਿਭਜਨ ਸਿੰਘ ਢਿੱਲੋਂ, ਮਾ. ਭਜਨ ਗਿੱਲ, ਸੋਹਣ ਮਾਨ, ਜਸਵੰਤ ਸੇਖੋਂ, ਹਰਜੀਤ ਗਿੱਲ ,ਰਨੇਕ ਬਧਨੀ, ਕੁੰਦਨ ਸਿੰਘ ਸ਼ੇਰਗਿੱਲ, ਗੁਰਨਾਮ ਸਿੰਘ ਗਿੱਲ ਅਤੇ ਗੁਰਦਿਆਲ ਸਿੰਘ ਖਹਿਰਾ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ।

ਸਤਨਾਮ ਢਾਅ ਨੇ ਡਾ. ਅਮਰਇੰਦਰ ਸਿੰਘ ਸੰਧੂ ਅਤੇ ਪ੍ਰਸਿੱਧ ਸਾਹਿਤਕਾਰ ਜਸਵੰਤ ਸਿੰਘ ਵਿਰਦੀ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਜਾਣਕਾਰੀ ਦਿੰਦਿਆ ਆਖਿਆ ਕਿ ਸੋਹਣ ਸਿੰਘ ਪੂੰਨੀ ਵਲੋ ਬੜੀ ਖੋਜ-ਭਰਪੂਰ ਤੇ ਮਿਹਨਤ ਨਾਲ ਤਿਆਰ ਕੀਤੀ ਗਈ ਕਿਤਾਬ 'ਕੈਨੇਡਾ ਦੇ ਗ਼ਦਰੀ ਯੋਧੇ' 20 ਅੱਗਸਤ ਦੁਪਹਿਰ 2 ਵਜੇ ਟੈਂਪਲ ਕੁਮਿਉਨਟੀ ਹਾਲ ਵਿਖੇ ਲੋਕ ਅਰਪਨ ਕੀਤੀ ਜਾਵੇਗੀ।

# ਬਰਾੜ ਪਰਿਵਾਰ ਨੂੰ ਸਦਮਾ

ਐਡਮਿੰਟਨ (ਨ.ਦ.ਬ.) : ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਵਾਈਸ ਪ੍ਰਧਾਨ ਤਜਿੰਦਰ ਸਿੰਘ ਬਰਾੜ ਅਤੇ ਸਮੂਹ ਬਰਾੜ ਪਰਿਵਾਰ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਬੀਤੇ ਦਿਨੀ ਉਨ੍ਹਾਂ ਦੇ ਪਿਤਾ ਜੀ ਸ. ਰਣਵੀਰ ਸਿੰਘ ਬਰਾੜ 79 ਸਾਲ ਦੀ ਉਮਰ ਭੋਗਣ ਉਪਰੰਤ ਐਡਮਿੰਟਨ ਵਿਖੇ ਅਕਾਲ ਚਲਾਣਾ ਕਰ ਗਏ। ਅਦਾਰਾ 'ਨਵੀਂ ਦੁਨੀਆ' ਇਸ ਦੁੱਖ ਦੀ ਘੜੀ ਵਿਚ ਬਰਾੜ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

# ਪੰਜਾਬੀ ਲਿਖਾਰੀ ਸਭਾ ਨੇ ਜੁਲਾਈ ਮਹੀਨੇ ਦਾ ਸਾਹਿਤਕ ਰੰਗ ਬਖੇਰਿਆ

ਕੈਲਗਰੀ (ਨ.ਦ.ਬ.) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਦੇ ਹਾਲ ਵਿੱਚ ਮੈਬਰਾਂ ਦੀ ਭਰਪੂਰ ਹਾਜ਼ਰੀ ਵਿੱਚ ਹੋਈ। ਭੋਲਾ ਸਿੰਘ ਚੌਹਾਨ ਨੇ ਪ੍ਰੋਫੈਸਰ ਮਨਜੀਤ ਸਿੰਘ ਸਿੱਧੂ ਅਤੇ ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜਨਾਗਲ ਜੀ ਨੂੰ ਪ੍ਰਧਾਨਗੀ ਮੰਡਲ ਵਿੱਚ ਬਿਰਾਜਣ ਲਈ ਬੇਨਤੀ ਕੀਤੀ। ਉਪਰੰਤ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸਹਿਯੋਗ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਪੰਜਾਬੀ ਸਾਹਿਤ ਜਗਤ ਨੂੰ ਸਦੀਵੀ ਵਿਛੋੜਾ ਦੇ ਗਏ ਲੇਖਕ ਜਸਵੰਤ ਵਿਰਦੀ ,ਹਰਨਾਮ ਸਿੰਘ ਸ਼ਾਨ , ਪੰਜਾਬੀ ਲਿਖਾਰੀ ਸਭਾ ਦੇ ਮੈਬਰ ਅਤੇ ਲੋਕ ਅਵਾਜ਼"ਦੇ ਸਬ ਐਡੀਟਰ ਹਰਬੰਸ ਬੁੱਟਰ ਦੇ ਜੀਜਾ ਬਿੱਕਰਮ ਸਿੰਘ ਸਮਰਾ ਅਤੇ ਗੁਰਦਿਆਲ ਸਿੰਘ ਖਹਿਰਾ ਦੇ ਦਾਮਾਦ ਦੀ ਬੇਵਕਤ ਮੌਤ 'ਤੇ ਦੁੱਖ ਪ੍ਰਗਟ ਕੀਤਾ ਗਿਆ। ਰਚਨਾਂਵਾਂ ਦੇ ਦੌਰ ਵਿੱਚ ਬਲਵੀਰ ਗੋਰਾ ਰਕਬੇ ਵਾਲਾ, ਸੁਖਪਾਲ ਪਰਮਾਰ, ਬਲਜਿੰਦਰ ਸੰਘਾ 'ਬਿੱਟੂ', ਮਨਜੋਤ ਗਿੱਲ, ਚਰਨ ਸਿੰਘ ਅਤੇ ਹਰਮਿੰਦਰ ਕੌਰ ਢਿੱਲੋਂ ਨੇ ਹਿੱਸਾ ਲਿਆ। ਕਹਾਣੀਕਾਰ ਦਵਿੰਦਰ ਮਲਹਾਂਸ ਨੇ ਵੀ ਮਾਂ ਬਾਰੇ ਇੱਕ ਭਾਵੁਕ ਕਵਿਤਾ ਪੜ੍ਹੀ । ਸੁਰਜੀਤ ਸਿੰਘ ਸ਼ੀਤਲ ਪੰਨੂੰ ਹੋਰਾਂ ਨੇ ਦੋ ਕੁੰਡਲੀਏ ਅਤੇ ਇੱਕ ਗ਼ਜ਼ਲ , ਮਾ: ਭਜਨ ਗਿੱਲ ਨੇ ਕੁਰੱਪਟ ਰਾਜਨੀਤੀ ਅਤੇ ਧਾਰਮਿਕ ਕੱਟੜਤਾ ਉਤੇ ਕਟਾਕਸ਼ , ਗੁਰਚਰਨ ਕੌਰ ਥਿੰਦ ਨੇ , ਕਵਿਤਾ ,ਮਨਜੀਤ ਬਰਾੜ ਨੇ ਕਨੇਡਾ ਦੇ ਜੀਵਨ ਬਾਰੇ ਆਪਣਾ ਗੀਤ ਗਾਕੇ ਸੁਣਾਇਆ । ਪ੍ਰਸ਼ੋਤਮ ਅਠੌਲੀ ਨੇ ਆਪਣੀ ਤੇ ਸੰਦਲ ਪ੍ਰੋਡਕਸ਼ਨ ਦੇ ਪਰਮਜੀਤ ਸੰਦਲ ਨੇ ਫਿਲਮ "ਦਿਲ ਦਰਿਆ ਸਮੁੰਦਰੋਂ ਡੂੰਘੇ" ਦੇ ਭਰਪੂਰ ਹੁੰਗਾਰੇ ਧੰਨਵਾਦ ਕੀਤਾ। ਜਰਨੈਲ ਤੱਗੜ ਨੇ ਵੀ ਆਪਣੇ ਸੇਅਰ ਸੁਣਾਏ। ਭੋਲਾ ਸਿੰਘ ਚੌਹਾਨ ਨੇ ਆਪਣੀ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ। ਹਰਬੰਸ ਬੁੱਟਰ ਨੇ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਾਰੇ ਵਲੰਟੀਅਰਾਂ ਦਾ ਧੰਨਵਾਦ ਕੀਤਾ।






Alberta Mortgage Centre

Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed

For FREE Consultation, please call
(780)479-2222

# 78, 4003-98 Street, Edmonton, AB www.albertamortgagecentre.com

Anuj Gupta
AMP, B.Com.
Associate Broker



Krishna(KK)Gupta, AMP
"Experienced, Knowledgeable, Committed"
Serving the Community Since 1999

CAAMP ACCHA — AXIOM Mortgage Partners — AMBA — BBB Accredited Business — think MORTGAGE think AMP™

# ਫੋਟੋ ਗੈਲਰੀ





ਮਿਲਵੁਡਜ਼ ਸਜ਼ੂਕੀ ਵਲੋਂ ਬੀਤੇ ਦਿਨੀਂ 'ਗਾਹਕ ਮਿਲਣੀ' ਸਬੰਧੀ ਕੀਤੇ ਗਏ ਬਾਰਬੀਕਿਊ ਦਾ ਦ੍ਰਿਸ਼।



ਵਿਧਾਇਕ ਪੀਟਰ ਸੰਧੂ ਤੇ ਜੈਫ਼ ਜੌਹਨਸ ਕੈਪੀਟਲ ਐਕਸ ਦੀ ਪਰੇਡ ਦੌਰਾਨ








ਕੈਨੇਡਾ ਹੈਰੀਟੇਜ ਮੇਲੇ ਦੌਰਾਨ (ਖੱਬੇ) ਕਥਕ ਕਰਦੀਆਂ ਭਾਰਤੀ ਲੜਕੀਆਂ ਰਿਤੀਕਾ ਕੌਸ਼ਲ, ਐਸ਼ਲੀ ਭਾਸਕਰ, ਰਬੀਨਾ ਭਾਸਕਰ, ਕਵਿਤਾ ਭਾਸਕਰ। (ਸੱਜੇ) ਭਾਰਤ ਤੇ ਪਾਕਿਸਤਾਨ ਵਲੋਂ ਲਗਾਏ ਸਟਾਲ









ਪ੍ਰੋਗਰੈਸਿਵ ਪੀਪਲਜ਼ ਫਾਊਡੇਸ਼ਨ ਆਫ ਐਡਮਿੰਟਨ ਵਲੋਂ ਕਰਵਾਏ ਗਏ ਚੌਥੇ ਸ਼ਹੀਦ ਭਗਤ ਸਿੰਘ ਸਾਕਰ ਟੂਰਨਾਮੈਂਟ ਦੀਆਂ ਝਲਕੀਆਂ



ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ ਤੇ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਆਫ ਐਡਮਿੰਟਨ ਵਲੋਂ ਕਰਵਾਏ 'ਮੇਲਾ ਮੁਟਿਆਰਾਂ' ਦੌਰਾਨ ਹਾਜ਼ਰ ਗਾਇਕ ਤੇ ਪ੍ਰਬੰਧਕ।




ਆਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ 24 ਜੁਲਾਈ ਨੂੰ ਕਰਵਾਏ ਟੂਰਨਾਮੈਂਟ ਦੀਆਂ ਤਸਵੀਰਾਂ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future



JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol

*For All Insurance Needs Book Appointment Today.*

**Calgary**

Bus: (403) 717 - 0666
Cell: (403) 830 - 7007

**Edmonton**

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport Phots
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $19.99
ONLY $9.99
Globe Knob
ALEXANDRIA Moulding
MOULDING SPECIALS!
#5010
MDF Primed $1.20 /linear foot
#412
MDF Primed $0.60 /linear foot
#411
MDF Primed $0.49 /linear foot
#3140
MDF Primed $0.29 /linear foot
#357
MDF Primed $0.19 /linear foot
SAVE ON BATHROOM FIXTURES!
4 Piece Bath Set: Infinity and Corona Models
Taymor
MODERN
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.


Fancy Doors & Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors
ONLY $400.99
Single "Paris" Door
ONLY $200.99
Interior Door
Bostonian
6-Panel Pre-Hung 18" x 36"
ONLY $55.99
Exterior Door
ONLY $149.99
6-Panel Steel Door with Brick Moulding Pre-Hung (32" or 36") with 4.5" jamb
Creston
ONLY $169.99 Slab
Pantry
ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment Pre-Hung 32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

# ਨੀ ਉਹ ਦਿਨ ਯਾਦ ਕਰ ਰਾਧੇ

## ਲੋਕ-ਗੀਤਾਂ ਦੇ ਨਾਲ ਨਾਲ

ਮੈਂ ਆਪਣੇ ਖੇਤਰੀ ਕਾਰਜ ਵਿਚ ਨੱਬੇ ਪ੍ਰਤੀਸ਼ਤ ਗੀਤ ਦਲਿਤਾਂ ਦੇ ਘਰਾਂ ਵਿਚੋਂ ਇਕੱਠੇ ਕੀਤੇ ਹਨ। ਬਾਕੀ ਦਸ ਪ੍ਰਤੀਸ਼ਤ ਹੇਠਲੀ ਕਿਸਾਨੀ ਤੇ ਬ੍ਰਾਹਮਣੀ ਘਰਾਂ ਵਿਚੋਂ। ਉਪਰੋਂ ਭਾਵੇਂ ਇਨ੍ਹਾਂ ਗੀਤਾਂ ਵਿਚ ਬਹੁਤਾ ਅੰਤਰ ਵਿਖਾਈ ਨਹੀਂ ਦਿੰਦਾ ਕਿਉਂਕਿ ਇਹ ਮਾਨਵੀ ਭਾਵਨਾਵਾਂ ਨਾਲ ਜੁੜੇ ਹੋਏ ਹਨ। ਪ੍ਰੰਤੂ ਬਹੁਤ ਬਾਕੀਕੀ ਨਾਲ ਵੇਖਿਆਂ ਜਾਤੀ /ਜਮਾਤੀ ਵਿਰੋਧੀਤਾਈਆਂ ਦਿਖਾਈ ਦੇਣ ਲੱਗ ਜਾਂਦੀਆਂ ਹਨ। ਜੋ ਸਮਾਜ ਇਨ੍ਹਾਂ ਵਿਰੋਧਤਾਈਆਂ ਵਿਚ ਜੀ ਰਿਹਾ ਹੋਵੇ, ਉਸ ਦੇ ਸਾਹਿਤ ਵਿਚ ਹਰ ਪੱਧਰ 'ਤੇ ਇਨ੍ਹਾਂ ਦਾ ਪਰਤੌ ਦੇਖਣ ਨੂੰ ਮਿਲੇਗਾ; ਬੌਧਿਕ ਪੱਧਰ 'ਤੇ ਵੀ ਤੇ ਭਾਵੁਕ ਪੱਧਰ 'ਤੇ ਵੀ। ਇਥੋਂ ਹੀ ਮੇਰੇ ਵਿਚਾਰ ਲੋਕ ਗੀਤਾਂ ਵਲ ਰੁਮਾਂਟਿਕ ਦ੍ਰਿਸ਼ਟੀ ਰੱਖਣ ਵਾਲਿਆਂ ਤੋਂ ਵੱਖ ਹੋ ਜਾਂਦੇ ਹਨ, ਜਿਨ੍ਹਾਂ ਲਈ ਲੋਕ ਗੀਤਾਂ ਦੇ ਬਰਾਬਰ ਦੀ ਦੁਨੀਆ ਵਿਚ ਹੋਰ ਕੋਈ ਕਵਿਤਾ ਨਹੀਂ। ਅਸਲ ਵਿਚ ਪ੍ਰਗਤੀਵਾਦੀਆਂ ਨੇ ਵੀ ਅੱਜ ਤਕ ਲੋਕ ਗੀਤਾਂ ਨੂੰ ਵਰਤਿਆ ਹੈ। ਲੋਕ ਗੀਤਾਂ ਨੂੰ ਸਮਝਣਾ ਸ਼ਾਇਦ ਅਸੀਂ ਸਿਖਿਆ ਹੀ ਨਹੀਂ। ਲੋਕ ਗੀਤਾਂ ਦੀਆਂ ਧੁੰਨਾਂ, ਬਿੰਬ, ਕਾਵਿਕ ਰੂਪ ਅਸੀਂ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਵਰਤੇ ਹਨ, ਲੋਕਾਂ ਤਕ ਪਹੁੰਚ ਬਣਾਉਣ ਲਈ। ਲੋਕ ਸਾਹਿਤ ਨੂੰ ਸਮਝਣ ਲਈ ਵਖਰੀ ਦ੍ਰਿਸ਼ਟੀ ਦੀ ਲੋੜ ਹੈ। ਇਸ ਦ੍ਰਿਸ਼ਟੀ ਨੂੰ ਸਾਹਮਣੇ ਰੱਖ ਕੇ ਕਿਸੇ ਵਿਦਵਾਨ ਨੂੰ ਲੋਕ ਗੀਤਾਂ ਵਿਚ ਵਿਰੋਧਤਾਈਆਂ ਵੀ ਨਜ਼ਰ ਆਉਣਗੀਆਂ ਤੇ ਇਕ ਪੱਧਰ 'ਤੇ ਸਾਂਝ ਦਾ ਅਹਿਸਾਸ ਵੀ ਹੋਵੇਗਾ। ਲੋਕ ਗੀਤਾਂ ਨੂੰ ਇਕੱਠਾ ਕਰਦਿਆਂ ਮੈਂ ਕਦੇ ਵੀ ਜਾਤੀ ਜਮਾਤੀ ਦ੍ਰਿਸ਼ਟੀ ਤਿਆਗ ਕੇ ਨਹੀਂ ਤੁਰਿਆ ਕਿਉਂਕਿ ਇਹ ਸਮਾਜ ਵਿਚ ਵਿਆਪਤ ਹੈ।

ਦਸੂਹੇ ਤੋਂ ਚੜ੍ਹਦੇ ਪਾਸੇ ਰਾਮਪੁਰ ਦੀ ਸੜਕ 'ਤੇ ਅੱਠ ਕਿਲੋਮੀਟਰ ਦੂਰ ਮੇਰਾ ਪਿੰਡ ਹੈ ਸੱਜਣਾ। ਇਸ ਦੇ ਨਾਲ ਹੀ ਜਕੜੇ ਹੋਏ ਹਨ ਮੰਡ, ਖੁਣ ਖੁਣ ਸ਼ਰਕੀ ਤੇ ਪੰਧੇਰ। ਕੰਢੀ ਖੇਤਰ ਦੇ ਛੋਟੇ ਛੋਟੇ ਪਿੰਡ। ਇਨ੍ਹਾਂ ਚੌਹਾਂ ਪਿੰਡਾਂ ਵਿਚ ਇਕ ਘਰ ਹੈ ਬ੍ਰਾਹਮਣਾਂ ਦਾ। ਅਗਾਂਹ ਭਰਾਵਾਂ ਦੀ ਵੰਡ ਕਾਰਨ, ਤਿੰਨ ਚਾਰ ਘਰ ਬਣ ਗਏ ਹਨ। ਇਸ ਘਰ ਦਾ 'ਸਿਆਣਪ' ਵਿਚ ਦਬਦਬਾ ਰਿਹਾ ਹੈ। ਪਰ ਪੜ੍ਹੇ ਲਿਖੇ ਹੋਣ ਕਾਰਨ ਨਵੀਂ ਪੀੜੀ ਪੁਰਾਣੇ ਕਈ ਖਿਆਲਾਂ ਤੋਂ ਉਪਰ ਵੀ ਉਠੀ ਹੈ। ਡਾ. ਅੰਗਦ ਕੁਮਾਰ ਤੇ ਮਾਸਟਰ ਬਜਰੰਗ ਕੁਮਾਰ ਨਾਲ ਮੇਰਾ ਛੋਟੇ ਹੁੰਦੇ ਤੋਂ ਹੀ ਮੇਲ ਜੋਲ ਰਿਹਾ ਹੈ। ਜਦੋਂ ਵੀ ਮੈਂ ਪਿੰਡ ਗੇੜਾ ਮਾਰਦਾ ਹਾਂ ਤਾਂ ਚੋਈ (ਛੋਟੀ ਬਰਸਾਤੀ ਨਦੀ) ਲੰਘ ਕੇ ਇਨ੍ਹਾਂ ਦੋਨਾਂ ਦਾ ਹਾਲ ਚਾਲ ਪੁੱਛਣ ਜ਼ਰੂਰ ਜਾਂਦਾ ਹਾਂ। ਜਦੋਂ ਮੈਂ ਇਨ੍ਹਾਂ ਰਾਹੀਂ ਇਨ੍ਹਾਂ ਦੇ ਘਰੋਂ ਲੋਕ ਗੀਤ ਇਕੱਠੇ ਕਰਨ ਦੀ ਸੋਚੀ ਤਾਂ ਮੈਨੂੰ ਬਹੁਤੀ ਪ੍ਰੇਸ਼ਾਨੀ ਨਹੀਂ ਹੋਈ, ਕੁੱਝ ਗੇੜੇ ਜ਼ਰੂਰ ਮਾਰਨੇ ਪਏ।

ਪਹਿਲਾਂ ਮੈਂ ਅੰਗਦ ਕੁਮਾਰ ਦੀ ਘਰਵਾਲੀ ਰਾਧਾ ਰਾਣੀ ਤੋਂ ਗੀਤ ਸੁਣੇ। ਇਕੱਲੀ ਹੋਣ ਕਾਰਨ, ਉਹ ਗੀਤਾਂ ਦੀ ਲੈਅ ਨੂੰ ਪੂਰੀ ਤਰ੍ਹਾਂ ਨਹੀਂ ਉਠਾ ਸਕੀ ਪ੍ਰੰਤੂ ਉਸ ਨੇ ਜੋ ਗੀਤ ਗਾਏ, ਉਨ੍ਹਾਂ ਵਿਚੋਂ ਮੈਨੂੰ ਬਹੁਤ ਕੁੱਝ ਅਜਿਹਾ ਮਿਲਿਆ ਜਿਸ ਨੇ ਮੇਰੀ ਸਮਝ ਨੂੰ ਵਿਕਸਤ ਕੀਤਾ। ਵਿਸ਼ੇਸ਼ ਤੌਰ 'ਤੇ ਵਿਆਹ ਦੇ ਗੀਤਾਂ ਨੇ ਤਾਂ ਬਹੁਤ ਕੁੱਝ ਸਾਹਮਣੇ ਲਿਆਂਦਾ। ਲੜਕੀ ਪ੍ਰਤੀ ਸਮਾਜ ਦਾ ਰਵੱਈਆ ਬੜੇ ਤਿੱਖੇ ਰੂਪ ਵਿਚ ਇਥੋਂ ਮਿਲੇ ਗੀਤਾਂ ਵਿਚ ਸਾਹਮਣੇ ਆਇਆ। ਰਾਧਾ ਰਾਣੀ ਬਿਨਾਂ ਕਿਸੇ ਸੰਕੋਚ ਤੋਂ ਸੱਭ ਕੁੱਝ ਗਾਈ ਜਾ ਰਹੀ ਸੀ–

ਜਿਸ ਦਿਨ ਬਾਲੀ ਬੇਟੀ ਨੇ ਜਰਮ ਲਿਆ ਸੀ,
ਲੱਜ ਪਈ ਪਰਿਵਾਰ ਵੇ....।
ਤਾਏ ਵੀ ਨੀਮੇ ਬੇਟੀ ਦੇ ਚਾਚੇ ਵੀ ਨੀਮੇ,
ਨਿਮਿਆ ਸਾਰਾ ਪਰਿਵਾਰ ਵੇ।

ਜਦੋਂ ਵੀ ਮੈਂ ਅਜਿਹੀਆਂ ਲਾਈਨਾਂ ਸੁਣਦਾ ਹਾਂ ਤਾਂ ਮੈਨੂੰ ਹਰਿਆਣਵੀ ਗੀਤ ਦੀਆਂ ਹੋਰ ਵੀ ਤਿੱਖੀਆਂ ਪੰਗਤੀਆਂ ਯਾਦ ਆ ਜਾਂਦੀਆਂ ਹਨ।

ਜਿਸ ਦਿਨ ਲਾਡੋ ਤੇਰਾ ਜਨਮ ਹੂਆ ਰੇ,
ਹੂਈ ਰੇ ਬੱਜਰ ਕੇ ਰਾਤ।
ਸੌ ਅੱਠ ਦੀਵੇ ਬਾਲ ਧਰੇ, ਤਊ ਭੀ ਘੋਰ ਅੰਧੇਰ।

ਪਰ ਜਦੋਂ ਲੜਕਾ ਪੈਦਾ ਹੁੰਦਾ ਹੈ ਤਾਂ ਇਕ ਦੀਵੇ ਨਾਲ ਘਰ ਰੁਸ਼ਨਾ ਜਾਂਦਾ ਹੈ। ਲੜਕੀ ਪ੍ਰਤੀ ਅਜਿਹੇ ਵਤੀਰੇ ਨੂੰ ਅਸੀਂ ਕਦੇ ਵੀ ਆਦਰਸ਼ਿਆ ਨਹੀਂ ਸਕਦੇ। ਰਾਧਾ ਅਰਾਮ ਨਾਲ ਇਹ ਪੰਗਤੀਆਂ ਗਾ ਗਈ, ਜਿਵੇਂ ਸਦੀਆਂ ਤੋਂ 'ਕੰਡੀਸ਼ੰਡ' ਹੋਰ ਔਰਤਾਂ ਕਰਦੀਆਂ ਆ ਰਹੀਆਂ ਹਨ। ਵੇਦਾਂ ਤੇ ਲਾਵਾਂ ਵੇਲੇ ਬ੍ਰਾਹਮਣੀ ਘਰਾਂ ਵਿਚ ਅਜਿਹੇ ਗੀਤਾਂ ਦਾ ਪ੍ਰਚਲਨ ਰਿਹਾ ਹੈ। ਦੂਰਾਡੇ ਪਿੰਡਾਂ ਵਿਚ ਅਜੇ ਵੀ ਹੈ। ਗੀਤ ਅਗਾਂਹ ਤੁਰਦਾ ਹੈ।

ਪਾਲੀ ਪਲੋਸੀ ਬੇਟੀ ਵੱਡੜੀ ਕੀਤੀ ਵਡੇਰੜੀ ਕੀਤੀ,
ਮਾਈ ਤੇ ਬਾਬਲ ਜੀ ਦੇ ਕੋਲ ਵੇ।
ਬਾਬਲ ਵਰੀ ਅਣਸੀਤੀ ਆਂਦੀ, ਗੈਣੇ ਅਣਘੜਤ ਆਂਦੇ,
ਜੀ ਬਾਬਲ ਇਸਮੇਂ ਇਤਨੇ ਕੁ ਦੋਸ਼।
ਹਰਾਮਜਾਦਾ ਬੰਨ ਛੱਡੋ ਰੇ।

ਗੀਤ ਅਛੋਪਲੇ ਹੀ ਸਿੱਠਣੀ ਦਾ ਰੂਪ ਧਾਰਣ ਕਰ ਗਿਆ, ਜਿਸ 'ਤੇ ਹੁਣ ਰਾਧਾ ਮੁਸਕਰਾ ਰਹੀ ਸੀ, ਕਿਉਂਕਿ ਉਸ ਦੇ ਮੂੰਹੋਂ ਕਦੇ ਕਿਸੇ ਨੇ ਗਾਲ ਨਹੀਂ ਸੀ ਸੁਣੀ ਪਰ, ਸਿੱਠਣੀ/ਸੀਟਣੇ (ਹਰਿਆਣਵੀ) ਨੂੰ ਕਈ ਥਾਈਂ 'ਗਾਲੀ' ਵੀ ਕਿਹਾ ਜਾਂਦਾ ਹੈ। ਅਸਲ ਵਿਚ ਹਰ ਸਮਾਜ ਵਿਚ ਕੁੱਝ ਮੌਕੇ ਅਜਿਹੇ ਜ਼ਰੂਰ ਹੁੰਦੇ ਹਨ, ਜਿਨ੍ਹਾਂ 'ਤੇ ਹੱਸਣ ਖੇਡਣ ਦੀਆਂ, ਗਾਲਾਂ ਕੱਢਣ ਦੀਆਂ ਖੁਲ੍ਹਾਂ ਲੈ ਲਈਆਂ ਜਾਂਦੀਆਂ ਹਨ, ਮਨ ਦੀ ਭੜਾਸ ਕੱਢਣ ਲਈ। ਅਜਿਹੇ ਮੌਕਿਆਂ 'ਤੇ ਹੀ ਜਿਨਸੀ ਭਾਵਨਾਵਾਂ ਦਾ ਖੁਲ੍ਹਾ ਪ੍ਰਗਟਾ ਵੀ ਕੀਤਾ ਜਾਂਦਾ ਹੈ, ਜਿਸ ਨੂੰ ਅਸ਼ਲੀਲਤਾ ਕਿਹਾ ਜਾਂਦਾ ਹੈ। ਪਰ ਸ਼ਾਇਦ ਇਸ ਸਭ ਕੁੱਝ ਨੂੰ ਸੁਹਿਰਦਤਾ ਨਾਲ ਸਮਝਣ ਦੀ ਲੋੜ ਹੈ। ਇਨ੍ਹਾਂ ਭਾਵਨਾਵਾਂ ਤੇ ਗਾਲ੍ਹਾਂ ਨੂੰ ਕਿਸੇ ਇਕ ਜਾਂ ਦੂਸਰੀ ਧਿਰ ਯਾਨੀ ਔਰਤ ਜਾਂ ਮਰਦ ਦੇ ਸਿਰ ਮੜ੍ਹਨ ਦੀ ਲੋੜ ਨਹੀਂ ਹੈ। ਰਾਧਾ ਦੇ ਗੀਤ ਵਿਚ ਅਜੇ ਤਾਂ ਸ਼ੁਰੂਆਤ ਸੀ।

ਬਾਬਲ ਦਮੜੇ ਦੇ ਛੋਲੇ ਮੰਗਾਇਉ,
ਹਰਾਮਜ਼ਾਦਾ ਚੱਬ ਛੋਡੋ ਰੇ।
ਨੱਚ ਬਹਿੰਦਾ, ਲੁਕ ਲੁਕ ਬਹਿੰਦਾ,
ਬਾਬਲ ਦਮੜੀ ਦੀ ਮੁੰਜ ਮੰਗਾਇਉ।
ਹਰਾਮਜ਼ਾਦਾ ਬਾਣ ਵੱਟੇ ਰੇ,
ਬਾਬਲ ਦਮੜੀ ਦਾ ਲੂਣ ਮੰਗਾਇਉ।
ਹਰਾਮਜ਼ਾਦਾ ਚਾਟ ਚੱਟੇ ਰੇ,
ਬਾਬਲ ਦਮੜੀ ਦੀ ਪਿੱਛ ਮੰਗਾਇਉ,
ਹਰਾਮਜ਼ਾਦਾ ਪਿੱਛ ਪੀਉ ਰੇ।

ਗਾਲ੍ਹਾਂ ਰਾਧਾ ਰਾਣੀ ਦੇ ਮੂੰਹੋਂ ਭਾਵੇਂ ਅਜੀਬ ਲੱਗ ਰਹੀਆਂ ਸਨ, ਪਰ ਹੁਣ ਤਕ ਮੇਰੇ ਨਾਲ ਜਾਣ ਪਹਿਚਾਣ ਹੋਣ ਕਾਰਨ ਇਨ੍ਹਾਂ ਨੂੰ ਗਾਉਣ ਵਿਚ ਮੁਸਕਰਾਹਟ ਤਾਂ ਸੀ ਸੰਗ ਨਹੀਂ। ਗੀਤ ਆਖਰੀ ਪੜਾਅ ਵੱਲ ਵਧਿਆ।

ਬਾਬਲ ਵਰੀ ਅਸੀਂ ਆਂਦੀ,
ਗਹਿਣੇ ਘੜ ਆਂਦੇ।
ਬਾਬਲ ਇਸਮੇ ਇਤਕੇ ਕੁ ਗੁਣ,
ਇਸੇ ਛੋਡ ਦਿਉ ਰੇ।

ਗੀਤ ਖਤਮ ਹੋ ਗਿਆ, ਪਰ ਆਖਰੀ ਗੱਲ ਦਾ ਵਿਸਥਾਰ ਕਰਦਿਆਂ ਜਦੋਂ ਮੈਂ ਸਵਾਲ ਪੁਛਿਆ ਤਾਂ ਜਵਾਬ ਮਿਲਿਆ ਕਿ ਸਾਡੇ ਘਰੀਂ ਕਪੜੇ ਲਾੜਾ ਕੁੜੀ ਵਾਲਿਆਂ ਦੇ ਹੀ ਪਹਿਨ ਕੇ ਲਾਵਾਂ ਉਪਰ ਬੈਠਦਾ ਹੈ। ਇਥੋਂ ਭਾਰਤੀ ਸੱਭਿਆਚਾਰ ਵਿਚ ਕੁੜੀ ਵਾਲਿਆਂ ਦੀ ਸਥਿਤੀ ਵੀ ਸਪਸ਼ੱਟ ਹੋ ਰਹੀ ਸੀ। ਇਕ ਹੋਰ ਗੱਲ ਕਿ ਇਨ੍ਹਾਂ ਗੀਤਾਂ ਵਿਚ ਹਿੰਦਵੀ ਪ੍ਰਭਾਵ ਜ਼ਿਆਦਾ ਹੈ। ਅਜਿਹੇ ਗੀਤ ਪੜ੍ਹ ਕੇ ਮੇਰੀ ਇਕ ਪੁਸਤਕ ਦੇ ਆਲੋਚਕ ਨੇ ਮੇਰੀ ਸਮਝ ਉਪਰ ਹੀ ਪ੍ਰਸ਼ਨ ਚਿੰਨ੍ਹ ਲਾ ਦਿਤਾ ਕਿ ਕੀ ਇਹ ਪੰਜਾਬੀ/ ਦੁਆਬੀ ਗੀਤ ਹਨ? ਮੈਨੂੰ ਉਸ ਆਲੋਚਕ ਦੀ ਸਮਝ ਦਾ ਦੀਵਾਲਾ ਨਿਕਲਿਆ ਲੱਗਿਆ ਜੋ ਡੂੰਘਾਈ ਤਕ ਜਾਣ ਲਈ ਤਿਆਰ ਨਹੀਂ। ਸਮਝਣ ਦੀ ਲੋੜ ਹੈ ਕਿ ਅਜਿਹਾ ਕਿਉਂ ਹੈ? ਬ੍ਰਾਹਮਣੀ ਘਰਾਂ ਵਿਚ ਪੌਰਾਣਿਕ ਕਥਾਵਾਂ ਸੰਸਕ੍ਰਿਤ ਗ੍ਰੰਥਾਂ ਦੇ ਪਾਠ ਆਮ ਹਨ, ਇਸ ਮਾਹੌਲ ਵਿਚ ਅਜਿਹਾ ਆ ਜਾਣਾ ਸੁਭਾਵਕ ਹੈ। ਰਾਧਾ ਨੇ ਇਕ ਹੋਰ ਸਿੱਠਣੀ ਸੁਣਾਈ, ਜਿਸ ਵਿਚ ਸਾਲੇ ਕਪੜਿਆਂ ਲਈ ਦੌੜ ਭੱਜ ਕਰਦੇ ਹਨ, ਜਿਸ ਤੋਂ ਉਪਰਲੇ ਵਿਚਾਰਾਂ ਦੀ ਪ੍ਰੌੜਤਾ ਹੀ ਹੁੰਦੀ ਸੀ।

ਸ੍ਰੀ ਰਾਮ ਕਪੜਿਆ ਦਾ ਚਾਅ,
ਸਾਲਿਆ ਕਪੜਿਆ ਲਈ ਦੌੜ।
ਸ੍ਰੀ ਰਾਮ ਧੋਤੀਏ ਦਾ ਚਾਅ,
ਸਾਲਿਆਂ ਧੋਤੀਏ ਲਈ ਦੌੜ।

ਇਥੇ ਪਹਾੜੀ ਰੰਗ ਵੀ ਸਾਫ਼ ਸੀ। ਰਾਧਾ ਤੋਂ ਗੀਤ ਸੁਣਦਿਆਂ ਸੁਣਦਿਆਂ ਇਹ ਤੱਥ ਵੀ ਸਾਹਮਣੇ ਆਇਆ ਕਿ ਬ੍ਰਾਹਮਣੀ ਘਰਾਂ ਵਿਚ ਗਾਏ ਜਾਂਦੇ ਗੀਤਾਂ ਵਿਚ ਮਿਥਿਹਾਸਕ ਪਾਤਰਾਂ ਦੀ ਭਰਮਾਰ ਹੈ। ਇਥੇ ਕ੍ਰਿਸ਼ਨ, ਰੁਕਮਣੀ, ਸ਼ਿਵ ਜੀ, ਪਾਰਬਤੀ, ਰਾਮ, ਸੀਤਾ, ਦਸ਼ਰਥ ਸਾਰੇ ਮਿਥਿਹਾਸਕ ਪਾਤਰ ਹਾਜ਼ਰ ਹਨ। ਰਾਧਾ ਤੋਂ ਸੁਣੇ ਗੀਤਾਂ ਵਿਚ ਬੇਟੀ ਦੀ ਬੇਬਸੀ ਮੂੰਹ ਬੋਲਦੀ ਸੀ।



ਡਾ. ਕਰਮਜੀਤ ਸਿੰਘ
ਮੋਬਾ : 099927-32006

ਖਾਰੇ ਬਦਲ ਦਿਤੇ ਹੁਣ ਕੀ ਗੱਲ ਹੋਈ,
ਬਾਬਲ ਨੇ "ਮਾਣਸ ਦਿਤੀ'' ਵੱਸ ਚਲਦਾ ਨਾ ਕੋਈ।

ਕੁੜੀ ਨੂੰ ਮਣਸਣਾ, ਆਪਣਾ ਇਕ ਦੁਖਾਂਤ ਸਿਰਜ ਰਿਹਾ ਸੀ। ਅਣਜੋੜ ਵਰ ਉਸ ਦੁਖਾਂਤਾ ਨੂੰ ਹੋਰ ਡੂੰਘਾ ਕਰ ਰਿਹਾ ਸੀ। ਬੇਟੀ ਦੇ ਸਵਾਲਾਂ ਦੇ ਜਵਾਬਾਂ ਨੂੰ ਟਾਲਿਆ ਜਾ ਰਿਹਾ ਸੀ। ਰਾਧਾ ਭਾਵੇਂ ਲੈਅ ਤਾਂ ਨਹੀਂ ਸੀ ਫੜ ਸਕਦੀ ਪਰ ਉਸ ਦੀ ਯਾਦ ਸ਼ਕਤੀ ਉਪਰ ਸੱਚਮੁਚ ਹੀ ਰਸ਼ਕ ਕੀਤਾ ਜਾ ਸਕਦਾ ਸੀ। ਉਹ ਅਗਲੇ ਤੋਂ ਅਗਲਾ ਗੀਤ ਗਾਈ ਜਾ ਰਹੀ ਸੀ।

ਲੱਖਾਂ ਦਿਆ ਦਾਤਿਆ ਜੀ, ਕੀ ਵਰ ਦਿਤਾ ਸਾਨੂੰ ਟੋਲ।
ਹੇ ਮੇਰੀ ਬੇਟੀਏ ਨੀ ਪੜ੍ਹਿਆਂ ਪੰਡਤਾਂ ਨੂੰ ਪੁੱਛ।
ਹੇ ਪੜ੍ਹੋ ਪੰਡਤੋ ਜੀ, ਕੀ ਵਰ ਸਾਨੂੰ ਦਿਤਾ ਟੋਲ।
ਹੇ ਬ੍ਰਹਮ ਗਿਆਨੀਉ ਜੀ, ਕੀ ਹੈ ਜੋੜ ਦਿਤੇ ਜੋੜ।
ਰਾਜੇ ਦੀਏ ਬੇਟੀਏ ਨੀ, ਐਡੇ ਬੋਲ ਨਾ ਤੂੰ ਬੋਲ।

ਪੰਡਤ ਕਿਸੇ ਵੀ ਤਰ੍ਹਾਂ ਦੀ ਨੁਕਤਾਚੀਨੀ ਤੋਂ ਕੁੜੀ ਨੂੰ ਹਟਕ ਦਿੰਦੇ ਹਨ। ਕਿਸੇ ਤਰਕ ਨਾਲ ਨਹੀਂ, ਦਬਕੇ ਦੇ ਜ਼ੋਰ। ਕੁੜੀ ਬਾਰ ਬਾਰ ਦੁਹਰਾ ਰਹੀ ਹੈ ਪਰ ਜਵਾਬ ਗੋਲ ਮੋਲ ਆ ਰਿਹਾ ਹੈ।

ਅਸੀਂ ਚੰਬੇ ਡਾਲੀਆਂ ਜੀ, ਕਾਗ ਬਹਾਲਿਆ ਸਾਡੇ ਕੋਲ।
ਰਾਜੇ ਬੇਟੀਏ ਨੀ ਕਾਗ ਨਾਲ ਹੈ ਬਿਹਾਰ,
ਘੁੰਡ ਕੱਢਿਆ ਚੰਦ ਛਿਪਿਆ, ਤਾਰਿਆਂ ਵੱਲ ਗਿਣ ਰਹੀ।
ਮੂਰਖ ਮਾਹਣੂ ਲੜ ਲਾਇਆ, ਮੈਂ ਲੂਣ ਮਾਗੂੰ ਗਲ ਰਹੀ,
ਜਸਰਥ ਬੇਟੀਏ ਨੇ ਮੂਰਖ ਨਾਲ ਹੈ ਬਿਹਾਰ।
ਸਾਹਿਬਜ਼ਾਦੀਏ ਨੇ ਮੂਰਖ ਨਾਲ ਹੈ ਬਿਹਾਰ।

ਇਸੇ ਵਿਹਾਰੀ ਬਿਰਤੀ ਨੇ ਸੈਂਕੜੇ ਸਾਲਾਂ ਤੋਂ ਲੜਕੀ ਨੂੰ ਅਣਜੋੜ ਦੇ ਗਲ ਮੜ੍ਹੀ ਰੱਖਿਆ ਹੈ ਤੇ ਉਸ ਦੀਆਂ ਸਾਰੀਆਂ ਇਛਾਵਾਂ ਦਾ ਗਲਾ ਘੁੱਟਿਆ ਹੈ। ਰਾਧਾ ਜੋ ਕੁੱਝ ਗਾ ਰਹੀ ਸੀ ਬਹੁਤ ਹੀ ਸੁਭਾਵਕ ਸੀ। ਉਸ ਸੁਭਾਵਿਕਤਾ ਵਿਚੋਂ ਮੈਂ ਆਪਣੀ ਦ੍ਰਿਸ਼ਟੀ ਨਾਲ ਪੁਣ ਛਾਣ ਕਰੀ ਜਾ ਰਿਹਾ ਸਾਂ। ਹੁਣ ਸੀ ਵਾਰੀ ਲਾਵਾਂ ਦੀ। ਵਿਆਹ ਵਿਚ ਵੇਦਾਂ 'ਤੇ ਸੱਤ ਲਾਵਾਂ ਲਈ ਜਾਂਦੀਆਂ ਹਨ। ਚਾਰ ਵਿਚ ਲੜਕਾ ਅੱਗੇ ਹੁੰਦਾ ਹੈ, ਤੇ ਤਿੰਨ ਵਿਚ ਲੜਕੀ ਅੱਗੇ। ਪਰ ਹੈਰਾਨੀ ਦੀ ਗੱਲ ਹੈ ਕਿ ਔਰਤਾਂ ਵਲੋਂ ਸਿਰਜਿਤ ਲਾਵਾਂ ਚਾਰ ਹੀ ਹਨ। ਇਹ ਅਜੋੜਤਾ ਕਿਵੇਂ ਤੇ ਕਦੋਂ ਆਈ, ਇਹ ਪ੍ਰਸ਼ਨ ਲੰਮੀ ਖੋਜ ਦੀ ਮੰਗ ਕਰਦਾ ਹੈ, ਪਰ ਇਹ ਤੱਥ ਮਨੋਰੰਜਕ ਹੈ ਕਿ ਸਿੱਖ ਗੁਰੂਆਂ ਨੇ ਚਾਰ ਲਾਵਾਂ ਹੀ ਸਿਰਜੀਆਂ ਹਨ ਤੇ ਵਿਹਾਰਕ ਤੌਰ 'ਤੇ ਚਾਰ ਲਾਵਾਂ ਹੀ ਲਈਆਂ ਵੀ ਜਾਂਦੀਆਂ ਹਨ, ਜਿਸ ਵਿਚ ਮਰਦ ਹੀ ਤਲਵਾਰ ਲੈ ਕੇ ਅਗਾਂਹ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਨੇ ਪ੍ਰਤੀਕ ਰੂਪ ਵਿਚ ਇਸਤਰੀ ਦੀ ਬਰਾਬਰੀ ਨੂੰ ਵੀ ਸਮਾਪਤ ਕਰ ਦਿਤਾ। ਰਾਧਾ ਵਲੋਂ ਗਾਈਆਂ ਲਾਵਾਂ ਵਿਚ ਸ਼ਿਵ ਪਾਰਬਤੀ ਦੇ ਵਿਆਹ ਦਾ ਵੇਰਵਾ ਹੈ। ਪੰਡਿਤ ਆਪਣੇ ਮੰਤਰ ਉਚਾਰਦਾ ਰਹਿੰਦਾ ਹੈ। ਪਰ ਔਰਤਾਂ ਆਪਣੀਆਂ ਭਾਵਨਾਵਾਂ ਆਪਣੀ ਭਾਸ਼ਾ ਵਿਚ ਪੇਸ ਕਰ ਰਹੀਆਂ ਹਨ। ਕਲਾਸਕੀ ਤੇ ਲੋਕ ਪਰੰਪਰਾ ਦੇ ਨਾਲੋਂ ਨਾਲ ਚੱਲਣ ਦਾ ਵਧੀਆ ਉਦਾਹਰਣ। ਪਹਿਲੇ ਹਿੱਸੇ ਵਿਚ ਪੁਰੋਹਿਤ ਵਲੋਂ ਸ਼ਿਵਜੀ ਵਰ ਲੱਭਿਆ ਜਾਂਦਾ ਹੈ ਤੇ ਫਿਰ

ਅਜੀ ਪਹਿਲੀ ਲਾਮਾਂ ਸ਼ਿਵਜੀ ਆਏ,
ਚੰਦ ਤੇ ਸੂਰਜ ਨਾਲ ਲਿਆਏ...।
ਅਜੀ ਦੂਜੀਆਂ ਲਾਮਾਂ ਸ਼ਿਵਜੀ ਆਏ,
ਸ਼ੁੱਕਰ ਸ਼ਨੀਚਰ ਨਾਲ ਲਿਆਏ...।
ਅਜੀ ਤੀਜੀ ਲਾਮਾਂ ਸ਼ਿਵਜੀ ਆਏ,
ਡੰਡਾ ਤੇ ਕੂੰਡਾ ਨਾਲ ਲਿਆਏ....।
ਅਜੀ ਚੌਥੀਆਂ ਲਾਮਾਂ ਸ਼ਿਵਜੀ ਆਏ,
ਸੇਸ ਨਾਗ ਗਲੇ 'ਚ ਪਾਏ।
ਜਟਾਂ ਵਿਚ ਗੰਗਾ ਵਗਾਏ,
ਸ਼ਿਵ ਜੀ ਲਾਮਾਂ ਨੂੰ ਆਇਉ ਰਾਮਾ।

ਰਾਧਾ ਤੋਂ ਲਾਵਾਂ ਦਾ ਜੋ ਪਾਠ ਸੁਣਿਆ ਉਹ ਇਉਂ ਲੱਗਦਾ ਹੈ ਕਿ ਗੁਰੂ ਰਾਮਦਾਸ ਰਚਿਤ ਲਾਮਾਂ ਦਾ ਆਧਾਰ ਹੈ। ਉਹੋ ਲੈਅ ਉਹੋ ਰੂਪ

ਹਰਿ ਜੀ ਪਹਿਲੜੀ ਲਮਾ ਮੇਘ ਬਰਸਾਇਆ
ਬਲਵੰਤ ਜੀ ਨੇ ਹਰੇ ਹਰੇ ਰਾਮ...

ਰਾਧਾ ਤੋਂ ਮੈਂ ਹੋਰ ਬਹੁਤ ਸਾਰੇ ਗੀਤ ਸੁਣੇ ਪਰ ਮੈਂ ਇਥੇ ਇਕ ਹੋਰ ਗੀਤ ਦੇਣ ਦਾ ਮੋਹ ਨਹੀਂ ਤਿਆਗ ਸਕਦਾ ਕਿਉਂਕਿ ਉਸ ਵਿਚ ਹੱਥੀਂ ਕੰਮ ਕਰਨ ਦਾ ਇਕ ਤਰ੍ਹਾਂ ਤ੍ਰਿਸਕਾਰ ਹੈ, ਜੋ ਹੇਠਲੇ ਵਰਗਾਂ/ਵਰਣਾਂ ਵਿਚ ਨਹੀਂ ਹੋ ਸਕਦਾ। ਇਸ ਗੀਤ ਵਿਚ ਸੀ ਰਾਧਾ ਕ੍ਰਿਸ਼ਨ ਦਾ ਮਿਹਣਿਆਂ ਭਰਿਆ ਸੰਵਾਦ। ਗੀਤ ਲੰਮਾ ਸੀ ਪਰ ਕ੍ਰਿਸ਼ਨ ਰਾਧਾ ਦੇ ਮਿਹਣੇ ਮੈਨੂੰ ਕਦੇ ਨਹੀਂ ਭੁੱਲੇ,

ਉਹ ਦਿਨ ਯਾਦ ਕਰ ਨੀ, ਉਹ ਦਿਨ ਯਾਦ ਕਰ ਰਾਧੇ,
ਜਦੋਂ ਗੋਹਾ ਪੱਥਦੀ ਸੀ, ਕਰਦੀ ਜੱਟੀਆਂ ਦੇ ਕੰਮ,
ਉਹ ਦਿਨ ਯਾਦ ਕਰ ਨੀ।
ਵਛੜੇ ਚਾਰਦਾ ਵੇ, ਵਛੜੇ ਚਾਰਦਾ ਕਾਹਨਾ।
ਕਰਦਾ ਬਲੇਦੀਆਂ ਦੇ ਕੰਮ, ਕਰਦਾ ਹਾਲੀਆਂ ਦੇ ਕੰਮ।
ਵੱਛੜੇ ਚਾਰਦਾ ਵੇ।

ਇਨ੍ਹਾਂ ਮਿਹਣਿਆਂ ਨੂੰ ਗਾਉਂਦੀ ਰਾਧਾ ਰਾਣੀ ਮੁਸਕਰਾ ਰਹੀ ਸੀ ਪਰ ਮੈਂ ਤਾਂ ਗਹਿਰ ਗੰਭੀਰ ਹੋ ਗਿਆ ਸੀ, ਕਿਰਤ ਦਾ ਤ੍ਰਿਸਕਾਰ ਸੁਣ ਕੇ। ਰਾਧਾ ਰਾਣੀ ਦੇ ਸਾਰੇ ਗੀਤ ਮੇਰੇ ਕੋਲ ਜਮ੍ਹਾਂ ਪੂੰਜੀ ਹਨ ਜਿਸ ਨੂੰ ਮੈਂ ਅੱਜ ਵੀ ਉਲਟਾ ਪੁਲਟਾ ਕੇ ਦੇਖਣ ਦਾ ਯਤਨ ਕਰਦਾ ਰਹਿੰਦਾ ਹਾਂ। ਗਾਉਣ ਦੇ ਪੱਖੋਂ ਇਨ੍ਹਾਂ ਦੀ ਭਾਵੇਂ ਕੋਈ ਖਾਸ ਵਿਸ਼ੇਸ਼ਤਾ ਨਹੀਂ ਸੀ ਪਰ ਕੱਥ ਦੇ ਪੱਖੋਂ ਇਹ ਗੀਤ ਮੇਰੇ ਲਈ ਬੜੇ ਉਤੇਜਿਕ ਸਿਧ ਹੋਏ ਹਨ, ਜਿਨ੍ਹਾਂ ਦਾ ਅਜੇ ਤਕ ਹੋਰ ਅਧਿਐਨ ਕਰਨ ਦੀ ਲੋੜ ਹਮੇਸ਼ਾ ਮਹਿਸੂਸ ਹੁੰਦੀ ਰਹੀ ਹੈ।

## ਸੁਖ਼ਨ-ਸਾਜ਼

ਸੁਲੱਖਣ ਸਰਹੱਦੀ
94174-84337





ਸੁਖਵਿੰਦਰ ਅੰਮ੍ਰਿਤ

ਪੰਜਾਬੀ ਗ਼ਜ਼ਲ ਨੇ ਸੁਖਵਿੰਦਰ ਅੰਮ੍ਰਿਤ ਨੂੰ ਸੁਰਜੀਤ ਪਾਤਰ ਜਿੰਨੀ ਪ੍ਰਸਿੱਧੀ, ਮਾਨਤਾ ਅਤੇ ਸਨਮਾਨ ਬਖਸ਼ਿਆ ਹੈ। ਸ਼ਾਇਰੀ ਕਰ ਕੇ ਜਿੰਨਾ ਪਿਆਰ ਤੇ ਸਤਿਕਾਰ ਸੁਖਵਿੰਦਰ ਨੂੰ ਮਿਲਿਆ ਓਨਾ ਸ਼ਾਇਦ ਸ਼ਿਵ ਕੁਮਾਰ ਨੂੰ ਵੀ ਨਾ ਮਿਲਿਆ ਹੋਵੇ। ਸੁਖਵਿੰਦਰ ਬੇਬਾਕੀ ਨਾਲ ਮਰਦ ਨੂੰ ਸੰਬੋਧਨ ਹੁੰਦੀ ਹੈ ਅਤੇ ਔਰਤ ਨੂੰ ਪੰਜਾਬੀ ਗ਼ਜ਼ਲ ਵਿਚ ਇਕ ਬਣਦਾ ਸਥਾਨ ਦਿਵਾਉਂਦੀ ਹੈ। ਇਵੇਂ ਲਗਦਾ ਹੈ ਕਿ ਸੁਖਵਿੰਦਰ ਦੇ ਰੋਮ ਰੋਮ ਵਿਚ ਸ਼ਾਇਰੀ ਦੀ ਖੁਸ਼ਬੂ ਹੈ। ਉਹਦੀ ਸ਼ਿਅਰੀ ਸਿਰਜਣਾ ਨੇ ਪੰਜਾਬੀ ਗ਼ਜ਼ਲ ਨੂੰ ਘਰ ਘਰ ਦੀ ਬੇਟੀ ਬਣਾ ਦਿਤਾ ਹੈ। ਗ਼ਜ਼ਲ ਵਿਚ ਉਸ ਦੇ ਪ੍ਰਵੇਸ਼ ਨੇ ਸ਼ਾਇਰੀ ਦੇ ਹੁਸਨ, ਬਰੀਕੀ, ਨਫਾਸਤ ਤੇ ਕਲਾਤਮਿਕਤਾ ਨੂੰ ਸ਼ਿਦਤ ਭਰਪੂਰਤਾ ਬਖਸ਼ੀ। ਇੰਜ ਲਗਦਾ ਹੈ ਕਿ ਸੁਖਵਿੰਦਰ ਪੰਜਾਬੀ ਲੋਕਗੀਤਾਂ 'ਚੋਂ ਪੰਜਾਬੀ ਮੁਟਿਆਰ ਨੂੰ ਗ਼ਜ਼ਲਾਂ ਵਿਚ ਲੈ ਆਈ ਹੈ। ਉਸ ਦੀ ਸ਼ਾਇਰੀ ਨੂੰ ਸਦ ਸਲਾਮ ਹੈ।

ਆਖਰੀ ਪੱਤਾ ਜਦੋਂ ਤਕ ਡਾਲ ਤੋਂ ਟੁਟਿਆ ਨਾ ਸੀ।
ਪੌਣ ਸੰਗ ਲੜਦਾ ਰਿਹਾ ਪਰ ਬਿਰਖ ਉਹ ਰੋਇਆ ਨਾ ਸੀ।

ਖਬਰੇ ਕਿਹੜੀ ਅੱਗ ਉਸ ਦੇ ਨਾਲ ਖਹਿ ਕੇ ਲੰਘ ਗਈ,
ਪਹਿਲਾਂ ਤਾਂ ਉਹਦਾ ਕਲੇਜਾ ਇਸ ਤਰ੍ਹਾਂ ਧੁਖਦਾ ਨਾ ਸੀ।

ਵੇਖ ਲਈ ਮੈਂ ਅੱਜ ਉਸ ਦੀ ਆਖਰੀ ਤਹਿ ਫੋਲ ਕੇ,
ਅੱਜ ਉਸ ਦੀ ਰੂਹ ਦੇ ਉਤੇ ਜਿਸਮ ਦਾ ਪਰਦਾ ਨਾ ਸੀ।

ਚੰਨ, ਤਾਰੇ, ਕਹਿਕਸ਼ਾਂ ਕੀ ਕੀ ਸੀ ਉਸ ਦੇ ਧਿਆਨ ਵਿਚ,
ਮੰਜ਼ਿਲਾਂ ਤਾਂ ਬਹੁਤ ਸਨ ਪਰ ਜਾਣ ਦਾ ਰਸਤਾ ਨਾ ਸੀ।

ਬਿਰਖਾਂ ਨੂੰ ਤਾਂ ਕਰਦਾ ਸੀ ਅਕਸਰ ਸਲਾਮਾਂ ਦੋਸਤੋ,
ਕੁਰਸੀਆਂ ਦੇ ਸਾਹਮਣੇ ਪਰ ਸਖ਼ਸ਼ ਉਹ ਝੁਕਦਾ ਨਾ ਸੀ।

ਇਹ ਨਹੀਂ ਕਿ ਪਿਆਰ ਦਾ ਕੋਈ ਗਾਹਕ ਨਈਂ ਸੀ ਜੱਗ 'ਤੇ,
ਜੱਗ ਦੇ ਬਾਜ਼ਾਰ ਅੰਦਰ ਪਿਆਰ ਪਰ ਵਿਕਦਾ ਨਾ ਸੀ।

ਜਦ ਥਲਾਂ ਵਿਚ ਬਲ ਰਿਹਾ ਸੀ ਓਸ ਰੁੱਖੜੇ ਦਾ ਵਜੂਦ,
ਕੋਈ ਵੀ ਬੱਦਲੀ ਦਾ ਫੰਭਾ ਓਸ ਵਲ ਆਉਂਦਾ ਨਾ ਸੀ।

ਜਗਦਾ ਸੀ ਅਸਮਾਨ ਤੇ ਉਹ ਹਰ ਹਨ੍ਹੇਰੇ ਵਾਸਤੇ,
ਚੰਨ ਸੀ ਉਹ ਸ਼ਹਿਰ ਦਾ ਕਿ ਦਲਾਨ ਦਾ ਦੀਵਾ ਨਾ ਸੀ।

------

ਨਹੀਂ ਜੇ ਸ਼ੌਕ ਮੱਚਣ ਦਾ ਤਾਂ ਅੱਗ ਤੋਂ ਫਾਸਲਾ ਰੱਖੀਂ।
ਨਾ ਬਦਲੇ ਸੂਰਜਾਂ ਦੇ ਨਾਲ ਅਪਣਾ ਰਾਬਤਾ ਰੱਖੀਂ।

ਕਿਤੇ ਨਾ ਆਂਦਰਾਂ ਦੇ ਵਿਚ ਲਹੂ ਦੀ ਬਰਫ ਜੰਮ ਜਾਵੇ,
ਕੋਈ ਕੋਸਾ ਜਿਹਾ ਹਉਕਾ ਤੂੰ ਸੀਨੇ ਨਾਲ ਲਾ ਰੱਖੀਂ।

ਹਵਾ ਵਿਚ ਉਡ ਰਹੀ ਬੱਦਲੀ 'ਤੇ ਦੱਸ ਕਾਹਦਾ ਭਰੋਸਾ ਹੈ,
ਨਦੀ ਦੇ ਪਾਣੀਆਂ ਸੰਗ ਵੀ ਤੂੰ ਗੂੜ੍ਹੀ ਸਾਂਝ ਪਾ ਰੱਖੀਂ।

ਤੂੰ ਤੁਰਿਆ ਚੱਲ ਤੂੰ ਅਟਕੀਂ ਨਾ ਡਰੀਂ ਨਾ ਰਾਤ ਕਾਲੀ ਤੋਂ,
ਕਿ ਰੱਖੀਂ ਚੇਤਿਆਂ ਵਿਚ ਲੋਅ ਤੇ ਦਿਲ ਵਿਚ ਹੌਂਸਲਾ ਰੱਖੀਂ।

ਉਹ ਲਰਜ਼ੇਗੀ ਧੁਨੀ ਬਣ ਕੇ ਤੇਰੇ ਰੋਮਾਂ 'ਚ ਹਰ ਵੇਲੇ,
ਤੂੰ ਅਪਣੇ ਦਿਲ ਦੀਆਂ ਸਭ ਸੁੱਤੀਆਂ ਤਰਬਾਂ ਜਗਾ ਰੱਖੀਂ।

ਤੂੰ ਭਰ ਕੇ ਵਗ ਜਾਂ ਵਗ ਊਣਾ ਕਿ ਮੈਂ ਤਾਂ ਰੁੜ੍ਹ ਹੀ ਜਾਣਾ ਹੈ,
ਕਿਨਾਰੇ ਖੋਰੀਂ ਨਾ ਅਪਣੇ ਤੂੰ ਬਸ ਅਪਣਾ ਬਚਾ ਰੱਖੀਂ।

ਕਿਸੇ ਦੀ ਕੀ ਮਜ਼ਾਲ ਏ ਦੇ ਦਗ਼ਾ ਤੈਨੂੰ ਚਲਾ ਜਾਵੇ,
ਤੂੰ ਕਰ ਲਈਂ ਕੈਦ ਸੂਰਜ ਨੂੰ ਤੇ ਮੁੱਠੀ ਵਿਚ ਹਵਾ ਰੱਖੀਂ।

ਵੰਡ ਬਾਰੇ ਭਾਰਤੀ ਭਾਸ਼ਾਵਾਂ ਵਿਚੋਂ ਸਭ ਤੋਂ ਉਤਮ ਉਰਦੂ ਕਹਾਣੀ

# ਟੋਭਾ ਟੇਕ ਸਿੰਘ

## ਸਆਦਤ ਹਸਨ ਮੰਟੋ



ਸਿਆਸਤ ਨੇ ਮੁਲਕ ਇਕ ਨਹੀਂ ਰਹਿਣ ਦਿੱਤਾ। ਭਾਰਤ-ਪਾਕਿਸਤਾਨ ਦੀ ਵੰਡ ਕਰੋੜਾਂ ਸੁਪਨਿਆਂ ਦਾ ਕਤਲੇਆਮ ਹੈ। ਜ਼ਮੀਨ 'ਤੇ ਲੀਕਾਂ ਵਾਹ ਦਿੱਤੀਆਂ ਗਈਆਂ ਤੇ ਦਿਲਾਂ ਚ ਛੇਕ ਪਾ ਦਿੱਤੇ ਗਏ। ਇਨ੍ਹਾਂ ਛੇਕੇ ਹੋਏ ਦਿਲਾਂ ਦੀ ਪੀੜ ਹਾਲੇ ਵੀ ਬੋਲਦੀ ਹੈ ਤੇ ਸਦਾ ਬੋਲਦੀ ਰਹੇਗੀ ਕਿਉਂਕਿ ਭਾਰਤੀ ਸਾਹਿਤ ਨੇ ਇਸ ਪੀੜ ਨੂੰ ਸਦੀਵੀ ਜ਼ੁਬਾਨ ਦਿੱਤੀ ਹੈ। ਜੇ ਅੰਮ੍ਰਿਤਾ ਪ੍ਰੀਤਮ ਦੀ 'ਅੱਜ ਆਖਾਂ ਵਾਰਸ ਸ਼ਾਹ ਨੂੰ' ਇਸ ਪੀੜ ਦੀ ਮਹਾਨ ਕਾਵਿਕ ਤਰਜਮਾਨੀ ਹੈ ਤਾਂ ਸਆਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਇਸ ਪੀੜ ਦੀ ਸਰਵੋਤਮ ਗਲਪੀ ਤਰਜਮਾਨੀ ਹੈ। - ਸੰਪਾਦਕ

ਬਟਵਾਰੇ ਦੇ ਦੋ-ਤਿੰਨ ਵਰ੍ਹਿਆਂ ਪਿਛੋਂ ਪਾਕਿਸਤਾਨ ਅਤੇ ਹਿੰਦੁਸਤਾਨ ਦੀਆਂ ਹਕੂਮਤਾਂ ਨੂੰ ਖਿਆਲ ਆਇਆ ਕਿ ਇਖਲਾਕੀ ਕੈਦੀਆਂ ਦੀ ਤਰ੍ਹਾਂ ਪਾਗਲਾਂ ਦਾ ਵੀ ਤਬਾਦਲਾ ਹੋਣਾ ਚਾਹੀਦੈ, ਯਾਨੀ ਜੋ ਮੁਸਲਮਾਨ ਹਿੰਦੁਸਤਾਨ ਦੇ ਪਾਗਲਖਾਨਿਆਂ ਵਿਚ ਨੇ, ਉਨ੍ਹਾਂ ਨੂੰ ਪਾਕਿਸਤਾਨ ਭੇਜ ਦਿਤਾ ਜਾਵੇ ਤੇ ਜੋ ਹਿੰਦੂ ਅਤੇ ਸਿੱਖ ਪਾਕਿਸਤਾਨ ਦੇ ਪਾਗਲਖਾਨਿਆਂ ਵਿਚ ਨੇ, ਉਨ੍ਹਾਂ ਨੂੰ ਹਿੰਦੁਸਤਾਨ ਦੇ ਹਵਾਲੇ ਕਰ ਦਿਤਾ ਜਾਵੇ।

ਪਤਾ ਨਹੀਂ, ਇਹ ਗੱਲ ਵਾਜਬ ਸੀ ਜਾਂ ਗੈਰ-ਵਾਜਬ, ਚਲੋ ਫਿਰ ਵੀ ਬੁੱਧੀਮਾਨਾਂ ਦੇ ਫੈਸਲੇ ਮੁਤਾਬਕ ਇਧਰ ਉਧਰ ਉਚ ਪੱਧਰ ਦੀਆਂ ਕਾਨਫਰੰਸਾਂ ਹੋਈਆਂ ਅਤੇ ਅੰਤ ਨੂੰ ਪਾਗਲਾਂ ਦੇ ਤਬਾਦਲੇ ਲਈ ਇਕ ਦਿਨ ਨਿਸ਼ਚਿਤ ਹੋ ਗਿਆ।

ਚੰਗੀ ਤਰ੍ਹਾਂ ਛਾਣਬੀਣ ਕੀਤੀ ਗਈ -ਉਹ ਮੁਸਲਮਾਨ ਪਾਗਲ, ਜਿਨ੍ਹਾਂ ਦੇ ਸਬੰਧੀ ਹਿੰਦੁਸਤਾਨ ਵਿਚ ਹੀ ਸਨ, ਉਥੇ ਹੀ ਰਹਿਣ ਦਿਤੇ ਗਏ, ਬਾਕੀ ਜਿਹੜੇ ਬਚੇ, ਉਨ੍ਹਾਂ ਨੂੰ ਸਰਹੱਦ ਉਤੇ ਭੇਜ ਦਿਤਾ ਗਿਆ। ਪਾਕਿਸਤਾਨ ਤੋਂ ਲਗਭਗ ਤਮਾਮ ਹਿੰਦੂ, ਸਿੱਖ ਜਾ ਚੁੱਕੇ ਸਨ, ਇਸ ਵਾਸਤੇ ਕਿਸੇ ਨੂੰ ਰੱਖਣ ਰਖਾਉਣ ਦਾ ਸਵਾਲ ਹੀ ਪੈਦਾ ਨਹੀਂ ਹੋਇਆ, ਜਿੰਨੇ ਹਿੰਦੂ, ਸਿੱਖ ਪਾਗਲ ਸਨ, ਸਾਰੇ ਦੇ ਸਾਰੇ ਬਾਰਡਰ ਉਤੇ ਪਹੁੰਚਾ ਦਿਤੇ ਗਏ।

ਉਧਰ ਦਾ ਪਤਾ ਨਹੀਂ ਪ੍ਰੰਤੂ ਇਧਰ ਲਾਹੌਰ ਦੇ ਪਾਗਲਖਾਨੇ, ਜਦੋਂ ਇਸ ਤਬਾਦਲੇ ਦੀ ਖਬਰ ਪੁੱਜੀ ਤਾਂ ਦਿਲਚਸਪ ਚਰਚਾ ਹੋਣ ਲੱਗੀ। ਇਕ ਮੁਸਲਮਾਨ ਪਾਗਲ ਜੋ ਬਾਰ੍ਹਾਂ ਵਰ੍ਹਿਆਂ ਤੋਂ ਹਰ ਰੋਜ਼, ਬਕਾਇਦਾ 'ਜ਼ਿਮੀਂਦਾਰ' ਪੜ੍ਹਦਾ ਸੀ, ਉਸ ਨੇ ਜਦ ਆਪਣੇ ਇਕ ਮਿੱਤਰ ਨੂੰ ਪੁੱਛਿਆ, "ਮੌਲਵੀ ਸਾਬ੍ਹ, ਇਹ ਪਾਕਿਸਤਾਨ ਕੀ ਹੁੰਦਾ ਹੈ...?'' ਤਾਂ ਉਹਨੇ ਬੜੇ ਸੋਚ ਵਿਚਾਰ ਪਿਛੋਂ ਜਵਾਬ ਦਿਤਾ, 'ਹਿੰਦੁਸਤਾਨ ਵਿਚ ਐਸੀ ਥਾਂ ਜਿਥੇ ਉਸਤਰੇ ਬਣਦੇ ਨੇ...।' ਇਹ ਜਵਾਬ ਸੁਣ ਕੇ ਉਸ ਦਾ ਮਿੱਤਰ ਸੰਤੁਸ਼ਟ ਹੋ ਗਿਆ।

ਇਸੇ ਤਰ੍ਹਾਂ ਇਕ ਸਿੱਖ ਪਾਗਲ ਨੇ ਦੂਜੇ ਸਿੱਖ ਪਾਗਲ ਤੋਂ ਪੁਛਿਆ, "ਸਰਦਾਰ ਜੀ, ਸਾਨੂੰ ਹਿੰਦੁਸਤਾਨ ਕਿਉਂ ਭੇਜਿਆ ਜਾ ਰਿਹੈ... ਸਾਨੂੰ ਤਾਂ ਉਥੋਂ ਦੀ ਬੋਲੀ ਨੀਂ ਆਉਂਦੀ..।'' ਦੂਜਾ ਮੁਸਕਰਾਇਆ। ਮੈਨੂੰ ਤਾਂ ਹਿੰਦੋਸਤੋੜਾਂ ਦੀ ਬੋਲੀ ਆਉਂਦੀ ਐ, ਹਿੰਦੁਸਤਾਨੀ ਬੜੇ ਸ਼ੈਤਾਨ ਆਕੜ ਆਕੜ ਫਿਰਤੇ ਹੈਂ...।''

ਇਕ ਦਿਨ ਨਹਾਉਂਦਿਆਂ ਇਕ ਮੁਸਲਮਾਨ ਪਾਗਲ ਨੇ ਪਾਕਿਸਤਾਨ ਜ਼ਿੰਦਾਬਾਦ ਦਾ ਨਾਅਰਾ ਇੰਨੇ ਜ਼ੋਰ ਨਾਲ ਬੁਲੰਦ ਕੀਤਾ ਕਿ ਫਰਸ਼ ਉਤੇ ਤਿਲਕ ਕੇ ਡਿੱਗਿਆ ਅਤੇ ਬੇਹੋਸ਼ ਹੋ ਗਿਆ। ਕਈ ਪਾਗਲ ਐਸੇ ਵੀ ਸੀਗੇ ਜੋ ਪਾਗਲ ਨਹੀਂ ਸਨ। ਉਨ੍ਹਾਂ ਵਿਚ ਬਹੁਤ ਗਿਣਤੀ ਅਜਿਹੇ ਕਾਤਲਾਂ ਦੀ ਸੀ ਜਿਨ੍ਹਾਂ ਦੇ ਰਿਸ਼ਤੇਦਾਰਾਂ ਨੇ ਅਫ਼ਸਰਾਂ ਨੂੰ ਕੁੱਝ ਦੇ ਦਿਵਾ ਕੇ ਪਾਗਲਖਾਨੇ ਭਿਜਵਾ ਦਿਤਾ ਸੀ ਕਿ ਉਹ ਫਾਂਸੀ ਦੇ ਫੰਦੇ ਤੋਂ ਬਚ ਜਾਣ। ਇਹ ਪਾਗਲ ਕੁਝ-ਕੁਝ ਸਮਝਦੇ ਸਨ ਕਿ ਹਿੰਦੁਸਤਾਨ ਕਿਉਂ ਵੰਡਿਆ ਗਿਆ ਹੈ ਅਤੇ ਪਾਕਿਸਤਾਨ ਕੀ ਹੈ, ਪ੍ਰੰਤੂ ਸਹੀ ਹਾਦਸਿਆਂ ਤੋਂ ਇਹ ਵੀ ਬੇਖਬਰ ਸਨ, ਅਖ਼ਬਾਰਾਂ ਤੋਂ ਉਨ੍ਹਾਂ ਨੂੰ ਕੁੱਝ ਪਤਾ ਨਹੀਂ ਸੀ ਲੱਗਦਾ ਤੇ ਪਹਿਰੇਦਾਰ ਸਿਪਾਹੀ ਅਨਪੜ੍ਹ ਤੇ ਮੂੜ ਸਨ, ਜਿਨ੍ਹਾਂ ਦੀ ਗੱਲਬਾਤ ਤੋਂ ਵੀ ਉਹ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕਦੇ। ਉਨ੍ਹਾਂ ਨੂੰ ਕੇਵਲ ਏਨਾ ਹੀ ਪਤਾ ਸੀ ਕਿ ਇਕ ਆਦਮੀ ਮੁਹੰਮਦ ਅਲੀ ਜਿਨਾਹ ਹੈ ਜਿਸ ਨੂੰ ਕਾਇਦੇ ਆਜ਼ਮ ਕਹਿੰਦੇ ਨੇ, ਉਹਨੇ ਮੁਸਲਮਾਨਾਂ ਵਾਸਤੇ ਇਕ ਵੱਖਰਾ ਮੁਲਕ ਬਣਾਇਆ ਹੈ ਜਿਸ ਦਾ ਨਾਂ ਪਾਕਿਸਤਾਨ ਹੈ, ਇਹ ਕਿੱਥੇ ਹੈ, ਇਸ ਦੀ ਭੂਗੋਲਿਕ ਸਥਿਤੀ ਕੀ ਹੈ, ਇਸਦੇ ਬਾਰੇ ਉਹ ਕੁੱਝ ਨਹੀਂ ਜਾਣਦੇ ਸਨ, ਇਹੀ ਵਜ੍ਹਾ ਹੈ ਕਿ ਉਹ ਸਭ ਪਾਗਲ ਜਿਨ੍ਹਾਂ ਦਾ ਦਿਮਾਗ ਪੂਰੀ ਤਰ੍ਹਾਂ ਨਹੀਂ ਸੀ ਹਿੱਲਿਆ, ਇਸ ਭੰਬਲਭੂਸੇ ਵਿਚ ਪਏ ਹੋਏ ਸਨ ਕਿ ਪਾਕਿਸਤਾਨ ਵਿਚ ਨੇ ਜਾਂ ਹਿੰਦੁਸਤਾਨ ਵਿਚ, ਜੇ ਹਿੰਦੁਸਤਾਨ ਵਿਚ ਨੇ ਤਾਂ ਪਾਕਿ-ਸਤਾਨ ਕਿੱਥੇ ਐ, ਜੇ ਪਾਕਿਸਤਾਨ ਵਿਚ ਨੇ ਤਾਂ ਇਹ ਕਿਵੇਂ ਹੋ ਸਕਦੈ ਕਿ ਉਹ ਕੁੱਝ ਅਰਸਾ ਪਹਿਲਾਂ ਇਥੇ ਹੀ ਰਹਿੰਦੇ ਹੋਏ ਹਿੰਦੁਸਤਾਨ ਵਿਚ ਸਨ।

ਇਕ ਪਾਗਲ ਤਾਂ ਹਿੰਦੁਸਤਾਨ ਅਤੇ ਪਾਕਿਸਤਾਨ, ਪਾਕਿਸਤਾਨ ਅਤੇ ਹਿੰਦੁਸਤਾਨ ਦੇ ਚੱਕਰ ਵਿਚ ਕੁੱਝ ਅਜਿਹਾ ਫਸਿਆ ਕਿ ਹੋਰ ਜ਼ਿਆਦਾ ਪਾਗਲ ਹੋ ਗਿਆ। ਝਾੜੂ ਦਿੰਦਿਆਂ-ਦਿੰਦਿਆਂ ਉਹ ਇਕ ਦਿਨ ਰੁੱਖ ਉਤੇ ਚੜ੍ਹ ਗਿਆ ਅਤੇ ਟਹਿਣੇ ਉਤੇ ਬੈਠ ਕੇ ਦੋ ਘੰਟੇ ਤਕਰੀਰ ਕਰਦਾ ਰਿਹਾ, ਜੋ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਨਾਜ਼ੁਕ ਮਸਲੇ ਉਤੇ ਸੀ... ..। ਸਿਪਾਹੀਆਂ ਨੇ ਜਦ ਉਹਨੂੰ ਹੇਠਾਂ ਉਤਰਨ ਲਈ ਕਿਹਾ ਤਾਂ ਉਹ ਹੋਰ ਉਤੇ ਚੜ੍ਹ ਗਿਆ। ਜਦ ਉਹਨੂੰ ਡਰਾਇਆ-ਧਮਕਾਇਆ ਗਿਆ ਤਾਂ ਉਹਨੇ ਕਿਹਾ, "ਮੈਂ ਨਾ ਹਿੰਦੁਸਤਾਨ ਵਿਚ ਰਹਿਣਾ ਚਾਹੁੰਦਾ ਹਾਂ ਤੇ ਨਾ ਹੀ ਪਾਕਿਸਤਾਨ ਵਿਚ... ਮੈਂ ਇਸ ਰੁੱਖ ਉਤੇ ਹੀ ਰਹੂੰਗਾ...। '' ਬੜੀ ਦੇਰ ਪਿਛੋਂ ਜਦੋਂ ਉਸ ਦਾ ਦੌਰਾ ਠੰਢਾ ਹੋਇਆ ਤਾਂ ਉਹ ਥੱਲੇ ਉਤਰਿਆ ਅਤੇ ਆਪਣੇ ਹਿੰਦੂ-ਸਿੱਖ ਮਿੱਤਰਾਂ ਦੇ ਗਲ ਮਿਲ-ਮਿਲ ਕੇ ਰੋਣ ਲੱਗਿਆ - ਇਸ ਖਿਆਲ ਨਾਲ ਉਹਦਾ ਦਿਲ ਭਰ ਆਇਆ ਸੀ ਕਿ ਉਹ ਉਸ ਨੂੰ ਛੱਡ ਕੇ ਹਿੰਦੁਸਤਾਨ ਚਲੇ ਜਾਣਗੇ।

ਇਕ ਐਮ.ਐਸ.ਸੀ. ਪਾਸ ਰੇਡੀਓ ਇੰਜਨੀਅਰ, ਜੋ ਮੁਸਲਮਾਨ ਸੀ ਅਤੇ ਦੂਜੇ ਪਾਗਲਾਂ ਤੋਂ ਬਿਲਕੁਲ ਅਲੱਗ-ਥਲੱਗ ਬਾਗ ਦੀ ਇਕ ਖਾਸ ਪਗਡੰਡੀ ਉਤੇ ਸਾਰਾ ਦਿਨ ਚੁੱਪ-ਚਾਪ ਟਹਿਲਦਾ ਰਹਿੰਦਾ ਸੀ, ਇਹ ਤਬਦੀਲੀ ਪ੍ਰਗਟ ਹੋਈ ਕਿ ਉਹਨੇ ਆਪਣੇ ਸਾਰੇ ਕੱਪੜੇ ਉਤਾਰ ਕੇ ਦਫੇਦਾਰ ਦੇ ਹਵਾਲੇ ਕਰ ਦਿਤੇ ਅਤੇ ਨੰਗ ਧੜੰਗਾ ਹੋ ਕੇ ਸਾਰੇ ਬਾਗ ਵਿਚ ਤੁਰਨਾ ਫਿਰਨਾ ਸ਼ੁਰੂ ਕਰ ਦਿਤਾ।

ਚਨਿਓਟ ਦੇ ਇਕ ਮੁਸਲਮਾਨ ਨੇ, ਜੋ ਮੁਸਲਿਮ ਲੀਗ ਦਾ ਸਰਗਰਮ ਮੈਂਬਰ ਰਹਿ ਚੁੱਕਿਆ ਸੀ ਅਤੇ ਦਿਨ 'ਚ ਪੰਦਰਾਂ-ਸੋਲਾਂ ਵੇਰਾਂ ਨਹਾਇਆ ਕਰਦਾ ਸੀ, ਇਕਦਮ ਇਹ ਆਦਤ ਛੱਡ ਦਿਤੀ, ਉਹਦਾ ਨਾਂ ਮੁਹੰਮਦ ਅਲੀ ਸੀ। ਸੋ ਉਹਨੇ ਇਕ ਦਿਨ ਆਪਣੇ ਜੰਗਲੇ ਵਿਚ ਐਲਾਨ ਕਰ ਦਿਤਾ ਕਿ ਉਹ ਕਾਇਦੇ -ਆਜ਼ਮ ਮੁਹੰਮਦ ਅਲੀ ਜਿਨਾਹ ਹੈ, ਉਸ ਦੀ ਦੇਖਾ-ਦੇਖੀ ਇਕ ਸਿੱਖ ਪਾਗਲ ਮਾਸਟਰ ਤਾਰਾ ਸਿੰਘ ਬਣ ਗਿਆ। ਇਸ ਤੋਂ ਪਹਿਲਾਂ ਕਿ ਖੂਨ-ਖਰਾਬਾ ਹੋ ਜਾਵੇ, ਦੋਹਾਂ ਨੂੰ ਖਤਰਨਾਕ ਪਾਗਲ ਕਰਾਰ ਦੇ ਕੇ ਅਲੱਗ-ਥਲੱਗ ਬੰਦ ਕਰ ਦਿਤਾ ਗਿਆ।

ਲਾਹੌਰ ਦਾ ਇਕ ਨੌਜਵਾਨ ਹਿੰਦੂ ਵਕੀਲ ਮੁਹੱਬਤ ਵਿਚ ਅਸਫਲ ਹੋ ਕੇ ਪਾਗਲ ਹੋ ਗਿਆ ਸੀ। ਜਦੋਂ ਉਹਨੇ ਸੁਣਿਆ ਕਿ ਅੰਮ੍ਰਿਤਸਰ ਹਿੰਦੁਸਤਾਨ ਵਿਚ ਚਲਾ ਗਿਆ ਹੈ ਤਾਂ ਉਹਨੂੰ ਬਹੁਤ ਦੁੱਖ ਹੋਇਆ। ਅੰਮ੍ਰਿਤਸਰ ਦੀ ਇਕ ਹਿੰਦੂ ਕੁੜੀ ਨਾਲ ਉਹਨੂੰ ਮੁਹੱਬਤ ਸੀ, ਜਿਸ ਨੇ ਉਹਨੂੰ ਠੁਕਰਾ ਦਿਤਾ ਪਰ ਦੀਵਾਨਗੀ ਦੀ ਹਾਲਤ ਵਿਚ ਹੀ ਉਹ ਕੁੜੀ ਨੂੰ ਨਹੀਂ ਸੀ ਭੁੱਲਿਆ। ਉਹ ਉਨ੍ਹਾਂ ਸਾਰੇ ਹਿੰਦੂ ਅਤੇ ਮੁਸਲਮਾਨ ਲੀਡਰਾਂ ਨੂੰ ਗਾਲ੍ਹਾਂ ਦੇਣ ਲੱਗ ਪਿਆ, ਜਿਨ੍ਹਾਂ ਨੇ ਮਿਲ ਮਿਲਾ ਕੇ ਹਿੰਦੁਸਤਾਨ ਦੇ ਦੋ ਟੁਕੜੇ ਕਰ ਦਿਤੇ, ਜਿਸ ਕਾਰਨ ਉਹੀ ਮਹਿਬੂਬਾ ਹਿੰਦੁਸਤਾਨੀ ਬਣ ਗਈ ਤੇ ਉਹ ਪਾਕਿਸਤਾਨੀ। ਜਦ ਤਬਾਦ-ਲੇ ਦੀ ਗੱਲ ਸ਼ੁਰੂ ਹੋਈ ਤਾਂ ਉਸ ਨੂੰ ਕਈ ਪਾਗਲਾਂ ਨੇ ਸਮਝਾਇਆ ਕਿ ਉਹ ਦਿਲ ਥੋੜ੍ਹਾ ਨਾ ਕਰੇ, ਉਹਨੂੰ ਹਿੰਦੁਸਤਾਨ ਭੇਜ ਦਿਤਾ ਜਾਵੇਗਾ। ਉਸੇ ਹਿੰਦੁਸਤਾਨ ਵਿਚ ਜਿਥੇ ਉਹਦੀ ਮਹਿਬੂਬਾ ਰਹਿੰਦੀ ਹੈ ਪਰ ਉਹ ਲਾਹੌਰ ਛੱਡਣਾ ਨਹੀਂ ਚਾਹੁੰਦਾ ਸੀ, ਉਸ ਦਾ ਖਿਆਲ ਸੀ ਕਿ ਅੰਮ੍ਰਿਤਸਰ ਵਿਚ ਉਸ ਦੀ ਪ੍ਰੈਕਟਿਸ ਨਹੀਂ ਚੱਲੇਗੀ।

ਯੂਰਪੀਅਨ ਵਾਰਡ ਵਿਚ ਦੋ ਐਂਗਲੋ ਇੰਡੀਅਨ ਪਾਗਲ ਸਨ। ਉਨ੍ਹਾਂ ਨੂੰ ਜਦੋਂ ਪਤਾ ਲਗਿਆ ਕਿ ਹਿੰਦੁਸਤਾਨ ਨੂੰ ਆਜ਼ਾਦ ਕਰ ਕੇ ਅੰਗਰੇਜ਼ ਚਲੇ ਗਏ ਨੇ ਤਾਂ ਉਨ੍ਹਾਂ ਨੂੰ ਬੜਾ ਸਦਮਾ ਲੱਗਾ। ਉਹ ਲੁਕ-ਲੁਕ ਕੇ ਘੰਟਿਆਂ ਬੱਧੀ ਇਸ ਅਹਿਮ ਮਸਲੇ ਉਤੇ ਗੱਲਬਾਤ ਕਰਦੇ ਰਹਿੰਦੇ ਕਿ ਪਾਗਲਖਾਨੇ ਵਿਚ ਹੁਣ ਉਨ੍ਹਾਂ ਦੀ ਹੈਸੀਅਤ ਕਿਸ ਕਿਸਮ ਦੀ ਹੋਵੇਗੀ। ਯੂਰਪੀਅਨ ਵਾਰਡ ਰਹੇਗਾ ਜਾਂ ਉਡਾ ਦਿਤਾ ਜਾਵੇਗਾ। ਬ੍ਰੇਕਫਾਸਟ ਮਿਲਿਆ ਕਰੇਗਾ ਜਾਂ ਨਹੀਂ, ਕੀ ਉਨ੍ਹਾਂ ਨੂੰ ਡਬਲ ਰੋਟੀ ਤਾਂ ਨਹੀਂ ਛੱਡਣੀ ਪਵੇਗੀ।

ਇਕ ਸਿੱਖ ਸੀ, ਜਿਸ ਨੂੰ ਪਾਗਲਖਾਨੇ ਵਿਚ ਦਾਖਲ ਹੋਇਆਂ ਪੰਦਰਾਂ ਵਰ੍ਹੇ ਹੋ ਚੁੱਕੇ ਸਨ। ਹਰ ਵੇਲੇ ਮੂਹੋਂ ਅਜੀਬ ਲਫਜ਼ ਸੁਣਾਈ ਦਿੰਦੇ ਸਨ, "ਔਪੜ ਦਿ ਗੜ-ਗੜ ਅਨੈਕਸ ਦੀ ਬੇਧਿਆਨਾ ਦਿ ਮੂੰਗ ਕਿ ਦਾਲ ਆਫ ਦੀ ਲਾਲਟੈਨ...'' ਉਹ ਨਾ ਦਿਨ 'ਚ ਸੌਂਦਾ ਸੀ ਨਾ ਰਾਤ ਨੂੰ। ਪਹਿਰੇਦਾਰਾਂ ਦਾ ਇਹ ਕਹਿਣਾ ਸੀ ਕਿ ਪੰਦਰਾਂ ਵਰ੍ਹਿਆਂ ਦੇ ਲੰਮੇ ਅਰਸੇ ਵਿਚ ਉਹ ਇਕ ਪਲ ਵੀ ਨਹੀਂ ਸੁੱਤਾ ਸੀ, ਉਹ ਲੇਟਦਾ ਵੀ ਨਹੀਂ ਸੀ। ਬਲਕਿ ਕਦੇ ਕਦੇ ਕੰਧ ਨਾਲ ਟੇਕ ਲਾ ਲੈਂਦਾ ਸੀ, ਚੱਤੋ ਪਹਿਰ ਖੜਾ ਰਹਿਣ ਕਰ ਕੇ ਉਸ ਦੇ ਪੈਰ ਸੁੱਜ ਗਏ ਸਨ ਅਤੇ ਪਿੰਜਣੀਆਂ ਵੀ ਫੁੱਲ ਗਈਆਂ ਸਨ, ਮਗਰ ਸਰੀਰਕ ਤਕਲੀਫ ਦੇ ਬਾਵਜੂਦ ਉਹ ਲੰਮਾ ਪੈ ਕੇ ਆਰਾਮ ਨਹੀਂ ਸੀ ਕਰਦਾ।

ਹਿੰਦੁਸਤਾਨ, ਪਾਕਿਸਤਾਨ ਅਤੇ ਪਾਗਲਾਂ ਦੇ ਤਬਾਦ-ਲੇ ਬਾਰੇ ਜਦ ਕਦੇ ਗੱਲਬਾਤ ਹੁੰਦੀ ਸੀ ਤਾਂ ਉਹ ਧਿਆਨ ਨਾਲ ਸੁਣਦਾ ਸੀ। ਕੋਈ ਉਹਨੂੰ ਪੁਛਦਾ ਕਿ ਉਸ ਦਾ ਕੀ ਖਿਆਲ ਹੈ ਤਾਂ ਉਹ ਬੜੀ ਗੰਭੀਰਤਾ ਨਾਲ ਜਵਾਬ ਦਿੰਦਾ, "ਔਪੜ ਦੀ ਗੜ ਗੜ ਦਿ ਅਨੈਕਸ ਕਿ ਬੇਧਿਆਨਾ ਕਿ ਮੂੰਗ ਦੀ ਦਾਲ ਆਫ਼ ਪਾਕਿਸਤਾਨ ਗਵਰਨਮੈਂਟ।'' ਪ੍ਰੰਤੂ ਬਾਅਦ ਵਿਚ 'ਆਫ਼ ਦੀ ਪਾਕਿਸਤਾਨ' ਦੀ ਥਾਂ 'ਆਫ ਦੀ ਟੋਭਾ ਟੇਕ ਸਿੰਘ ਗਵਰਨਮੈਂਟ' ਨੇ ਲੈ ਲਈ ਅਤੇ ਉਹ ਦੂਜੇ ਪਾਗਲਾਂ ਤੋਂ ਪੁੱਛਣਾ ਸ਼ੁਰੂ ਕਰ ਦਿਤਾ ਟੋਭਾ ਟੇਕ ਸਿੰਘ ਕਿਥੇ ਹੈ, ਜਿਥੇ ਦਾ ਉਹ ਰਹਿਣ ਵਾਲਾ ਹੈ। ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ। ਜੋ ਦੱਸਣ ਦੀ ਕੋਸ਼ਿਸ਼ ਕਰਦੇ ਸਨ ਉਹ ਆਪ ਇਸ ਉਲਝਣ ਵਿਚ ਫਸ ਜਾਂਦੇ ਸਨ ਕਿ ਸਿਆਲਕੋਟ ਪਹਿਲਾਂ ਹਿੰਦੁਸਤਾਨ ਵਿਚ ਹੁੰਦਾ ਸੀ ਪਰ ਹੁਣ ਸੁਣਿਐ ਕਿ ਪਾਕਿਸਤਾਨ ਵਿਚ ਹੈ... ਕੀ ਪਤਾ ਹੈ ਕਿ ਲਾਹੌਰ ਜੋ ਅੱਜ ਪਾਕਿਸਤਾਨ ਵਿਚ ਹੈ, ਕੱਲ ਹਿੰਦੁਸਤਾਨ ਵਿਚ ਚਲਿਆ ਜਾਵੇ .... ਜਾਂ ਸਾਰਾ ਹਿੰਦੁਸਤਾਨ ਹੀ ਪਾਕਿਸਤਾਨ ਬਣ ਜਾਵੇ.... ਅਤੇ ਇਹ ਵੀ ਕੌਣ ਛਾਤੀ ਉਤੇ ਹੱਥ ਰੱਖ ਕੇ ਕਹਿ ਸਕਦਾ ਹੈ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੋਨੋਂ ਕਿਸੇ ਦਿਨ ਸਿਰੇ ਤੋਂ ਗਾਇਬ ਹੋ ਜਾਣ।

ਇਸ ਸਿੱਖ ਪਾਗਲ ਦੇ ਕੇਸ ਛਿਦਰੇ ਹੋ ਕੇ ਬਹੁਤ ਘੱਟ ਰਹਿ ਗਏ ਸਨ, ਕਿਉਂਕਿ ਉਹ ਨਹਾਉਂਦਾ ਕਦੇ ਕਦਾਈਂ ਸੀ, ਇਸ ਲਈ ਦਾੜ੍ਹੀ ਅਤੇ ਵਾਲ ਆਪਸ ਵਿਚ ਜੰਮ ਗਏ ਸਨ। ਜਿਸ ਦੇ ਕਾਰਨ ਉਹਦੀ ਸ਼ਕਲ ਬੜੀ ਭਿਆਨਕ ਹੋ ਗਈ ਸੀ ਪਰ ਆਦਮੀ ਨਿਡਰ ਸੀ। ਪੰਦਰਾਂ ਵਰ੍ਹਿਆਂ ਵਿਚ ਉਹਨੇ ਕਦੇ ਵੀ ਕਿਸੇ ਨਾਲ ਝਗੜਾ-ਫਸਾਦ ਨਹੀਂ ਸੀ ਕੀਤਾ। ਪਾਗਲਖਾਨੇ ਦੇ ਜੋ ਪੁਰਾਣੇ ਨੌਕਰ ਸਨ, ਉਹ ਉਹਦੇ ਬਾਰੇ ਏਨਾ ਕੁ ਜਾਣਦੇ ਸਨ ਕਿ ਟੋਭਾ ਟੇਕ ਸਿੰਘ ਵਿਚ ਉਹਦੀ ਕਾਫੀ ਜ਼ਮੀਨ ਸੀ। ਚੰਗਾ ਖਾਂਦਾ ਪੀਂਦਾ ਜ਼ਿਮੀਂਦਾਰ ਸੀ ਕਿ ਅਚਾਨਕ ਦਿਮਾਗ ਹਿਲ ਗਿਆ। ਉਹਦੇ ਰਿਸ਼ਤੇਦਾਰ ਉਹਨੂੰ ਲੋਹੇ ਦੇ ਮੋਟੇ ਮੋਟੇ ਸੰਗਲਾਂ ਨਾਲ ਬੰਨ੍ਹ ਕੇ ਲਿਆਏ ਅਤੇ ਪਾਗਲਖਾਨੇ ਦਾਖਲ ਕਰਾ ਗਏ।

ਮਹੀਨੇ 'ਚ ਇਕ ਵੇਰਾਂ ਮੁਲਾਕਾਤ ਲਈ ਉਹ ਲੋਕ ਆਉਂਦੇ ਸਨ ਅਤੇ ਉਸ ਦੀ ਸੁੱਖ-ਸਾਂਦ ਦਾ ਪਤਾ ਕਰ ਕੇ ਚਲੇ ਜਾਂਦੇ ਸਨ, ਬੜੀ ਦੇਰ ਤਕ ਇਹ ਸਿਲਸਿਲਾ ਜਾਰੀ ਰਿਹਾ ਪਰ ਜਦੋਂ ਪਾਕਿਸਤਾਨ, ਹਿੰਦੁਸਤਾਨ ਦੀ ਗੜਬੜ ਸ਼ੁਰੂ ਹੋਈ ਤਾਂ ਉਨ੍ਹਾਂ ਦਾ ਆਉਣਾ-ਜਾਣਾ ਬੰਦ ਹੋ ਗਿਆ।

ਉਹਦਾ ਨਾਂ ਬਿਸ਼ਨ ਸਿੰਘ ਸੀ ਪਰ ਸਾਰੇ ਜਾਣੇ ਟੋਭਾ ਟੇਕ ਸਿੰਘ ਕਹਿੰਦੇ ਸਨ। ਉਹਨੂੰ ਇਹ ਕਤਈ ਮਾਲੂਮ ਨਹੀਂ ਸੀ ਦਿਨ ਕਿਹੜਾ ਹੈ, ਮਹੀਨਾ ਕਿਹੜਾ ਹੈ ਜਾਂ ਕਿੰਨੇ ਸਾਲ ਬੀਤ ਚੁੱਕੇ ਨੇ ਪਰ ਹਰ ਮਹੀਨੇ ਜਦ ਉਸਦੇ ਸਕੇ ਸਬੰਧੀ ਉਸ ਨੂੰ ਮਿਲਣ ਵਾਸਤੇ ਆਉਣ ਵਾਲੇ ਹੁੰਦੇ ਤਾਂ ਉਹਨੂੰ ਆਪਦੇ ਆਪ ਪਤਾ ਲੱਗ ਜਾਂਦਾ। ਇਸ ਲਈ ਉਹ ਦਫੇਦਾਰ ਨੂੰ ਕਹਿੰਦਾ ਕਿ ਉਹਦੀ ਮੁਲਾਕਾਤ ਆ ਰਹੀ ਹੈ। ਉਸ ਦਿਨ ਉਹ ਮਲ ਮਲ ਕੇ ਨਹਾਉਂਦਾ, ਬਦਨ ਉਤੇ ਖੂਬ ਤੇਲ ਸਾਬਣ ਘਸਾਇਆ ਜਾਂਦਾ ਅਤੇ ਵਾਲਾਂ 'ਚ ਤੇਲ ਲਾ ਕੇ ਕੰਘਾ ਕਰਦਾ, ਆਪਣੇ ਉਹ ਕੱਪੜੇ ਜੋ ਉਹ ਕਦੀ ਵਰਤਦਾ ਨਹੀਂ ਸੀ, ਕੱਢਵਾ ਕੇ ਪਾਉਂਦਾ ਅਤੇ ਇਉਂ ਬਣ-ਫੱਬ ਕੇ ਮਿਲਣ ਵਾਲਿਆਂ ਕੋਲ ਜਾਂਦਾ। ਉਹ ਉਸ ਨੂੰ ਕੁਝ ਪੁੱਛਦੇ ਤਾਂ ਉਹ ਚੁੱਪ ਰਹਿੰਦਾ ਜਾਂ ਕਦੇਂ ਕਦਾਈਂ "ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਲਾਲਟੈਨ...'' ਕਹਿ ਦਿੰਦਾ।

ਉਹਦੀ ਇਕ ਕੁੜੀ ਸੀ। ਜੋ ਹਰ ਮਹੀਨੇ ਇਕ ਉਂਗਲੀ ਵਧਦੀ ਵਧਦੀ ਪੰਦਰਾਂ ਵਰ੍ਹਿਆਂ ਦੀ ਮੁਟਿਆਰ ਹੋ ਗਈ ਸੀ। ਬਿਸ਼ਨ ਸਿੰਘ ਉਹਨੂੰ ਪਛਾਣਦਾ ਹੀ ਨਹੀਂ ਸੀ। ਉਹ ਬੱਚੀ ਸੀ, ਉਦੋਂ ਵੀ ਆਪਣੇ ਆਪ ਨੂੰ ਦੇਖ ਕੇ ਰੋਂਦੀ ਸੀ, ਮੁਟਿਆਰ ਹੋਈ ਤਦ ਵੀ ਉਹਦੀਆਂ ਅੱਖਾਂ 'ਚੋਂ ਹੰਝੂ ਵਹਿੰਦੇ ਸਨ।

ਪਾਕਿਸਤਾਨ ਅਤੇ ਹਿੰਦੁਸਤਾਨ ਦਾ ਕਿੱਸਾ ਸ਼ੁਰੂ ਹੋਇਆ ਤਾਂ ਉਹਨੇ ਦੂਜੇ ਪਾਗਲਾਂ ਤੋਂ ਪੁੱਛਣਾ ਸ਼ੁਰੂ ਕਰ ਦਿਤਾ ਕਿ ਟੋਭਾ ਟੇਕ ਸਿੰਘ ਕਿਥੇ ਹੈ। ਜਦ ਉਹਨੂੰ ਤਸੱਲੀਬਖਸ਼ ਜਵਾਬ ਨਾ ਮਿਲਿਆ ਤਾਂ ਉਹਦੀ ਟੋਹ ਦਿਨ ਪ੍ਰਤੀ ਦਿਨ ਵੱਧਦੀ ਗਈ। ਹੁਣ ਉਸ ਦੀ ਲੜਕੀ ਮੁਲਾਕਾਤ ਨੂੰ ਵੀ ਨਹੀਂ ਆਉਂਦੀ ਸੀ, ਪਹਿਲਾਂ ਤਾਂ ਉਹਨੂੰ ਆਪਣੇ ਆਪ ਪਤਾ ਲੱਗ ਜਾਂਦਾ ਸੀ ਕਿ ਮਿਲਣ ਵਾਲੇ ਆ ਰਹੇ ਨੇ ਪਰ ਹੁਣ ਜਿਵੇਂ ਉਹਦੇ ਦਿਲ ਦੀ ਆਵਾਜ਼ ਵੀ ਬੰਦ ਹੋ ਗਈ ਸੀ। ਜੋ ਉਹਨੂੰ ਉਨ੍ਹਾਂ ਦੇ ਆਉਣ-ਜਾਣ ਦੀ ਖਬਰ ਦੇ ਦਿਆ ਕਰਦੀ ਸੀ- ਉਹਦੀ ਬੜੀ ਇੱਛਾ ਸੀ ਕਿ ਉਹ ਲੋਕ ਆਉਣ ਜੋ ਉਸ ਨਾਲ ਹਮਦਰਦੀ ਪ੍ਰਗਟ ਕਰਦੇ ਸਨ ਅਤੇ ਉਹਦੇ ਵਾਸਤੇ ਫਲ ਮਿਠਾਈਆਂ ਅਤੇ ਕੱਪੜੇ ਲਿਆਉਂਦੇ ਸਨ। ਉਹ ਆਉਣ ਤਾਂ ਉਹ ਉਨ੍ਹਾਂ ਤੋਂ ਪੁੱਛੇ ਕਿ ਟੋਭਾ ਟੇਕ ਸਿੰਘ ਕਿੱਥੇ ਹੈ...। ਉਹ ਉਨ੍ਹਾਂ ਨੂੰ ਪੱਕੇ ਤੌਰ 'ਤੇ ਦੱਸ ਦੇਣਗੇ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ। ਉਹਦਾ ਖਿਆਲ ਸੀ ਕਿ ਉਹ ਟੋਭਾ ਟੇਕ ਸਿੰਘ ਤੋਂ ਹੀ ਆਉਂਦੇ ਨੇ ਜਿਥੇ ਉਹਦੀਆਂ ਜ਼ਮੀਨਾਂ ਨੇ।

ਪਾਗਲਖਾਨੇ ਵਿਚ ਇਕ ਪਾਗਲ ਅਜਿਹਾ ਵੀ ਸੀ ਜੋ ਆਪਣੇ ਆਪ ਨੂੰ ਖੁਦਾ ਕਹਿੰਦਾ ਸੀ। ਬਿਸ਼ਨ ਸਿੰਘ ਨੇ ਉਸ ਤੋਂ ਇਕ ਦਿਨ ਪੁੱਛਿਆ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ ਤਾਂ ਉਹਨੇ ਆਪਣੀ ਆਦਤ ਅਨੁਸ-ਾਰ ਠਹਾਕਾ ਮਾਰਿਆ ਅਤੇ ਕਿਹਾ, ਉਹ ਨਾ ਪਾਕਿਸਤਾਨ ਵਿਚ ਹੈ ਨਾ ਹਿੰਦੁਸਤਾਨ ਵਿਚ, ਕਿਉਂਕਿ ਅਸੀਂ ਅਜੇ ਤਕ ਹੁਕਮ ਹੀ ਨਹੀਂ ਦਿਤਾ....।''

ਬਿਸ਼ਨ ਸਿੰਘ ਨੇ ਉਸ ਖੁਦਾ ਨੂੰ ਕਈ ਵਾਰੀ ਬੜੀ ਮਿੰਨਤ ਅਤੇ ਆਜਜ਼ੀ ਨਾਲ ਕਿਹਾ ਕਿ ਉਹ ਹੁਕਮ ਦੇਵੇ ਤਾਂ ਕਿ ਝੰਜਟ ਮੁੱਕੇ, ਪਰ ਖੁਦਾ ਬਹੁਤ ਰੁਝਿਆ ਹੋਇਆ ਸੀ ਕਿਉਂਕ ਉਹਨੇ ਹੋਰ ਬਥੇਰੇ ਹੁਕਮ ਦੇਣੇ ਸਨ।

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary Vancouver
Contact 780-951-7260

e-mail: dhaliwalsd@hotmail.com, www.acitylimousine.com

ਇਕ ਦਿਨ ਦੁਖੀ ਹੋ ਕੇ ਬਿਸ਼ਨ ਸਿੰਘ ਖੁਦਾ ਨੂੰ ਟੁੱਟ ਕੇ ਪਿਆ, "ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਵਾਹਿਗੁਰੂ ਜੀ ਦਾ ਖਾਲਸਾ ਐਂਡ ਵਾਹਿਗੁਰੂ ਜੀ ਕੀ ਫਤਹਿ....।'' ਇਸ ਦਾ ਸ਼ਾਇਦ ਮਤਲਬ ਸੀ ਕਿ ਤੂੰ ਮੁਸਲਮਾਨਾਂ ਦਾ ਖੁਦਾ ਹੈਂ, ਸਿੱਖਾਂ ਦਾ ਖੁਦਾ ਹੁੰਦਾ ਤਾਂ ਜ਼ਰੂਰ ਮੇਰੀ ਸੁਣਦਾ। ਤਬਾਦਲੇ ਤੋਂ ਕੁਝ ਦਿਨ ਪਹਿਲਾਂ ਟੋਬਾ ਟੇਕ ਸਿੰਘ ਦਾ ਇਕ ਮੁਸਲਮਾਨ ਜੋ ਬਿਸ਼ਨ ਸਿੰਘ ਦਾ ਮਿੱਤਰ ਸੀ, ਮੁਲਾਕਾਤ ਲਈ ਆਇਆ। ਮੁਸਲਮਾਨ ਮਿੱਤਰ ਪਹਿਲਾਂ ਕਦੇ ਨਹੀਂ ਆਇਆ ਸੀ। ਜਦੋਂ ਬਿਸ਼ਨ ਸਿੰਘ ਨੇ ਉਹਨੂੰ ਦੇਖਿਆ ਤਾਂ ਇਕ ਪਾਸੇ ਹੱਟ ਗਿਆ, ਫਿਰ ਵਾਪਸ ਜਾਣ ਲੱਗਾ ਪਰ ਸਿਪਾਹੀਆਂ ਨੇ ਉਹਨੂੰ ਰੋਕਿਆ, "ਇਹ ਤੈਨੂੰ ਮਿਲਣ ਆਇਐ... ਤੇਰਾ ਮਿੱਤਰ ਫਜ਼ਲਦੀਨ ਐ....।''

ਬਿਸ਼ਨ ਸਿੰਘ ਨੇ ਫਜ਼ਲਦੀਨ ਨੂੰ ਇਕ ਨਜ਼ਰ ਦੇਖਿਆ ਅਤੇ ਕੁਝ ਬੁੜਬੁੜਾਉਣ ਲੱਗਾ। ਫਜ਼ਲਦੀਨ ਨੇ ਅੱਗੇ ਵੱਧ ਕੇ ਉਹਦੇ ਮੋਢੇ ਉਪਰ ਹੱਥ ਰੱਖਿਆ, "ਮੈਂ ਕਈ ਦਿਨਾਂ ਤੋਂ ਸੋਚ ਰਿਹਾ ਸੀ ਕਿ ਤੈਨੂੰ ਮਿਲਾਂ ਪਰ ਵਿਹਲ ਹੀ ਨਾ ਮਿਲੀ.... ਤੇਰੇ ਸਭ ਆਦਮੀ ਖੈਰੀਅਤ ਨਾਲ ਹਿੰਦੁਸਤਾਨ ਚਲੇ ਗਏ ਸਨ... ਮੈਥੋਂ ਜਿੰਨੀ ਮਦਦ ਹੋ ਸਕੀ, ਮੈਂ ਕੀਤੀ... ਤੇਰੀ ਧੀ ਰੂਪ ਕੌਰ...। '' ਉਹ ਬੋਲਦਿਆਂ ਬੋਲਦਿਆਂ ਰੁਕ ਗਿਆ।

ਬਿਸ਼ਨ ਸਿੰਘ ਕੁੱਝ ਯਾਦ ਕਰਨ ਲੱਗਿਆ, "ਧੀ ਰੂਪ ਕੌਰ...।''

ਫਜ਼ਲਦੀਨ ਨੇ ਰੁਕ ਕੇ ਕਿਹਾ, "ਹਾਂ... ਉਹ ... ਉਹ ਵੀ ਠੀਕ ਠਾਕ ਐ...। ਉਨ੍ਹਾਂ ਨਾਲ ਹੀ ਚਲੀ ਗਈ ਸੀ....।''

ਬਿਸ਼ਨ ਸਿੰਘ ਚੁਪ ਰਿਹਾ।

ਫਜ਼ਲਦੀਨ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਤੇਰੀ ਖੈਰ ਖੈਰੀਅਤ ਪੁੱਛਦਾ ਰਹਾਂ....। ਹੁਣ ਮੈਂ ਸੁਣਿਆ ਤੂੰ ਹਿੰਦੁਸਤਾਨ ਜਾ ਰਿਹੈਂ... ਭਾਈ ਬਲਵੀਰ ਸਿੰਘ ਅਤੇ ਭਾਈ ਵਧਾਵਾ ਸਿੰਘ ਨੂੰ ਮੇਰਾ ਸਲਾਮ ਕਹਿਣਾ ਅਤੇ ਭੈਣ ਅੰਮ੍ਰਿਤ ਕੌਰ ਨੂੰ ਵੀ.... ਭਾਈ ਬਲਵੀਰ ਸਿੰਘ ਨੂੰ ਕਹਿਣਾ ਕਿ ਫਜ਼ਲਦੀਨ ਰਾਜ਼ੀ ਖ਼ੁਸ਼ੀ ਐ... ਦੋ ਬੂਰੀਆਂ ਮੈਸਾਂ ਜੋ ਉਹ ਛੱਡ ਗਏ ਸੀ, ਉਨ੍ਹਾਂ 'ਚੋਂ ਇਕ ਨੇ ਕੱਟਾ ਦਿਤੈ.... ਦੂਜੀ ਦੇ ਕੱਟੀ ਹੋਈ ਸੀ ਪਰ ਉਹ ਛੇ ਦਿਨਾਂ ਦੀ ਹੋ ਕੇ ਮਰ ਗਈ... ਹੋਰ... ਮੇਰੇ ਲਾਇਕ ਜੋ ਖਿਦਮਤ ਹੋਵੇ, ਕਹੀਂ ਮੈਂ ਹਰ ਵਕਤ ਤਿਆਰ ਆਂ... ਔਰ ਆਹ ਤੇਰੇ ਲਈ ਥੋੜ੍ਹੇ ਜਿਹੇ ਮਰੂੰਡੇ ਲਿਆਇਆਂ....।''

ਬਿਸ਼ਨ ਸਿੰਘ ਨੇ ਮਰੂੰਡਿਆਂ ਦੀ ਪੋਟਲੀ ਲੈ ਕੇ ਕੋਲ ਖੜੇ ਸਿਪਾਹੀ ਦੇ ਹਵਾਲੇ ਕਰ ਦਿਤੀ ਤੇ ਫਜ਼ਲਦੀਨ ਨੂੰ ਪੁਛਿਆ, "ਟੋਬਾ ਟੇਕ ਸਿੰਘ ਕਿੱਥੇ ਐ....?''

"ਉਥੇ ਈ ਐ, ਜਿਥੇ ਸੀ...।''

ਬਿਸ਼ਨ ਸਿੰਘ ਨੇ ਫੇਰ ਪੁਛਿਆ, "ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ....? ਹਿੰਦੁਸਤਾਨ ਵਿਚ.... ਨਹੀਂ ਨਹੀਂ ਪਾਕਿਸਤਾਨ ਵਿਚ....।'' ਫਜ਼ਲਦੀਨ ਬੌਂਦਲ ਜਿਹਾ ਗਿਆ। ਬਿਸ਼ਨ ਸਿੰਘ ਬੁੜਬੁੜਾਉਂਦਾ ਹੋਇਆ ਚਲਾ ਗਿਆ, "ਔਪੜ ਦਿ ਗੜ ਗੜ ਦਿ ਅਨੈਕਸ ਦੇ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਪਾਕਿਸਤਾਨ ਐਂਡ ਹਿੰਦੁਸਤਾਨ ਆਫ਼ ਦੀ ਦੁਰ ਫਿੱਟੇ ਮੂੰਹ...।''

ਤਬਾਦਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ, ਇਧਰੋਂ ਉਧਰ ਅਤੇ ਉਧਰੋਂ ਇਧਰ ਆਉਣ ਵਾਲੇ ਪਾਗਲਾਂ ਦੀਆਂ ਸੂਚੀਆਂ ਪੁੱਜ ਚੁੱਕੀਆਂ ਸਨ ਅਤੇ ਤਬਾਦਲੇ ਦਾ ਦਿਨ ਵੀ ਨਿਸ਼ਚਿਤ ਹੋ ਗਿਆ।

ਕੜਾਕੇ ਦੀ ਠੰਢ ਸੀ, ਜਦੋਂ ਲਾਹੌਰ ਦੇ ਪਾਗਲਖਾਨੇ 'ਚੋਂ ਹਿੰਦੂ-ਸਿੱਖ ਪਾਗਲਾਂ ਨਾਲ ਭਰੀਆਂ ਹੋਈਆਂ ਲਾਰੀਆਂ ਪੁਲਿਸ ਦੀ ਰੱਖਿਆ ਦੇ ਨਾਲ ਰਵਾਨਾ ਹੋਈਆਂ। ਸਬੰਧਤ ਅਫਸਰ ਵੀ ਨਾਲ ਸਨ। ਵਾਹਗਾ ਦੇ ਬਾਰਡਰ ਉਤੇ ਦੋਹਾਂ ਪਾਸੇ ਸੁਪਰਡੈਂਟ ਇਕ ਦੂਜੇ ਨੂੰ ਮਿਲੇ ਅਤੇ ਮੁਢਲੀ ਕਾਰਵਾਈ ਮੁੱਕਣ ਪਿਛੋਂ ਤਬਾਦਲਾ ਸ਼ੁਰੂ ਹੋ ਗਿਆ, ਜੋ ਰਾਤ ਭਰ ਜਾਰੀ ਰਿਹਾ।

ਪਾਗਲਾਂ ਨੂੰ ਲਾਰੀਆਂ 'ਚੋਂ ਕੱਢਣਾ ਅਤੇ ਦੂਜੇ ਅਫਸਰਾਂ ਦੇ ਹਵਾਲੇ ਕਰਨਾ ਬੜਾ ਔਖਾ ਕੰਮ ਸੀ। ਕਈ ਤਾਂ ਬਾਹਰ ਨਿਕਲਦੇ ਹੀ ਨਹੀਂ ਸੀ, ਜੋ ਨਿਕਲਣ ਲਈ ਰਜ਼ਾਮੰਦ ਹੁੰਦੇ ਸਨ, ਉਨ੍ਹਾਂ ਨੂੰ ਸੰਭਾਲਣਾ ਮੁਸ਼ਕਿਲ ਹੋ ਜਾਂਦਾ ਸੀ ਕਿਉਂਕਿ ਉਹ ਇਧਰ-ਉਧਰ ਭੱਜ ਉਠਦੇ ਸਨ, ਜੋ ਨੰਗੇ ਸਨ, ਉਨ੍ਹਾਂ ਨੂੰ ਕੱਪੜੇ ਪੁਆਏ ਜਾਂਦੇ ਤਾਂ ਉਹ ਉਨ੍ਹਾਂ ਨੂੰ ਪਾੜ ਕੇ ਆਪਣੇ ਬਦਨ ਤੋਂ ਲਾਹ ਸੁੱਟਦੇ - ਕੋਈ ਗਾਲ੍ਹਾਂ ਕੱਢ ਰਿਹਾ ਹੈ... ਕੋਈ ਗਾ ਰਿਹਾ ਹੈ... ਕੁੱਝ ਆਪਸ ਵਿਚ ਝਗੜ ਰਹੇ ਨੇ, ਵਿਲਕ ਰਹੇ ਨੇ। ਕੰਨ ਪਈ ਆਵਾਜ਼ ਸੁਣਾਈ ਨਹੀਂ ਦਿੰਦੀ ਸੀ- ਪਾਗਲ ਔਰਤਾਂ ਦਾ ਸ਼ੋਰ ਸ਼ਰਾਬਾ ਸੀ ਅਤੇ ਠੰਢ ਏਨੀ ਸਖ਼ਤ ਸੀ ਕਿ ਦੰਦ ਵੱਜ ਰਹੇ ਸਨ।

ਪਾਗਲਾਂ ਦੀ ਬਹੁ-ਗਿਣਤੀ ਇਸ ਬਟਵਾਰੇ ਦੇ ਹੱਕ ਵਿਚ ਨਹੀਂ ਸੀ, ਇਸ ਵਾਸਤੇ ਕਿ ਉਨ੍ਹਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਨ੍ਹਾਂ ਨੂੰ ਆਪਦੀ ਜਗ੍ਹਾ ਤੋਂ ਪੁੱਟ ਕੇ ਕਿੱਥੇ ਸੁਟਿਆ ਜਾ ਰਿਹਾ ਹੈ, ਉਹ ਥੋੜ੍ਹੇ ਜਿਹੇ ਜੋ ਕੁੱਝ ਸੋਚ ਸਮਝ ਸਕਦੇ ਸਨ, 'ਪਕਿਸਤਾਨ ਜ਼ਿੰਦਾਬਾਦ-ਪਾਕਿਸਤਾਨ ਮੁਰਦਾ-ਬਾਦ' ਦੇ ਨਾਅਰੇ ਲਾ ਰਹੇ ਸਨ, ਦੋ ਤਿੰਨ ਵਾਰ ਫਸਾਦ ਹੁੰਦਾ-ਹੁੰਦਾ ਬਚਿਆ, ਕਿਉਂਕਿ ਕਈ ਮੁਲਸਮਾਨ ਅਤੇ ਸਿੱਖਾਂ ਨੂੰ ਇਹ ਨਾਅਰੇ ਸੁਣ ਕੇ ਤੈਸ਼ ਆ ਗਿਆ ਸੀ।

ਜਦ ਬਿਸ਼ਨ ਸਿੰਘ ਦੀ ਵਾਰੀ ਆਈ ਅਤੇ ਵਾਹਗਾ ਦੇ ਉਸ ਪਾਰ ਸਬੰਧਿਤ ਅਫਸਰ ਉਹਦਾ ਨਾਂ ਰਜਿਸਟਰ ਵਿਚ ਦਰਜ ਕਰਨ ਲੱਗਾ ਤਾਂ ਉਸ ਨੇ ਪੁਛਿਆ "ਟੋਬਾ ਟੇਕ ਸਿੰਘ ਕਿੱਥੇ ਐ...?'' ਪਾਕਿਸਤਾਨ ਵਿਚ ਜਾਂ ਹਿੰਦੁਸਤਾਨ ਵਿਚ...?''

ਸਬੰਧਤ ਅਫਸਰ ਹੱਸਿਆ, "ਪਾਕਿਸਤਾਨ ਵਿਚ...।''

ਇਹ ਸੁਣ ਕੇ ਬਿਸ਼ਨ ਸਿੰਘ ਉਛਲ ਕੇ ਇਕ ਪਾਸੇ ਹਟਿਆ ਅਤੇ ਦੌੜ ਕੇ ਆਪਣੇ ਬਾਕੀ ਸਾਥੀਆਂ ਕੋਲ ਪੁੱਜ ਗਿਆ। ਪਾਕਿਸਤਾਨੀ ਸਿਪਾਹੀਆਂ ਨੇ ਉਸ ਨੂੰ ਫੜ ਲਿਆ ਅਤੇ ਦੂਜੇ ਪਾਸੇ ਲਿਜਾਣ ਲੱਗੇ ਪਰ ਉਹਨੇ ਜਾਣ ਤੋਂ ਇਨਕਾਰ ਕਰ ਦਿਤਾ, "ਟੋਬਾ ਟੇਕ ਸਿੰਘ ਇਥੇ ਐ...।'' ਅਤੇ ਜ਼ੋਰ ਜ਼ੋਰ ਨਾਲ ਚਿਲਾਉਣ ਲਗਿਆ, "ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਟੋਬਾ ਟੇਕ ਸਿੰਘ ਐਂਡ ਪਾਕਿਸਤਾਨ.....।''

ਉਹਨੂੰ ਬਹੁਤ ਸਮਝਾਇਆ ਗਿਆ ਕਿ ਦੇਖੋ, ਹੁਣ ਟੋਬਾ ਟੇਕ ਸਿੰਘ ਹਿੰਦੁਸਤਾਨ ਵਿਚ ਚਲਿਆ ਗਿਆ ਹੈ....। ਜੇ ਨਹੀਂ ਗਿਆ ਤਾਂ ਬਹੁਤ ਜਲਦੀ ਭੇਜ ਦਿਤਾ ਜਾਵੇਗਾ, ਪਰ ਉਹ ਨਾ ਮੰਨਿਆ। ਜਦੋਂ ਉਹਨੂੰ ਜ਼ਬਰਦਸਤੀ ਦੂਜੇ ਪਾਸੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਵਿਚਕਾਰ ਇਕ ਥਾਂ ਇਸ ਢੰਗ ਨਾਲ ਆਪਣੀਆਂ ਸੁੱਜੀਆਂ ਹੋਈਆਂ ਟੰਗਾਂ ਉਤੇ ਖੜਾ ਹੋ ਗਿਆ ਜਿਵੇਂ ਉਹਨੂੰ ਹੁਣ ਕੋਈ ਤਾਕਤ ਹਿਲਾ ਨਹੀਂ ਸਕੇਗੀ....। ਆਦਮੀ ਨਿਡਰ ਸੀ, ਇਸ ਲਈ ਉਹਦੇ ਨਾਲ ਕੋਈ ਜ਼ਿਆਦਾ ਜ਼ਬਰਦਸਤੀ ਨਾ ਕੀਤੀ ਗਈ, ਉਹਨੂੰ ਉਥੇ ਈ ਖੜਾ ਰਹਿਣ ਦਿਤਾ ਗਿਆ ਅਤੇ ਤਬਾਦਲੇ ਦਾ ਬਾਕੀ ਕੰਮ ਹੁੰਦਾ ਰਿਹਾ।

ਸੂਰਜ ਨਿਕਲਣ ਤੋਂ ਪਹਿਲਾਂ ਚੁੱਪ-ਚਪੀਤੇ ਬਿਸ਼ਨ ਸਿੰਘ ਦੇ ਹਲਕ ਵਿਚੋਂ ਇਕ ਅਸਮਾਨ ਨੂੰ ਚੀਰਦੀ ਚੀਕ ਨਿਕਲੀ। ਇਧਰ-ਉਧਰ ਕਈ ਅਫਸਰ ਭੱਜੇ ਆਏ ਅਤੇ ਉਨ੍ਹਾਂ ਨੇ ਦੇਖਿਆ ਕਿ ਉਹ ਆਦਮੀ ਜੋ ਪੰਦਰਾਂ ਵਰ੍ਹਿਆਂ ਤਕ ਦਿਨ ਰਾਤ ਆਪਣੀਆਂ ਟੰਗਾਂ ਉਤੇ ਖੜਾ ਰਿਹਾ ਸੀ, ਮੂਧੇ ਮੂੰਹ ਪਿਆ ਸੀ। ਉਧਰ ਕੰਡਿਆਲੀਆਂ ਤਾਰਾਂ ਦੇ ਪਿੱਛੇ ਹਿੰਦੁਸਤਾਨ ਸੀ, ਇਧਰ ਇਹੋ ਜਿਹੀਆਂ ਤਾਰਾਂ ਦੇ ਪਿੱਛੇ ਪਾਕਿਸਤਾਨ, ਵਿਚਕਾਰ ਜ਼ਮੀਨ ਦੇ ਉਸ ਟੁਕੜੇ ਉਤੇ ਜਿਸ ਦਾ ਕੋਈ ਨਾਂ ਨਹੀਂ ਸੀ, ਟੋਬਾ ਟੇਕ ਸਿੰਘ ਪਿਆ ਸੀ।

---

ਗੁਰਮੁੱਖ ਸਿੰਘ ਮੁਸਾਫਰ ਦੀ ਸ਼ਾਹਕਾਰ ਕਹਾਣੀ

# ਆਲ੍ਹਣੇ ਦੇ ਬੋਟ



**ਭਾਰਤ ਦੇ ਕੌਮੀ ਮੁਕਤੀ ਅੰਦੋਲਨ ਦੌਰਾਨ ਪੰਜਾਬੀ ਭਾਸ਼ਾ ਵਿਚ ਕਹਾਣੀ ਦੀ ਵਿਧਾ ਅਜੇ ਜ਼ਿਆਦਾ ਵਿਕਸਿਤ ਨਹੀਂ ਸੀ ਹੋਈ, ਇਸ ਲਈ ਉਸ ਵੇਲੇ ਦੇ ਪੰਜਾਬੀ ਜੀਵਨ ਯਥਾਰਥ ਦਾ ਕਹਾਣੀ ਵਿਚ ਬਹੁਤ ਘੱਟ ਪ੍ਰਗਟਾਵਾ ਮਿਲਿਆ ਹੈ, ਕੇਵਲ ਗੁਰਮੁੱਖ ਸਿੰਘ ਮੁਸਾਫਿਰ ਨੇ ਹੀ ਕੁਝ ਅਜਿਹੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦੇ ਪੰਜਾਬੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਾ ਹਿਰਦੇਵੇਧਕ ਵਰਨਣ ਮਿਲਦਾ ਹੈ। ਮੁਸਾਫਿਰ ਜੀ ਦੀ ਇਕ ਕਹਾਣੀ 'ਆਲ੍ਹਣੇ ਦੇ ਬੋਟ' ਦਾ ਪ੍ਰਕਾਸ਼ਨ ਅਸੀਂ ਦੇਸ਼ ਦੀ ਆਜ਼ਾਦੀ ਦੇ ਅਵਸਰ 'ਤੇ ਉਨ੍ਹਾਂ ਪਰਿਵਾਰਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਵਜੋਂ ਕਰ ਰਹੇ ਹਨ, ਜਿਨ੍ਹਾਂ ਦੀ ਬੇਮਿਸਾਲ ਕੁਰਬਾਨੀ ਦੀ ਭਾਵਨਾ ਅੱਗੇ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। -- ਸੰਪਾਦਕ**

ਸੰਨ 1942, ਅਗਸਤ, ਜਦ ਪੁਲਿਸ ਉਸ ਨੂੰ ਫੜਨ ਆਈ, ਉਸ ਦੀ ਘਰਵਾਲੀ ਦਾ ਦਿਲ ਧੜਕਿਆ, ਕਨ ਖੜੋ ਗਏ। ਉਹ ਆਪ ਲਿਖਣ ਕਮਰੇ ਵਿਚ ਸੀ। ਜੇ ਸੰਭਵ ਹੋ ਸਕਦਾ, ਤਾਂ ਉਸ ਦੀ ਘਰ ਵਾਲੀ ਉਸ ਨੂੰ ਕਿਸੇ ਅਣਲੱਭ ਥਾਂ 'ਤੇ ਲੁਕਾ ਦਿੰਦੀ। ਜੇ ਉਹ ਜਾਦੂ ਵਿਦਿਆ ਜਾਣਦੀ ਹੋਵੇ ਤਾਂ ਘੱਟੋ ਘੱਟ ਇਕ ਹਫਤੇ ਲਈ ਜ਼ਰੂਰ ਐਸਾ ਜਾਦੂ ਲਾ ਲਵੇ ਕਿ ਉਸ ਦੇ ਪਤੀ ਨੂੰ ਪੁਲਿਸ ਦੀਆਂ ਅੱਖਾਂ ਨਾ ਵੇਖ ਸਕਣ, ਪਰ ਉਹ ਆਪ ਵੇਖਦੀ ਰਹੇ।

ਹਥਕੜੀਆਂ ਦੀ ਛਣਕਾਰ ਤੇ ਪੁਲਸੀ ਬੂਟਾਂ ਦੀ ਖੜਖੜਾਹਟ ਤੋਂ ਤਾਂ ਉਸ ਦੀ ਘਰਵਾਲੀ ਦੇ ਕੰਨ ਪੁਰਣੇ ਜਾਣੂ ਸਨ। ਅਜੇ ਪਿਛਲੇ ਸਾਲ ਇਸ ਨੇ ਆਪ ਉਸ ਨੂੰ ਫੁੱਲਾਂ ਦੇ ਹਾਰ ਪਾ ਕੇ ਪੁਲਿਸ ਨਾਲ ਖੁਸ਼ੀ ਖੁਸ਼ੀ ਤੋਰਿਆ ਸੀ। ਇਸ ਤੋਂ ਪਹਿਲਾਂ ਵੀ ਕਈ ਵੇਰਾਂ। ਅੱਜ ਇਹ ਧੜਕਣ ਤੇ ਸਾਤਾ ਭਰ ਹੋਰ ਆਪਣੇ ਪਾਸ ਰਖਣ ਦੀ ਭਟਕਣ ਕਿਉਂ? ਗੱਲ ਇਹ ਹੈ ਕਿ ਇਨ੍ਹਾਂ ਦੀ ਵੱਡੀ ਲੜਕੀ ਦੋ ਮਹੀਨਿਆਂ ਤੋਂ ਬਿਮਾਰ ਹੈ। 21 ਅਗਸਤ ਨੂੰ ਇਸ ਦਾ ਬੁਖ਼ਾਰ 104 ਦਰਜੇ ਸੀ ਤੇ ਅੱਜ ਅਚਾਨਕ ਟੁੱਟ ਗਿਆ ਹੈ। ਉਹ ਲੜਕੀ ਨੂੰ ਬਿਮਾਰੀ ਵਿਚ ਹੀ ਛੱਡ ਦੇ ਬੰਬਈ ਸਰਬ ਹਿੰਦ ਕਾਂਗਰਸ ਦੀ ਮੀਟਿੰਗ 'ਤੇ ਚਲਾ ਗਿਆ ਸੀ। ਉਸੇ 9 ਅਗਸਤ ਵਾਲੀ ਮੀਟਿੰਗ ਵਿਚ ਜਿਸ ਨੇ 'ਹਿੰਦੁਸਤਾਨ ਛੱਡ ਦਿਉ' ਵਾਲਾ ਮਤਾ ਪਾਸ ਕੀਤਾ। ਅੱਜ ਉਸ ਦੀ ਘਰ ਵਾਲੀ ਦਾ ਖਿਆਲ ਸੀ ਕਿ ਜੇ ਇਹ ਹਫ਼ਤਾ ਭਰ ਹੋਰ ਘਰ ਰਹਿ ਜਾਏ ਤਾਂ ਸ਼ਾਇਦ ਬੀਮਾਰ ਲੜਕੀ ਦੇ ਮਨ 'ਤੇ ਚੰਗਾ ਅਸਰ ਪਵੇ। ਪਰ ਘਰ ਵਾਲੀ ਦੀ ਇਹ ਇੱਛਾ ਨਾ ਪੂਰੀ ਹੋਣੀ ਸੀ ਤੇ ਨਾ ਹੋਈ। ਇਸ ਤਰ੍ਹਾਂ ਦੀ ਇੱਛਾ ਤਾਂ ਉਦੋਂ ਵੀ ਕਦੀ ਪੂਰੀ ਨਹੀਂ ਸੀ ਹੋਈ, ਜਦ ਘਰ ਵਿਚ ਟਿਕ ਕੇ ਰਹਿਣਾ ਇਸ ਦੇ ਆਪਣੇ ਪਤੀ ਦੇ ਵਸ ਵਿਚ ਹੁੰਦਾ ਸੀ। ਥੋੜ੍ਹੇ ਚਿਰ ਵਿਚ ਹੀ ਮੁਹੱਲੇ ਵਾਲਿਆਂ ਨੇ ਵੇਖਿਆ ਕਿ ਉਸ ਦੀ ਘਰ ਵਾਲੀ ਉਦਾਸ ਜਿਹਾ ਹਾਸਾ ਹਸਦੀ ਫੁੱਲਾਂ ਦੇ ਹਾਰ ਉਸ ਦੇ ਗਲ ਵਿਚ ਪਾ ਰਹੀ ਹੈ। ਪੁਲਿਸ ਨਾਲ ਟਾਂਗੇ ਵਿਚ ਬਹਿਣ ਲਗਿਆਂ ਉਹਦੇ ਕੰਨਾਂ ਨੇ ਸੁਣਿਆ, "ਬੜੀ ਕੁਰਬਾਨੀ ਹੈ, ਨਿੱਕੇ ਨਿੱਕੇ ਬਾਲ ਬੱਚੇ ਹਨ।'' ਭੀੜ ਨੂੰ ਸੰਬੋਧਨ ਕਰ ਕੇ ਉਹਨੇ ਉਹੀ ਪਿਛਲੇ ਸਾਲ ਵਾਲੇ ਸ਼ਬਦ ਦੁਹਰਾਏ, "ਕੁਰਬਾਨੀ ਕਿਸ ਦੀ? ਜੀਂਦੀ ਰਹੇ ਮੇਰੇ ਬੱਚਿਆਂ ਦੀ ਮਾਂ।''

ਚਿੱਠੀਆਂ, ਤਾਰਾਂ, ਮੁਲਾਕਾਤਾਂ ਸਭ ਬੰਦ ਹਨ। ਇਨ੍ਹਾਂ ਗੱਲਾਂ ਬਾਰੇ 1922 ਵਿਚ ਜੇਲ੍ਹ ਵਿਚ ਏਨੀਆਂ ਪਾਬੰਦੀਆਂ ਨਹੀਂ ਸਨ। ਸ਼ਾਹਪੁਰ ਜੇਲ ਵਿਚ ਜਦ ਵੀ ਕੋਈ ਨਵਾਂ ਕੈਦੀ ਆਉਂਦਾ ਹੈ, ਸਾਰੇ ਉਸ ਦੇ ਦੁਆਲੇ ਹੋ ਜਾਂਦੇ ਹਨ। ਪੰਜਾਬ ਭਰ ਦੇ ਲਗਭਗ ਸਾਰੇ ਮੁਖੀ ਕਾਂਗਰਸੀ ਇਸ ਵੇਲੇ ਇਸੇ ਜੇਲ ਵਿਚ ਹਨ। ਇਸੇ ਸੰਨ 1942 ਦੇ ਦਸੰਬਰ ਦੀ ਕੋਈ ਤਰੀਕ ਹੈ, ਮੁਨਸ਼ੀ ਹਰੀ ਲਾਲ ਲਾਹੌਰ ਹਾਈ ਕੋਰਟ ਵਿਚ ਕਿਸੇ ਹੋਰ ਮੁਕੱਦਮੇ ਦੀ ਤਰੀਕ ਭੁਗਤ ਕੇ ਵਾਪਸ ਸ਼ਾਹਪੁਰ ਜੇਲ ਵਿਚ ਆਏ, "ਆਪ ਦੇ ਪਿਤਾ ਜੀ ਦਾ ਬੜਾ ਅਫੋਸਸ ਹੈ,'' ਮੁਨਸ਼ੀ ਜੀ ਦੇ ਮੂੰਹੋਂ ਇਹ ਲਫ਼ਜ਼ ਸੁਣ ਕੇ ਉਹ ਹੱਕਾ ਬੱਕਾ ਜਿਹਾ ਹੋ ਗਿਆ। "ਤੁਹਾਨੂੰ ਨਹੀਂ ਪਤਾ?'' ਕੋਈ ਉਤਰ ਨਾ ਸੁਣ ਕੇ ਮੁਨਸ਼ੀ ਜੀ ਨੇ ਕਿਹਾ, "ਉਨ੍ਹਾਂ ਨੂੰ ਤਾਂ ਚੋਖੇ ਦਿਨ ਹੋ ਗਏ ਹਨ।'' ਉਸ ਦੀ ਚੀਸ ਨਿਕਲ ਗਈ। ਪਰ ਉਹ ਆਲਾ ਦੁਆਲੇ ਵੇਖ ਕੇ ਦੂਜੇ ਪਲ ਹੀ ਗੰਭੀਰ ਹੋ ਗਿਆ। "ਵੇਖੋ ਜੀ ਤਬੀਅਤ ਦਾ ਬੇ-ਫਿਕਰਾ ਤੇ ਲਾ ਪ੍ਰਵਾਹ ਜਿਹਾ ਹੁੰਦਿਆਂ ਵੀ ਵੱਡੀ ਲੜਕੀ ਦੀ ਕੋਈ ਖ਼ਬਰ ਨਾ ਮਿਲਣ ਕਰ ਕੇ, ਸ਼ੁਰੂ ਵਿਚ ਕੁੱਝ ਬੇਚੈਨ ਸੀ, ਹੁਣ ਨਵੀਂ ਬਿਪਤਾ ਆ ਪਈ ਸੂ।'' ਇਕ ਸਾਥੀ ਦੀ ਇਹ ਗੱਲ ਸੁਣ ਕੇ ਉਸ ਦੇ ਬਹੁਤ ਨੇੜੇ ਦੇ ਦੂਜੇ ਸਾਥੀ ਨੇ ਕਿਹਾ, "ਪਿਤਾ ਜੀ ਦਾ ਇਸ ਨੂੰ ਬੜਾ ਅਸਰਾ ਸੀ, ਇਸ ਦੀ ਗੈਰ ਹਾਜ਼ਰੀ ਵਿਚ ਇਸ ਦੀ ਘਰ ਵਾਲੀ ਬੱਚਿਆਂ ਨੂੰ ਨਾਲ ਲੈ ਕੇ ਪਿੰਡ ਜਾ ਬੈਠਦੀ ਤੇ ਘਰ ਦੇ ਦਾਣਿਆਂ ਤੇ ਟੁਕ ਟੇਰਾ ਟੋਰ ਲੈਂਦੀ ਸੀ। ਹੁਣ ਉਹ ਸਾਂਝ ਵੀ ਮੁੱਕ ਗਈ।'' ਸਾਥੀ ਉਸ ਦੇ ਆਲੇ ਦੁਆਲੇ ਇਕੱਠੇ ਹੋ ਕੇ ਇਸ ਤਰ੍ਹਾਂ ਦੀ ਚਰਚਾ ਕਰਨ ਲੱਗ ਪਏ ਪਰ ਉਸ ਦਾ ਮਨ ਇਕਾਂਤ ਚਾਹੁੰਦਾ ਸੀ। ਰਾਤ ਦੇਰ ਤਕ ਉਸ ਦੀ ਕੋਠੜੀ ਵਿਚ ਲੈਂਪ ਜਗਦੀ ਰਹੀ। ਸਵੇਰੇ ਕਿਸੇ ਤਰ੍ਹਾਂ ਜੇਲ ਦੇ ਦਫ਼ਤਰੋਂ ਗੱਲ ਨਿਕਲੀ ਕਿ ਉਸ ਦੇ ਪਿਤਾ ਜੀ ਦੀ ਬੀਮਾਰੀ ਤੇ ਫਿਰ ਗੁਜ਼ਰ ਜਾਣ ਦੀਆਂ ਤਾਰਾਂ ਆਈਆ ਸਨ ਪਰ ਕਿਸੇ ਨੇ ਅੰਦਰ ਦਸਿਆ ਨਹੀਂ। "ਇਥੋਂ ਪਤਾ ਲੱਗਦਾ ਹੈ ਨਾ, ਕਿ ਕੈਦ ਫਿਰ ਵੀ ਕੈਦ ਹੀ ਹੈ।'' ਇਕ ਦੀ ਗੱਲ ਸੁਣ ਕੇ ਦੂਜੇ ਕਿਹਾ, "ਹੋਰ ਅੰਦਰ ਦੁੱਖ ਕੀ ਹੈ?'' ਉਸ ਦੇ ਮਨ ਵਿਚ ਬੜੀ ਦੇਰ ਇਹ ਜਾਣਨ ਦੀ ਚਾਹ ਬਣੀ ਰਹੀ ਕਿ ਪਿਤਾ ਜੀ ਕਿਥੇ ਤੇ ਕਿਸ ਬੀਮਾਰੀ ਨਾਲ ਗੁਜ਼ਰੇ ਹਨ, ਕੋਈ ਦਾਰੂ ਦਰਮਲ ਵੀ ਹੋਇਆ ਕਿ ਨਹੀਂ, ਇਕ ਸਾਥੀ ਕੈਦੀ ਦੇ ਪੁੱਛਣ 'ਤੇ ਕਿ ਕੀ ਆਪ ਦੇ ਮਾਤਾ ਜੀ ਜ਼ਿੰਦਾ ਹਨ, ਉਸ ਨੇ ਠੰਢਾ ਹਉਕਾ ਭਰ ਕੇ ਕਿਹਾ, "ਮੇਰੇ ਪਿਤਾ ਹੀ ਮੇਰੇ ਮਾਤਾ ਸੀ।''

ਸ਼ਾਹਪੁਰ ਜੇਲ ਦੇ ਰਾਜਸੀ ਨਜ਼ਰਬੰਦਾਂ ਨੂੰ ਸਿਆਲਕੋਟ, ਮੀਆਂਵਾਲੀ ਤੇ ਮੁਲਤਾਨ ਆਦਿ ਜੇਲਾਂ ਵਿਚ ਬਦਲਣ ਦੇ ਆਰਡਰ ਹੋ ਗਏ। ਸਿਆਲਕੋਟ ਜਾਣ ਵਾਲੇ ਕੈਦੀਆਂ ਦੀ ਗੱਡੀ ਵਜ਼ੀਰਾਬਾਦ ਸਟੇਸ਼ਨ 'ਤੇ ਪੁੱਜੀ। ਪਲੇਟਫਾਰਮ ਦੇ ਦੂਜੇ ਬੰਨਿਉਂ ਕੈਦੀਆਂ ਦੀਆਂ ਬਾਰੀਆਂ ਵਿਚ ਝਾਤੀਆਂ ਪੈਣੀਆਂ ਸ਼ੁਰੂ ਹੋ ਗਈਆਂ। ਰਾਖੇ ਪੁਲਿਸੀਆਂ ਦੇ ਮੂੰਹੋਂ "ਓਏ ਓਏ'' ਦੀਆਂ ਆਵਾਜ਼ਾਂ ਵੀ ਆ ਰਹੀਆਂ ਹਨ। ਇਕ ਸਾਉਂਲੇ ਜਿਹੇ ਰੰਗ ਦੇ ਖੁਸ਼ਪੋਸ਼ ਨੌਜਵਾਨ ਨੇ ਉਸ ਦੇ ਡੱਬੇ ਦੀ ਬਾਰੀ 'ਚੋਂ ਅੰਦਰ ਝਾਕਿਆ, ਉਹ ਬਾਰੀ ਦੇ ਨਾਲ ਹੀ ਬੈਠਾ ਸੀ। ਕੁੱਝ ਚਿਰ ਅੱਖਾਂ ਨੇ ਹੀ ਜ਼ੁਬਾਨ ਦਾ ਵੀ ਕੰਮ ਕੀਤਾ, ਅਖੀਰ ਬਾਹਰੋਂ ਆਏ ਨੌਜਵਾਨ ਵਿਚ ਚੁੱਪ ਤੋੜਨ ਦੀ ਸੱਤਾ ਆਈ। ਇਉਂ ਜਾਪਿਆ, ਜਿਵੇਂ ਕਿਸੇ ਗੰਭੀਰ ਅਦਾਲਤ ਦੇ ਸਾਹਮਣੇ ਕਿਸੇ ਗਵਾਹ ਜਾਂ ਮੁਲਜ਼ਮ ਦੇ ਬਿਆਨ ਹੋ ਰਹੇ ਹੋਣ। ਪਿਤਾ ਜੀ ਦੀ ਬੀਮਾਰੀ ਦੀ ਤਾਰ ਮੈਨੂੰ ਲਾਹੌਰ ਮਿਲੀ, ਹਾਲਤ ਉਨ੍ਹਾਂ ਦੀ ਯਕਲਖਤ ਇੰਨੀ ਖ਼ਰਾਬ ਹੋ ਗਈ ਕਿ ਪਿੰਡ ਵਿਚ ਕੋਈ ਇਲਾਜ ਨਹੀਂ ਸੀ ਹੋ ਸਕਦਾ ਤੇ ਸ਼ਹਿਰ ਤਕ ਲਿਆਉਣਾ ਔਖਾ ਦਿਸਦਾ ਸੀ। ਅਖ਼ੀਰ ਮੈਂ ਉਨ੍ਹਾਂ ਨੂੰ ਲਾਹੌਰ ਲੈ ਆਇਆ। ਉਨ੍ਹਾਂ ਨੂੰ ਜਦ ਹੋਸ਼ ਆਵੇ, ਉਹ ਕਹਿਣ, "ਸ਼ਾਹਪੁਰ ਲੈ ਚਲੋ, ਜਾਂ ਉਸ ਨੂੰ ਬੁਲਾਓ।'' ਇਲਾਜ ਵਿਚ ਅਸਾਂ ਕਸਰ ਨਹੀਂ ਛੱਡੀ, ਪਰ ਤੁਹਾਨੂੰ ਅਸੀਂ ਕਿਥੋਂ ਪੈਦਾ ਕਰਦੇ। ਸਾਡੀਆਂ ਤਾਰਾ ਚਿੱਠੀਆਂ ਦਾ ਸਰਕਾਰ ਵਲੋਂ ਕੋਈ ਉਤਰ ਨਾ ਮਿਲਿਆ। ਤੁਹਾਡੀ ਬਾਬਤ ਅੰਤਲੇ ਸੁਆਸ ਦਿੰਦਿਆਂ ਪਿਤਾ ਜੀ ਦੇ ਸੁੱਕਦੇ ਬੁੱਲ੍ਹਾਂ 'ਤੇ ਇਹ ਸ਼ਬਦ ਸਨ, "ਹੱਛਾ! ਜੇ ਉਹ ਮੈਨੂੰ ਨਹੀਂ ਮਿਲ ਸਕਦਾ ਤਾਂ ਮੇਰੀਆਂ ਹੱਡੀਆਂ ਉਸ ਦੇ ਆਉਣ ਤਕ ਸੰਭਾਲ ਰਖਣੀਆਂ।'' ਇਹ ਆਖਰੀ ਲਫਜ ਅਜੇ ਨੌਜਵਾਨ ਦੇ ਮੂੰਹ ਵਿਚ ਹੀ ਸਨ ਕਿ ਇਕ ਪੁਲਿਸ ਅਫ਼ਸਰ ਨੇ ਬਾਹੋਂ ਫੜ ਕੇ ਉਸ ਨੂੰ ਡੱਬੇ ਦੀ ਬਾਰੀ ਨਾਲੋਂ ਪਿੱਛੇ ਹਟਾ ਦਿਤਾ। ਗੱਡੀ ਪਲੇਟਫਾਰਮ ਤੋਂ ਨਿਕਲ ਜਾਣ ਤਕ ਉਹ ਦੋਵੇਂ ਇਕ ਦੂਜੇ ਨੂੰ ਚੁਪਚਾਪ ਵੇਖਦੇ ਰਹੇ।

"ਵੱਡੀ ਲੜਕੀ ਫਿਰ ਬੀਮਾਰ ਹੋ ਗਈ ਹੈ, ਆਪ ਤੋਂ ਛੋਟਾ ਉਸ ਨੂੰ ਲਾਹੌਰ ਲੈ ਗਿਆ ਸੀ। ਡਾ. ਵਿਗ ਨੇ ਵੇਖ ਚਾਖ ਕੇ ਠੰਢੀ ਜਗ੍ਹਾ 'ਤੇ ਲੈ ਜਾਣ ਦੀ ਸਲਾਹ ਦਿਤੀ ਤੇ ਨਾਲ ਹੀ ਮੰਜੇ 'ਤੇ ਪਏ ਰਹਿਣ ਲਈ ਕਿਹਾ ਹੈ। ਗਰਮੀ ਇਥੇ ਸਖਤ ਹੋ ਗਈ ਹੈ। ਉਹ ਕੋਠੇ 'ਤੇ ਚੜ੍ਹ ਨਹੀਂ ਸਕਦੀ, ਇਸ ਲਈ ਮੈਨੂੰ ਵੀ ਥੱਲੇ ਹੀ ਉਸ ਨਾਲ ਪੈਣਾ ਪੈਂਦਾ ਹੈ। ਇਕ ਦੇਸੀ ਹਕੀਮ ਦੀ ਦਵਾਈ ਵਰਤ ਰਹੇ ਹਾਂ।'' ਚਿੱਠੀਆਂ ਖੁਲ੍ਹ ਜਾਣ ਪਿਛੋਂ ਸਿਆ-ਸਲਕੋਟ ਜੇਲ ਵਿਚ ਉਸ ਨੂੰ ਘਰ ਵਾਲੀ ਦੀ ਇਹ ਪਹਿਲੀ ਚਿੱਠੀ ਮਿਲੀ। ਥੋੜ੍ਹੇ ਚਿਰ ਪਿਛੋਂ ਇਕ ਹੋਰ ਚਿੱਠੀ ਆਈ, "ਵੱਡੇ ਤੋਂ ਨਿੱਕਾ ਦਰਖੱਤ ਤੋਂ ਡਿੱਗਾ ਹੈ, ਉਸ ਦੀਆਂ ਦੋਵੇਂ ਬਾਹਾਂ ਟੁੱਟ ਗਈਆਂ ਜਾਪਦੀਆਂ ਹਨ, ਡਾਕਟਰ ਕਿਸੇ ਨੂੰ ਸਮਝ ਨਹੀਂ ਆਉਂਦੀ, ਗੁਜਰਾਤ ਦੇ ਜ਼ਿਲ੍ਹੇ ਵਿਚ ਇਕ ਸਿਆਣਾ ਦਸਦੇ ਹਨ, ਪਰ ਮੇਰੇ ਉਥੇ ਜਾਵੇ ਕੌਣ। ਵੱਡਾ ਬੀ.ਏ. ਦਾ ਇਮਤਿਹਾਨ ਦੇ ਕੇ ਬੰਬਈ ਚਲਾ ਗਿਆ ਹੈ, ਕੋਈ ਕੰਮ ਢੂੰਡੇਗਾ, ਇਸ ਤੋਂ ਬਿਨਾਂ ਹੁਣ ਰੋਟੀ ਟੁਰਨੀ ਔਖੀ ਦਿਸਦੀ ਹੈ। ਪਿਤਾ ਜੀ ਦੇ ਹੁੰਦਿਆਂ ਹੋਰ ਗੱਲ ਸੀ।'' ਘਰ ਵਾਲੀ ਦੀ ਇਹ ਚਿੱਠੀ ਪੜ੍ਹ ਕੇ ਉਹ ਸੋਚੀਂ ਪਿਆ ਹੈ ਤੇ ਹਰ ਇਕ ਨਾਲ ਚਰਚਾ ਕਰਦਾ ਹੈ ਕਿ ਚਿੱਠੀਆਂ ਖੁਲ੍ਹ ਜਾਣ ਦਾ ਕੈਦੀਆਂ ਨੂੰ ਲਾਭ ਹੈ ਕਿ ਨੁਕਸਾਨ?

"ਵੱਡੀ ਤੋਂ ਨਿੱਕੀ ਨੇ ਪਹਿਲੇ ਦਰਜੇ ਵਿਚ ਦਸਵੀਂ ਪਾਸ ਕਰ ਲਈ ਹੈ। ਵੱਡੇ ਦਾ ਵੀ ਨਤੀਜਾ ਨਿਕਲ ਆਇਆ ਹੈ ਤੇ ਬੰਬਈ ਤੋਂ ਉਸ ਨੇ ਕੁੱਝ ਰੁਪਏ ਵੀ ਭੇਜੇ ਹਨ। ਵੱਡੀ ਤੋਂ ਨਿੱਕੀ ਨੂੰ ਐਫ.ਏ. ਵਿਚ ਦਾਖ਼ਲ ਕਰਵਾ ਦਿਤਾ ਹੈ। ਇਸ ਵੇਲੇ ਘਰ ਵਿਚ ਹੁਣ ਸੁੱਖ ਹੈ, ਵੱਡੀ ਵੀ ਹੁਣ ਵਲ ਹੈ, ਤਕਲੀਫ ਇਹ ਹੈ ਕਿ ਹੁਣ ਹਰ ਇਕ ਚੀਜ਼ ਮਹਿੰਗੀ ਹੋ ਗਈ ਹੈ। ਬਾਲਣ ਤੇ ਉੱਕਾ ਮਿਲਦਾ ਹੀ ਨਹੀਂ, ਮੈਨੂੰ ਇਤਨੇ ਧੰਦੇ ਹਨ ਕਿ ਪਲ ਭਰ ਤੱਲੀ ਟੇਕਣੀ ਨਹੀਂ ਮਿਲਦੀ, 'ਹੱਛਾ! ਤੁਸੀਂ ਬਾਹਰ ਦਾ ਕੋਈ ਫਿਰਕ ਨਾ ਕਰਨਾ।''

ਕੈਦੀਆਂ ਨੂੰ ਆਪਣੀ ਕੋਈ ਖ਼ਬਰ ਬਾਹਰ ਭੇਜਣ ਦੀ ਇਤਨੀ ਚਿੰਤਾ ਨਹੀਂ ਹੁੰਦੀ। ਹਾਂ, ਘਰ ਦੀਆਂ ਖ਼ਬਰਾਂ ਉਹ ਜ਼ਰੂਰ ਸੁਣਨਾ ਚਾਹੁੰਦੇ ਹਨ। ਇਸ ਉਪਰਲੀ ਚਿੱਠੀ ਤੋਂ ਦੋ ਮਹੀਨੇ ਪਿਛੋਂ ਕੋਈ ਖਤ ਪੱਤਰ ਨਾ ਆਇਆ। ਇਕ ਰਾਤ ਉਸ ਨੇ ਭੈੜਾ ਸੁਪਨਾ ਵੇਖਿਆ। ਅੱਜ ਕਲ ਉਸ ਦਾ ਪ੍ਰੋਗਰਾਮ ਇਹ ਹੈ। ਸਵੇਰੇ ਨਹਾ ਧੋ ਕੇ ਸਾਥੀ ਕੈਦੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਨਾਣੀ ਤੇ ਮਗਰੋਂ ਗੀਤਾ ਦੀ ਕਥਾ ਸੁਨਣੀ। ਅੱਜ ਇਹ ਪ੍ਰੋਗਰਾਮ ਪੂਰਾ ਹੋਣ ਪਿਛੋਂ ਜਦ ਇਹ ਆਪਣੀ ਕੋਠੜੀ ਵਿਚ ਪੁੱਜਾ ਤਾਂ ਕਿਤਾਬਾਂ ਦੇ ਉਤੇ ਇਕ ਚਿੱਠੀ ਪਈ ਸੀ, 'ਵੱਡੀ ਤੋਂ ਨਿਕੀ ਨੂੰ ਵੱਡਾ ਤਪ ਹੋ ਗਿਆ ਸੀ, ਵਿਚੇ ਨਮੂਨੀਆ। ਆਪ ਤੋਂ ਛੋਟਾ ਉਸ ਨੂੰ ਲਾਹੌਰ ਮਿਓ ਹਸਪਤਾਲ ਵਿਚ ਲੈ ਗਿਆ ਹੈ। ਸਭ ਤੋਂ ਨਿੱਕੀ ਦੇ ਗਲ ਵਿਚ ਫੋੜਾ ਹੋ ਗਿਆ ਹੈ, ਕਲ ਚੀਰਾ ਦਿਲਵਾਣਾ ਹੈ, ਛੋਟੂ ਤੇ ਭੀਚਾ ਦੋਵੇਂ ਬੁਖਾਰ ਨਾਲ ਬੀਮਾਰ ਹਨ। ਵੱਡੇ ਭਾਪਾ ਜੀ ਜਲੰਧਰ ਆਏ ਸਨ, ਉਹ ਅਚਾਨਕ ਇਥੇ ਆ ਗਏ। ਹੁਣ ਉਨ੍ਹਾਂ ਦਾ ਵਾਪਸ ਜਾਣਾ ਮੁਸ਼ਕਲ ਹੈ।'' ਇਸ ਚਿੱਠੀ ਦਾ ਜ਼ਿਕਰ ਉਸ ਨੇ ਕਿਸੇ ਨਾਲ ਨਾ ਕੀਤਾ। ਪਰ ਰੋਟੀ ਖਾਣ ਲਗਿਆਂ ਰਾਤ ਦੇ ਸੁਪਨੇ ਦੀ ਗੱਲ ਉਸ ਨੇ ਸਹਿਜ ਸੁਭਾਅ ਦਰਸ਼ਨ ਸਿੰਘ ਨੂੰ ਸੁਣਾਈ। ਇਸ ਗੱਲ ਤੋਂ ਕੋਈ ਚੌਥੇ ਜਾਂ ਪੰਜਵੇਂ ਰੋਜ਼ ਉਸ ਨੂੰ ਇਕ ਹੋਰ ਚਿੱਠੀ ਮਿਲੀ। ਇਹ ਚਿੱਠੀ ਪੜ੍ਹਨ ਤੋਂ ਪਹਿਲਾਂ ਉਸ ਨੇ ਲਿਫਾਫੇ ਤੋਂ ਮੋਹਰ ਪੜ੍ਹਨ ਦਾ ਯਤਨ ਕੀਤਾ, ਪਰ ਜੇਲ ਦੇ ਡਾਕ ਕਲਰਕ ਨੇ ਲਿਫਾਫਾ ਐਸੇ ਢੰਗ ਨਾਲ ਖੋਲ੍ਹਿਆ ਸੀ ਕਿ ਮੋਹਰ ਫਟ ਗਈ ਸੀ।

"ਵੱਡੀ ਤੋਂ ਨਿੱਕੀ ਦੀ ਖਤਰਨਾਕ ਬਿਮਾਰੀ ਨੇ ਸਾਰੇ ਘਰ ਵਿਚ ਘਬਰਾਹਟ ਪੈਦਾ ਕਰ ਦਿਤੀ ਹੈ। ਉਸ ਨੂੰ ਬੀਮਾਰੀ ਦਾ ਪਹਿਲਾਂ ਤੇ ਪਤਾ ਨਹੀਂ ਸੀ, ਪਰ ਮਿਓ ਹਸਪਤਾਲ ਦੇ ਤਪਦਿਕ ਵਾਰਡ ਵਿਚ ਦਾਖਲ ਹੋਣ ਲਗਿਆਂ ਉਸ ਨੇ ਸਾਈਨ ਬੋਰਡ ਪੜ੍ਹ ਲਿਆ। ਬਸ ਉਸ ਦੀਆਂ ਚੀਸਾਂ ਨਿਕਲ ਗਈਆਂ। ਭੀਚਾ ਵੀ ਬਹੁਤ ਲਚਾਰ ਹੈ। ਮੈਂ ਦੌਰੇ 'ਤੇ ਸਾਂ, ਟੈਲੀਫੂਨ ਗਿਆ ਤੇ ਮੈਂ ਆ ਗਿਆ। ਮੇਰੇ ਪੁੱਜਣ 'ਤੇ ਭੀਚੇ ਨੇ ਇਕ ਵਾਰ "ਭਾਪਾ ਜੀ'' ਕਿਹਾ, ਪਰ ਫੇਰ ਗੁੰਮ ਹੋ ਗਿਆ। ਉਂਜ ਅੱਜ ਅੱਠ

ਦਿਨਾਂ ਤੋਂ ਉਸ ਨੂੰ ਨੀਂਦ ਨਹੀਂ ਆਈ, ਨਾ ਹੀ ਭਾਬੀ ਨੂੰ ਸੌਣਾ ਮਿਲਿਆ ਹੈ। ਭੀਚੇ ਦੀ ਕਿਤਨੇ ਦਿਨਾਂ ਤੋਂ ਅੱਖ ਖੁਲ੍ਹੀ ਹੈ, ਪਰ ਜ਼ਬਾਨ ਬੰਦ ਹੈ, ਕਿਸੇ ਕਿਸੇ ਵੇਲੇ "ਭਾਪਾ ਜੀ, ਭਾਪਾ ਜੀ'' ਆਖਦਾ ਹੈ। ਭਾਬੀ ਤੇ ਬਿਲਕੁਲ ਹੱਡੀਆਂ ਦੀ ਮੁੱਠ ਰਹਿ ਗਈ ਹੈ। ਉਸ ਦੀ ਇਕ ਲੱਤ ਲਾਹੌਰ ਮਿਓ ਹਸਪਤਾਲ ਵਿਚ ਤੇ ਇਕ ਅੰਮ੍ਰਿਤਸਰ। ਅਸਲ ਵਿਚ ਭੀਚੇ ਦੇ ਵਧੀਕ ਬੀਮਾਰ ਹੋ ਜਾਣ ਦਾ ਕਾਰਨ ਵੀ ਇਹੋ ਹੈ ਕਿ ਭਾਬੀ ਇਧਰ ਲਾਹੌਰ ਮਿਓ ਹਸਪਤਾਲ ਵਿਚ ਦੌੜ ਭਜ ਕਰਦੀ ਰਹੀ ਤੇ ਬੀਮਾਰੀ ਦੀ ਹਾਲਤ ਵਿਚ ਭੀਚੇ ਦੀ ਪ੍ਰਵਾਹ ਨਹੀਂ ਹੋ ਸਕੀ। ਹੁਣ ਤੇ ਵਾਹਿਗੁਰੂ 'ਤੇ ਭਰੋਸਾ ਹੈ। ਵੱਡਾ ਬੰਬਈ ਤੋਂ ਡਿਗਰੀ ਲੈਣ ਆਇਆ ਸੀ ਪਰ ਘਰ ਵਿਚ ਬੀਮਾਰੀਆਂ ਹੋਣ ਕਰ ਕੇ ਵਾਪਸ ਨਹੀਂ ਜਾ ਸਕਿਆ। ਖੇਚਲ ਕਰ ਕੇ ਉਹ ਵੀ ਕੁੱਝ ਢਿੱਲਾ ਜਿਹਾ ਹੈ, ਪਰ ਮੈਨੂੰ ਬਹੁਤਾ ਫਿਕਰ ਭਾਬੀ ਦਾ ਹੈ। ਜੇ ਉਹ ਮੰਜੇ 'ਤੇ ਪੈ ਗਈ ਤਾਂ ਸਾਰਾ ਟੱਬਰ ਰੁਲ ਜਾਏਗਾ। ਖੈਰ ਜਿਸ ਤਰ੍ਹਾਂ ਵੀ ਹੋਇਆ ਅਸੀਂ ਕੱਟਾਂਗੇ, ਤੁਸੀਂ ਫਿਕਰ ਨਾ ਕਰੋ ਤੇ ਭਾਬੀ ਨੂੰ ਜ਼ਰੂਰ ਲਿਖ ਦਿਉ ਕਿ ਉਹ ਹੌਸਲਾ ਕਰੇ ਤੇ ਲਾਹੌਰ ਵੀ ਘੱਟ ਆਇਆ ਕਰੇ।

ਤੁਹਾਡਾ ਨਿੱਕਾ ਵੀਰ''

ਚਿੱਠੀ ਨੂੰ ਦੁਬਾਰਾ ਪੜ੍ਹ ਕੇ ਉਸ ਨੇ ਹੱਥੋਂ ਰੱਖ ਦਿਤੀ।

ਜੇਲ੍ਹ ਦੇ ਵੱਡੇ ਸਾਹਿਬ ਨੂੰ ਖੁਦ ਇਕ ਕਾਗਜ਼ ਦਾ ਪੁਰਜ਼ਾ ਚੁੱਕੀ ਹਸਦੇ ਹਸਦੇ ਕੋਠੀ ਨੰਬਰ ਅੱਠ ਵਲ ਆਉਂਦਿਆਂ ਕੈਦੀਆਂ ਨੇ ਵੇਖਿਆ, ਪਰ ਵਾਪਸ ਜਾਂਦਿਆਂ ਉਸ ਦੀਆਂ ਅੱਖਾਂ ਤਰ ਸਨ। ਇਹ 19 ਅਪ੍ਰੈਲ ਦਾ ਦਿਨ ਸੀ, ਸੰਨ 1944। ਸਰਕਾਰ ਪੰਜਾਬ ਦਾ ਆਰਡਰ ਇਹ ਸੀ ਕਿ ਉਹ ਆਪਣੇ ਬੱਚਿਆਂ ਦੀ ਬੀਮਾਰੀ ਦੇ ਕਾਰਨ ਪੰਜ ਪੰਜ ਸੌ ਦੇ ਦੋ ਜ਼ਮਾਨਤੀ ਦੇ ਕੇ ਰਿਹਾਅ ਹੋ ਸਕਦਾ ਹੈ, ਜੇ ਪ੍ਰਵਾਨ ਹੋਵੇ ਤਾਂ ਜ਼ਮਾਨਤੀਆਂ ਦੇ ਨਾਂ ਲਿਖ ਭੇਜੇ। ਵੱਡੇ ਸਾਹਿਬ ਨੂੰ ਇਹ ਖਿਆਲ ਤਕ ਵੀ ਨਹੀਂ ਸੀ ਕਿ ਉਹ ਅਜਿਹੀ ਹਾਲਤ ਵਿਚ ਵੀ ਪੈਰੋਲ 'ਤੇ ਜਾਣੋਂ ਨਾਂਹ ਕਰ ਦੇਵੇਗਾ। ਕਿਉਂਕਿ ਚਿੱਠੀਆਂ ਤੋਂ ਬਿਨਾਂ ਉਸ ਦੇ ਮਿਤਰ ਪਾਸੋਂ ਵੀ ਸਾਹਿਬ ਨੂੰ ਉਸ ਦੇ ਮੁੰਡੇ ਦੀ ਖ਼ਤਰਨਾਕ ਹਾਲਤ ਦਾ ਪਤਾ ਲੱਗ ਚੁੱਕਾ ਸੀ। ਇਹ ਮਿਤਰ ਦੋ ਦਿਨ ਹੋਏ, ਮੁਲਾਕਾਤ ਲਈ ਆਇਆ ਸੀ। ਪਰ ਮੁਲਾਕਾਤ ਨਹੀਂ ਸੀ ਹੋ ਸਕੀ। ਇਸ ਮਿਤਰ ਨੇ ਤਾਂ ਸਾਹਿਬ ਦੇ ਸਾਹਮਣੇ ਇਥੋਂ ਤਕ ਆਪਣਾ ਨਿਸ਼ਚਾ ਦਸਿਆ ਕਿ ਬੀਮਾਰ ਮੁੰਡਾ ਜੇ ਆਪਣੇ ਬਾਪ ਨੂੰ ਵੇਖ ਲਵੇ ਤਾਂ ਬਚ ਸਕਦਾ ਹੈ। ਗ੍ਰਿਫ਼ਤਾਰੀ ਵੇਲੇ ਇਹ ਮੁੰਡਾ ਪੌਣੇ ਪੰਜ ਸਾਲ ਦਾ ਸੀ। ਪਹਿਲੇ ਦਿਨ ਤੋਂ ਹੀ ਜਦ ਇਸ ਨੇ ਆਪਣੇ ਪਿਤਾ ਨੂੰ ਵੱਡੇ ਕਾਲੇ ਦਰਵਾਜ਼ੇ ਦੇ ਅੰਦਰ ਗੁੰਮ ਜਾਂਦਿਆਂ ਵੇਖਿਆ, ਉਸ ਦਿਨ ਤੋਂ ਹੀ ਇਸ ਦੇ ਮਨ 'ਤੇ ਅਸਰ ਹੈ, ਜੋ ਕਿਸੇ ਹੀਲੇ ਵੀ ਨਹੀਂ ਹਟ ਸਕਿਆ। ਇਸ ਲਈ ਖਿਆਲ ਇਹ ਕੀਤਾ ਜਾਂਦਾ ਹੈ ਕਿ ਸ਼ਾਇਦ ਆਪਣੇ ਪਿਤਾ ਨੂੰ ਸਾਹਮਣੇ ਵੇਖ ਕੇ ਮੁੰਡੇ ਦਾ ਵਹਿਮ ਹਟ ਜਾਏ। ਵੱਡਾ ਸਾਹਿਬ ਦਿਲ ਦਾ ਹਮਦਰਦ ਸੀ। ਉਸ ਦੇ ਮਿਤਰ ਦੀ ਗਲ ਦਾ ਵੀ ਸਾਹਿਬ ਦੇ ਮਨ 'ਤੇ ਅਸਰ ਹੋਇਆ। ਇਸੇ ਲਈ ਅੱਜ ਪੈਰੋਲ ਪ੍ਰਵਾਨਾ ਆ ਜਾਣ 'ਤੇ ਉਹ ਚਾਈਂ ਚਾਈਂ ਆਪ ਲੈ ਕੇ ਗਿਆ। ਤੇ ਪੈਰੋਲ ਦੀ ਰਿਹਾਈ ਪ੍ਰਵਾਨ ਕਰ ਲੈਣ ਦੀ ਪ੍ਰੇਰਨਾ ਕੀਤੀ। ਔਲਾਦ ਸਬੰਧੀ ਉਸ ਦੇ ਫਰਜ਼ ਜਤਲਾਏ। ਪਰ ਉਸ ਨੇ ਇਕੋ ਨਾਂਹ ਪਕੜੀ ਤੇ ਕਿਹਾ, "ਮਸ਼ਰੂਤ ਰਿਹਾਈ ਮੈਨੂੰ ਪ੍ਰਵਾਨ ਨਹੀਂ, ਸਰਕਾਰ ਸਾਨੂੰ ਬੇਇੱਜ਼ਤ ਕਰਨਾ ਚਾਹੁੰਦੀ ਹੈ। ਨਹੀਂ ਤਾਂ ਪੰਜ ਪੰਜ ਸੌ ਦਾ ਮੁਚਲਕਾ ਮਖੌਲ ਨਹੀਂ ਤਾਂ ਹੋਰ ਕੀ ਹੈ?'' ਜਦ ਵੱਡੇ ਸਾਹਿਬ ਤੇ ਉਸ ਦਾ ਤਕਰਾਰ ਹੋ ਰਿਹਾ ਸੀ ਤਾਂ ਕੋਲੋਂ ਇਕ ਸਾਦਾ ਦਿਲ ਸਾਥੀ ਨੇ ਆਖ ਵੀ ਦਿਤਾ, "ਜੀ ਇਸ ਨੂੰ ਔਲਾਦ ਦੇ ਫਰਜ਼ ਕੀ ਜਤਲਾਂਦੇ ਹੋ, ਇਸ ਨੂੰ ਤਾਂ ਆਪਣੇ ਬੱਚਿਆਂ ਦੇ ਨਾਂ ਵੀ ਪੂਰੇ ਪੂਰੇ ਪਤਾ ਨਹੀਂ।'' ਇਸ ਸਾਥੀ ਨੇ ਇਹ ਗੱਲ ਕੋਈ ਤਾਹਨੇ ਨਾਲ ਨਹੀਂ ਸੀ ਆਖੀ, ਸਗੋਂ ਉਸ ਦਾ ਭਾਵ ਹਮਦਰਦੀ ਵਾਲਾ ਹੀ ਸੀ। ਪਰ ਉਸ ਨੂੰ ਝਾੜ ਪਾਂਦਿਆਂ ਇਕ ਹੋਰ ਸਾਥੀ ਨੇ ਕਿਹਾ, "ਇਸ ਦਾ ਮਤਲਬ ਇਹ ਨਹੀਂ ਕਿ ਇਸ ਨੂੰ ਆਪਣੀ ਔਲਾਦ ਪਿਆਰੀ ਨਹੀਂ, ਇਸ ਦਾ ਤਾਂ ਸਿਰਫ ਇਹ ਖਿਆਲ ਹੈ ਕਿ ਮਸ਼ਰੂਤ ਰਿਹਾਈ ਕਬੂਲਿਆਂ ਉਹ ਜਮਾਤ ਕਲੰਕਤ ਹੁੰਦੀ ਹੈ, ਜਿਸ ਦੇ ਹੁਕਮ ਨਾਲ ਉਹ ਇਥੇ ਬੈਠਾ ਹੈ। ਉਂਝ ਔਲਾਦ ਕਿਸ ਨੂੰ ਪਿਆਰੀ ਨਹੀਂ, ਭਾਊ?'' ਇਸ ਗੱਲ ਤੋਂ ਠੀਕ ਤੀਸਰੇ ਦਿਨ ਤਾਰ ਆ ਗਿਆ। "ਭੀਚਾ ਗੁਜ਼ਰ ਗਿਆ।'' ਜੇਲ੍ਹ ਦੇ ਸਾਥੀ ਇਕੱਠੇ ਹੋ ਗਏ। ਤਾਰ ਲਿਆਉਣ ਵਾਲਾ ਜੇਲ ਦਾ ਡਾਕ ਕਲਰਕ ਵੀ ਉਨ੍ਹਾਂ ਵਿਚ ਬਹਿ ਗਿਆ।

"19 ਤਰੀਕ ਚਲਾ ਜਾਂਦਾ ਤਾਂ ਸਦਾ ਲਈ ਵਿਛੜ ਰਹੇ ਬੱਚੇ ਦਾ ਮੂੰਹ ਵੇਖ ਲੈਂਦਾ, ਬੜਾ ਹੱਠ ਕੀਤਾ, ਬੜੀ ਕੁਰਬਾਨੀ ਏ।''

"ਕੁਰਬਾਨੀ, ਕਿਸ ਦੀ?'' ਉਸ ਦੇ ਮੂੰਹੋਂ ਸਿਰਫ਼ ਇਕ ਵੇਰਾਂ ਇਹ ਸ਼ਬਦ ਨਿਕਲੇ। "ਭੀਚੇ ਦਾ ਅਸਲੀ ਨਾਮ ਕੀ ਸੀ'' ਡਾਕ ਕਲਰਕ ਦੇ ਪੁੱਛਣ 'ਤੇ ਇਕ ਸਾਥੀ ਨੇ ਇਸ ਸਬੰਧੀ ਚੁੱਪ ਰਹਿਣ ਦੀ ਤਕੀਦ ਕੀਤੀ। ਦੂਜੇ ਦਿਨ ਤੇਜਿੰਦਰ ਦੇਵ ਸਿੰਘ ਦੀ ਮੌਤ ਦੀ ਖ਼ਬਰ ਅਖ਼ਬਾਰਾਂ ਵਿਚ ਨਾ ਛਪਦੀ ਤਾਂ ਭੀਚੇ ਦੇ ਅਸਲੀ ਨਾਮ ਦਾ ਪਤਾ ਵੀ ਸ਼ਾਇਦ ਔਖਾ ਲਗਦਾ। "ਹੁਣ ਤੇ ਹੱਦ ਹੋ ਗਈ ਹੈ, ਜ਼ਿੱਦ ਨਹੀਂ ਕਰਨੀ ਚਾਹੀਦੀ। ਇਸ ਸਰਕਾਰ ਦੀ ਸਾਡੇ ਨਾਲ ਹਮਦਰਦੀ ਥੋੜ੍ਹੀ ਹੀ ਹੈ। ਇਥੇ ਬਹੁਤੇ ਰੋਸੇ ਦਾ ਕੋਈ ਅਰਥ ਨਹੀਂ। ਆਉ, ਸਾਰੇ ਉਸ ਨੂੰ ਸਮਝਾਈਏ।'' ਜੇਲ੍ਹ ਦੀ ਡਿਉੜੀ ਦੇ ਸਾਹ-ਮਣੇ ਅੰਦਰਵਾਰ ਖੜੇ ਕੁਲ ਕਾਂਗਰਸੀ ਕੈਦੀ ਇਹ ਗੱਲਾਂ ਕਰ ਰਹੇ ਹਨ। ਥੋੜ੍ਹੀ ਦੇਰ ਵਿਚ ਹੀ ਉਸ ਦੀ ਕੋਠੀ ਨੰਬਰ 8 ਦੇ ਸਾਹਮਣੇ ਅੱਜ ਫਿਰ ਸਭਾ ਜਿਹੀ ਲੱਗ ਗਈ।

ਇਹ 25 ਅਪ੍ਰੈਲ ਦੀ ਸ਼ਾਮ ਦੀ ਗੱਲ ਹੈ, ਉਸ ਦੇ ਮੁੰਡੇ ਦੀ ਮੌਤ ਤੋਂ ਚੌਥੇ ਦਿਨ ਦੀ।

ਪੰਜਾਬ ਸਰਕਾਰ ਦਾ ਪ੍ਰਵਾਨਾ ਹੈ ਕਿ ਉਹ ਚੌਦਾਂ ਦਿਨਾਂ ਲਈ ਪੈਰੋਲ 'ਤੇ ਜਾ ਸਕਦਾ ਹੈ। ਮੁੰਡੇ ਦੀ ਮੌਤ ਦੇ ਭੋਗ 'ਤੇ ਬੀਮਾਰ ਲੜਕੀ ਦੇ ਅਪਰੇਸ਼ਨ ਲਈ ਵੱਡੇ ਸਾਹਿਬ ਨੇ ਇਹ ਪ੍ਰਵਾਨਾ ਉਸ ਨੂੰ ਸਿਧਿਆਂ ਦੱਸਣ ਦੀ ਬਜਾਏ ਕੁੱਝ ਬਾ-ਅਸਰ ਮੁਖੀ ਕਾਂਗਰਸੀਆਂ ਨੂੰ ਦਸ ਕੇ ਪ੍ਰੇਰਨਾ ਕੀਤੀ ਕਿ ਉਸ ਨੂੰ ਸਮਝਾਣ, ਉਹ ਹੁਣ ਬਾਹਰ ਜਾਣੋਂ ਨਾਂਹ ਨਾ ਕਰੇ। ਹੁਣ ਸਾਰੇ ਜਣੇ ਇਸੇ ਕੰਮ ਲਈ ਉਹਦੀ ਕੋਠੀ ਅੱਗੇ ਜੁੜੇ ਹਨ।

ਮੋਹ, ਕਮਜ਼ੋਰੀ ਜਾਂ ਸਾਥੀਆਂ ਦੀ ਪ੍ਰੇਰਨਾ ਕੁੱਝ ਵੀ ਸਮਝੋ, ਉਹ ਚੌਦਾਂ ਦਿਨਾ ਦੀ ਛੁੱਟੀ ਮੰਨ ਗਿਆ। ਸਾਥੀਆਂ ਵਿਚ ਇਹ ਵੀ ਚਰਚਾ ਹੋਣ ਲਗ ਪਈ ਸੀ ਕਿ ਇਸ ਨੂੰ ਆਪਣੀ ਔਲਾਦ ਨਾਲ ਪਿਆਰ ਨਹੀਂ। ਇਹ ਚਰਚਾ ਉਸ ਨੂੰ ਪਸੰਦ ਨਹੀਂ ਸੀ।

ਹੁਣ ਉਹ ਮਿਓ ਹਸਪਤਾਲ ਦੇ ਤਪਦਿਕ ਵਾਰਡ ਵਲ ਤੁਰਿਆ ਜਾ ਰਿਹਾ ਹੈ। ਇਹ 26 ਅਪ੍ਰੈਲ ਦਾ ਦਿਨ ਹੈ। ਸਿੰਧ ਐਕਸਪ੍ਰੈਸ 6 ਵਜੇ ਸ਼ਾਮ ਲਾਹੌਰ ਸਟੇਸ਼ਨ 'ਤੇ ਪੁੱਜੀ ਸੀ। ਉਸ ਨੂੰ ਸਾਹਮਣੇ ਆਉਂਦਾ ਵੇਖ ਗੱਚ ਭਰੇ ਕੰਠ 'ਚੋਂ ਮੁਸ਼ਕਿਲ ਨਾਲ ਸ਼ਬਦ ਨਿਕਲੇ! "ਹੁਣ ਆਏ ਨੇ....।'' ਇਨ੍ਹਾਂ ਸ਼ਬਦਾਂ ਪਿਛੇ ਲੁਕਵੇਂ ਭਾਵਾਂ ਨੂੰ ਉਹ ਜਾਣਦਾ ਹੈ ਸੀ, ਬੋਲਣ ਵਾਲੀ ਦੀਆਂ ਸੁਕੀਆਂ ਪੁੱਕੀਆਂ ਅੱਖਾਂ ਵੀ ਸਾਰੀ ਵਿਆਖਿਆ ਕਰ ਰਹੀਆਂ ਸਨ। ਕੁੱਝ ਵਧੀਕ ਗੱਲਾਂ ਕੀਤੇ ਬਿਨਾਂ ਦੋਵੇਂ ਬੀਮਾਰ ਲੜਕੀ ਦੇ ਬਿਸਤਰੇ ਪਾਸ ਜਾ ਕੇ ਖੜੋਤੇ ਹੀ ਹਨ, "ਪਾਪਾ ਜੀ! ਤੁਸੀਂ ਕਮਜ਼ੋਰ ਜਾਪਦੇ ਹੋ, ਮੇਰੀ ਚਿੰਤਾ ਕਰ ਕੇ। ਮੈਂ ਐਫ.ਏ. ਵਿਚ ਪਾਮਿਸਟਰੀ ਪੜ੍ਹੀ ਹੈ, ਉਸ ਦੇ ਮੁਤਾਬਕ ਮੇਰੇ ਹੱਥ ਦੀ ਰੇਖਾ ਅੱਸੀ ਸਾਲ ਉਮਰ ਦਸਦੀ ਹੈ। ਤੁਸੀਂ ਆ ਗਏ, ਭਾਬੀ ਜੀ ਨੂੰ ਵੀ ਸਮਝਾਉ, ਚਿੰਤਾ ਨਾਲ ਨਿਬੜਦੀ ਜਾਂਦੀ ਹੈ। ਅੰਮ੍ਰਿਤਸਰ ਜਾ ਕੇ ਬਾਕੀ ਬੱਚਿਆਂ ਦੀ ਸੰਭਾਲ ਕਰੇ, ਇਹ ਇਥੋਂ ਜਾਂਦੀ ਹੀ ਨਹੀਂ। ਬੱਚੇ ਰੁਲ ਜਾਣਗੇ। ਮੈਨੂੰ ਪਤਾ ਲਗਾ ਹੈ, ਭੀਚਾ ਬਹੁਤ ਬੀਮਾਰ ਹੈ।''

"ਚੁਪ ਕਰ ਬੇਟਾ! ਬਹੁਤ ਗੱਲਾਂ ਨਾ ਕਰ।'' ਉਸ ਦੀ ਘਰਵਾਲੀ ਦੇ ਮੂੰਹੋਂ ਖ਼ਬਰੇ ਕਿਸ ਤਰ੍ਹਾਂ ਇਤਨੇ ਲਫ਼ਜ਼ ਨਿਕਲ ਆਏ। ਕਿਉਂਕਿ ਭੀਚੇ ਦਾ ਨਾਂ ਸੁਣ ਕੇ ਉਹ ਫਿਸ ਹੀ ਪੈਣ ਲੱਗੀ ਸੀ। ਉਹ ਸਮਝ ਗਿਆ ਕਿ ਭੀਚੇ ਦੀ ਮੌਤ ਬਾਬਤ ਬੀਮਾਰ ਰਾਜਿੰਦਰ ਨੂੰ ਨਹੀਂ ਦਸਿਆ ਗਿਆ। ਇਕ ਵੇਰਾਂ ਆਪਣੇ ਆਪ ਨੂੰ ਸੰਭਾਲਣ ਲਈ ਦੋਵਾਂ ਨੂੰ ਵਾਰਡ 'ਚੋਂ ਬਾਹਰ ਆਉਣਾ ਪਿਆ। ਹੱਠ ਧਾਰ ਕੇ ਪੱਕਾ ਰਹਿਣ ਦੀ ਪੱਕੀ ਪਕਾ ਕੇ ਉਹ ਦੋਵੇਂ ਫਿਰ ਅੰਦਰ ਆ ਗਏ। "ਕੀ ਸਲਾਹ ਕਰਦੇ ਹੋ ਪਾਪਾ ਜੀ! ਮੈਨੂੰ ਉਕੀ ਕੋਈ ਬੀਮਾਰੀ ਨਹੀਂ। ਮੈਨੂੰ ਤਪਦਿਕ ਤੇ ਉਕਾ ਹੀ ਨਹੀਂ। ਇਸ ਵਾਰਡ 'ਚੋਂ ਮੈਨੂੰ ਕੱਢੋ। ਭਾਬੀ ਆਖਦੀ ਹੈ, ਤੈਨੂੰ ਨਜ਼ਰ ਲਗ ਗਈ ਹੈ। ਚਾਟੀ ਰੇਸ 'ਚੋਂ ਤੂੰ ਪਹਿਲਾ ਇਨਾਮ ਲੈ ਕੇ ਘਰ ਆਈ ਤੇ ਉਸ ਦਿਨ ਬੀਮਾਰ ਹੋ ਗਈ। ਦੱਸੋ ਇਨ੍ਹਾਂ ਵਹਿਮਾਂ ਦਾ ਕੋਈ ਫ਼ਾਇਦਾ ਹੈ।''

ਰਾਜਿੰਦਰ ਦੇ ਆਪਰੇਸ਼ਨ ਦੀ ਤਰੀਕ ਪਹਿਲਾਂ 2 ਮਈ ਨੀਅਤ ਹੋਈ, ਫਿਰ 4 'ਤੇ ਲਮਕ ਕੇ 6 ਹੋ ਗਈ। ਉਸ ਦੀ ਪੈਰੋਲ 9 ਮਈ ਨੂੰ ਖ਼ਤਮ ਹੋ ਜਾਣੀ ਹੈ। ਯਤਨ ਹੋ ਰਿਹਾ ਹੈ ਕਿ ਤਰੀਕ ਵਧ ਜਾਏ। ਅੱਜ ਮਹਾਤਮਾ ਗਾਂਧੀ ਦੀ ਰਿਹਾਈ ਦੀ ਖ਼ਬਰ ਅਖ਼ਬਾਰਾਂ ਵਿਚ ਆ ਗਈ। ਖਿਆਲ ਹੋ ਗਿਆ ਕਿ ਸਰਕਾਰ ਦੀ ਨਵੀਂ ਪਾਲਸੀ ਮੁਤਾਬਕ ਪੈਰੋਲ ਵਧ ਜਾਣੀ ਵੱਡੀ ਗੱਲ ਨਹੀਂ।

ਹਨੇਰੇ ਤੇ ਬਿਖੜੇ ਰਾਹ ਤੁਰਿਆ ਜਾਂਦਾ ਬੰਦਾ ਉਚੀ ਉਚੀ ਗਾਉਣ ਲੱਗ ਪੈਂਦਾ , "ਮੈਂ ਨਹੀਂ ਡਰਦਾ।'' ਇਹ ਸ਼ਬਦ ਵੀ ਆਦਮੀ ਦੇ ਮੂੰਹੋਂ ਡਰ ਵੇਲੇ ਹੀ ਨਿਕਲਦੇ ਹਨ। "ਮੈਨੂੰ ਉਕੀ ਪ੍ਰਵਾਹ ਨਹੀਂ'' ਇਹ ਘੜੀ ਘੜੀ ਆਖਣਾ ਵੀ ਘਬਰਾਹਟ ਦੀ ਨਿਸ਼ਾਨੀ ਹੈ। ਮੈਨੂੰ ਤਪਦਿਕ ਉਕਾ ਹੀ ਨਹੀਂ। ਰਾਜਿੰਦਰ ਤੇ ਇਨ੍ਹਾਂ ਸ਼ਬਦਾਂ ਨੇ ਉਸ ਦੇ ਮਨ ਵਿਚਲੇ ਤੌਖਲੇ ਨੂੰ ਵਧਾਇਆ ਘਟਾਇਆ ਨਹੀਂ। ਬੀਮਾਰ ਦਾ ਚਿਹਰਾ ਮੋਹਰਾ ਦੇ ਡਾਕਟਰ ਦੀ ਗੱਲਬਾਤ ਵੀ ਚਿੰਤਾਜਨਕ ਹੈ। ਅਪਰੇਸ਼ਨ ਹੋ ਗਿਆ। ਮਿੱਤਰਾਂ ਸਬੰਧੀਆਂ ਦੀ ਭੀੜ ਖਿੰਡ ਪੁੰਡ ਗਈ। ਹੁਣ ਉਹ ਮੀਆਂ ਬੀਵੀ ਦੋਵੇਂ ਹੀ ਸਨ। 'ਇਕ ਰਾਜਿੰਦਰ ਪਾਸ ਰਹੇ ਤੇ ਇਕ ਅੰਮ੍ਰਿਤਸਰ ਜਾਏ।'' ਇਹ ਫੈਸਲਾ ਤੁਰਤ ਅਮਲ ਵਿਚ ਆ ਗਿਆ। ਦੂਜੇ ਦਿਨ ਮਿਓ ਹਸਪਤਾਲ ਵਿਚ ਪੁੱਜਣ ਤਕ ਗਲਾਂ ਬਾਤਾਂ ਵਾਲਿਆਂ ਨੇ ਇਕ ਵਜਾ ਦਿਤਾ। ਸਾਰੇ ਹਸਪਤਾਲ ਵਿਚ ਪਿੱਪਲ ਦੇ ਵੱਡੇ ਡਾਹਣ ਦੇ ਟੁੱਟਣ ਦੀ ਚਰਚਾ ਹੈ। ਉਸ ਦੀ ਘਰਵਾਲੀ ਉਡੀਕ ਤੇ ਦੌੜ ਭੱਜ ਦੀ ਥੱਕੀ, ਚੂਰ ਹੋਈ, ਪਿੱਪਲ ਦੀ ਛਾਵੇਂ ਘਾਹ 'ਤੇ ਲੰਮੀ ਪਈ ਹਈ ਸੀ। ਹੁਣੇ ਹੁਣੇ ਇਕ ਪਲਕ ਵਿਚ ਹੀ ਉਹ ਤ੍ਰਭਕ ਉਠੀ ਤੇ ਭਾਰੀ ਡਾਹਣ ਉਥੇ ਹੀ ਡਿਗਾ, ਜਿਥੇ ਉਹ ਲੇਟੀ ਪਈ ਸੀ। "ਵਾਹਿਗੁਰੂ ਨੇ ਹੱਥ ਦੇ ਕੇ ਰੱਖ ਲਿਆ, ਇਕ ਅੱਖ ਫਰਕਣ ਦਾ ਵਕਫ਼ਾ ਸੀ।'' ਚਾਰੇ ਪਾਸੇ ਤੋਂ ਹਮਦਰਦਾਂ ਨਾਲ ਘਿਰੇ ਹੋਏ ਦੇ ਕੰਨਾਂ ਵਿਚ ਪੈ ਰਹੇ ਇਸ ਤਰ੍ਹਾਂ ਦੇ ਸ਼ਬਦਾਂ ਨੇ ਉਸ ਦੇ ਦਿਮਾਗ ਵਿਚ ਪ੍ਰੇਸ਼ਾਨੀ ਤੇ ਸਹਿਮ ਜਿਹੇ ਦਾ ਚਕਰ ਲੈ ਆਂਦਾ। ਠੀਕ ਇਸੇ ਵੇਲੇ ਇਕ ਬਾਵਰਦੀ ਪੁਲਿਸ ਅਫਸਰ ਨੇ ਸੈਨਤ ਨਾਲ ਉਸ ਨੂੰ ਭੀੜ ਦੇ ਘੇਰੇ ਵਿਚੋਂ ਬਾਹਰ ਬੁਲਾ ਕੇ ਥੋੜ੍ਹਾ ਪਰੇ ਲੈ ਜਾ ਕੇ ਪੈਰੋਲ ਦੀ ਮਨਸੂਖੀ ਦਾ ਪਰਵਾਨਾ ਫੜਾ ਦਿਤਾ। ਉਹ ਪੈਰੋਲ ਦੇ ਵੱਧ ਜਾਣ ਦੀ ਆਸ ਕਰ ਰਿਹਾ ਸੀ। ਇਸ ਵਾਸਤੇ ਉਸ ਦੇ ਮਨ 'ਤੇ ਦੂਣਾ ਅਸਰ ਹੋਇਆ। ਇਹ 7 ਮਈ ਦਾ ਦਿਨ ਹੈ। ਇਸੇ ਮਨੋ ਅਵਸਥਾ ਵਿਚ ਉਹ ਰਾਜਿੰਦਰ ਦੇ ਕਮਰੇ ਵਲ ਤੁਰਿਆ। ਉਸ ਦੀ ਘਰਵਾਲੀ ਪਿਛੇ ਪਿਛੇ ਹੈ, ਪੁਲਿਸ ਪ੍ਰਵਾਨੇ ਬਾਬਤ ਜਾਣਨ ਦੀ ਚਿੰਤਾ ਵਿਚ ਪਿੱਪਲ ਦੇ ਡਾਹਣ ਤੋਂ ਆਚਨਕ ਬਚ ਜਾਣ ਦੀ ਗੱਲ ਉਸ ਨੂੰ ਭੁਲ ਗਈ ਹੈ। ਰਾਜਿੰਦਰ ਅਜੇ ਜਨਰਲ ਵਾਰਡ ਵਿਚ ਨਹੀਂ ਆਈ, ਆਪਰੇਸ਼ਨ ਰੂਮ ਦੇ ਨਾਲ ਦੇ ਕਮਰੇ ਵਿਚ ਹੈ। ਆਪਣੀ ਘਰਵਾਲੀ ਦੇ ਨਾਲ ਜਦ ਉਹ ਰਾਜਿੰਦਰ ਦੇ ਕਮਰੇ ਵਿਚ ਵੜਿਆ, ਉਸ ਦੀ ਅੱਖ ਲੱਗੀ ਹੋਈ ਸੀ। ਦੋਵੇਂ ਦੱਬੇ ਪੈਰੀਂ ਬਾਹਰ ਆ ਗਏ। ਹੁਣ ਉਸ ਨੇ ਪੈਰੋਲ ਦੀ ਮਨਸੂਖੀ ਵਾਲੀ ਗੱਲ ਘਰਵਾਲੀ ਨੂੰ ਦਸੀ। ਉਹ ਸੁਣਦੇ ਸਾਰ ਬੈਂਚ ਉਪਰ ਲੰਮੀ ਪੈ ਗਈ, "ਜੀ, ਮੈਂ ਜਨਾਬ ਵਾਸਤੇ ਟਾਂਗਾ ਲਿਆਵਾਂ।'' ਪੁਲਿਸ ਵਾਲੇ ਦੀ ਹਮਦਰਦੀ ਨੇ ਉਸ ਨੂੰ ਇਤਨਾ ਬੇਚੈਨ ਕੀਤਾ ਕਿ ਉਸ ਦੇ ਮੂੰਹੋਂ ਕੋਈ ਗੱਲ ਨਾ ਨਿਕਲ ਸਕੀ। ਪੁਲਿਸ ਅਫਸਰ ਨੇ ਫਿਰ ਕਿਹਾ, "ਸਰਕਾਰੀ ਪ੍ਰਵਾਨੇ ਮੁਤਾ-ਬਕ ਜਨਾਬ ਨੇ ਪਹਿਲੀ ਗੱਡੀ 'ਤੇ ਸਿਆਲਕੋਟ ਜਾਣਾ ਹੈ, ਅਸੀਂ ਸਵੇਰ ਤੋਂ ਜਨਾਬ ਨੂੰ ਉਡੀਕਦੇ ਸਾਂ, ਹੁਣ ਜਨਾਬ ਦੀ ਗੱਡੀ ਵਿਚ ਵਕਤ ਥੋਹੜਾ ਹੈ।'' ਇਕ ਫਿਕਰੇ ਵਿਚ ਤਿੰਨ ਵਾਰੀ ਜਨਾਬ ਦੇ ਸ਼ਬਦ ਸੁਣ ਕੇ ਉਸ ਦਾ ਹਾਸਾ ਕੀ ਸੀ ਕੋਈ ਠੰਢੇ ਪਾਣੀ ਦਾ ਫੁਹਾਰਾ, ਜਿਸ ਨੇ ਸੜਦੇ ਸਰੀਰ ਨੂੰ ਬਚਾ ਲਿਆ। ਇਸ ਵੇਲੇ ਦੋ ਚਾਰ ਚਿੱਟ ਕਪੜੀਏ ਪੁਲਿਸ ਵਾਲੇ ਵੀ ਬੈਂਚ ਦੇ ਨੇੜੇ ਆ ਗਏ। ਉਹ ਘਰਵਾਲੀ ਨੂੰ ਬੈਂਚ 'ਤੇ ਲੰਮੀ ਪਈ ਨੂੰ ਛੱਡ ਦੇ ਫਿਰ ਰਾਜਿੰਦਰ ਦੇ ਕਮਰੇ ਵਿਚ ਗਿਆ। ਰਾਜਿੰਦਰ ਨੇ ਪੋਲਾ ਜਿਹਾ ਸਿਰ ਉਚਾ ਕਰ ਕੇ ਕਿਹਾ, "ਪਾਪਾ ਜੀ! ਤੁਸੀਂ ਕਿਤਨੇ ਦਿਨ ਮੇਰੇ ਪਾਸ ਰਹਿਣਾ ਹੈ?'' "ਮੈਂ ਹੁਣੇ ਤੇਰੇ ਵਾਸਤੇ ਪਹਾੜ 'ਤੇ ਕੋਈ ਜਗ੍ਹਾ ਬਨਾਣ ਜਾਣਾ ਹੈ।'' ਜੁਆਬ ਸੁਣ ਕੇ ਰਾਜਿੰਦਰ ਨੇ ਕਿਹਾ, "ਹਸਪਤਾਲ ਵਿਚ ਨਹੀਂ, ਕੋਈ ਵਖਰੀ ਜਗ੍ਹਾ ਲੈਣੀ।'' ਉਸ ਦੀ ਘਰਵਾਲੀ ਵੀ ਕਮਰੇ ਵਿਚ ਆ ਗਈ, "ਪੁੱਤਰ! ਇਹ ਹੁਣ ਤੈਨੂੰ ਪਹਾੜ 'ਤੇ ਛੱਡ ਕੇ ਹੀ ਵਾਪਸ ਜਾਣਗੇ।'' ਨਰਸ ਦਾ ਇਸ਼ਾਰਾ ਸਮਝ ਕੇ ਦੋਵੇਂ ਜਣੇ ਕਮਰੇ ਵਿਚੋਂ ਬਾਹਰ ਆਣ ਲੱਗੇ, "ਚਲੇ ਓ ਪਾਪਾ ਜੀ।'' ਦੀ ਆਵਾਜ਼ ਸੁਣ ਕੇ ਦੋਹਾਂ ਨੇ ਪੈਰ ਪਿਛੇ ਮੋੜ ਲਏ। ਪਰ ਰਾਜਿੰਦਰ ਨੇ ਇਹ ਕਹਿ ਕੇ ਅੱਖਾਂ ਮੀਟ ਲਈਆਂ ਸਨ ਤੇ ਚੁੱਪ ਵੱਟ ਲਈ ਸੀ। ਬਾਹਰ ਆਣ ਕੇ ਇਕ ਵਾਰ ਫਿਰ ਉਹ ਰਾਜਿੰਦਰ ਦੇ ਕਮਰੇ ਵਲ ਗਿਆ। ਪਰ ਉਸ ਦੀ ਅੱਖ ਲੱਗੀ ਹੋਈ ਸੀ। ਪਿਛੇ ਪਰਤ ਕੇ ਦੋ ਦਲੀਲੀਆਂ ਵਿਚ ਕਦੇ ਦੋ ਕਦਮ ਅੱਗੇ ਪੁਟਦਾ, ਕਦੇ ਪਿਛੇ ਪੁਟਦਾ, ਸੋਚਦਾ ਸੋਚਦਾ ਹੀ ਹੌਲੇ ਹੌਲੇ ਉਹ ਰਾਜਿੰਦਰ ਦੇ ਕਮਰੇ ਤੋਂ ਦੂਰ ਚਲਾ ਗਿਆ। "ਜਨਾਬ ਟਾਂਗਾ ਹਾਜ਼ਿਰ ਹੈ।'' ਇਸ ਵੇਲੇ ਘਰਵਾਲੀ ਦੇ ਹੋਠਾਂ ਨੂੰ ਉਸ ਨੇ ਆਪਣੇ ਸੱਜੇ ਹੱਥ ਨਾਲ ਦਬਾ ਕੇ ਬੋਲਣੋਂ ਰੋਕਿਆ ਤੇ ਆਪ ਮਾੜਾ ਜਿਹਾ ਹਸਾਉਣਾ ਮੂੰਹ ਬਣਾ ਕੇ ਟਾਂਗੇ ਵਿਚ ਬਹਿ ਗਿਆ।

ਸਿਆਲਕੋਟ ਜੇਲ ਦੇ ਦਰਵਾਜ਼ੇ ਤਕ ਉਸ ਦਾ ਮਨ ਮਿਓ ਹਸਪਤਾਲ ਵਿਚ ਰਿਹਾ। ਉਸ ਨੂੰ ਆਸ ਜਹੀ ਲਗੀ ਰਹੀ ਕਿ ਹੁਣੇ ਸ਼ਾਇਦ ਕਿਸੇ ਸਟੇਸ਼ਨ 'ਤੇ ਉਸ ਨੂੰ ਉਤਾਰ ਕੇ ਵਾਪਸ ਭੇਜ ਦਿਤਾ ਜਾਵੇ ਤੇ ਕਿਹਾ ਜਾਵੇ ਕਿ ਤੇਰੀ ਪੈਰੋਲ ਦੀ ਮਨਸੂਖੀ ਦਾ ਹੁਕਮ ਮਨਸੂਖ ਹੋ ਗਿਆ ਹੈ, ਪੈਰੋਲ ਦੀ ਤਰੀਕ ਵਧਾ ਦਿਤੀ ਹੈ। ਆਪਰੇਸ਼ ਤੋਂ ਪਿਛੋਂ ਉਹ ਰਾਜਿੰਦਰ ਨਾਲ ਵਧੀਕ ਗੱਲ ਨਾ ਕਰ ਸਕਿਆ। ਪਰ ਜੋ ਗੱਲ ਹੋਈ ਉਸ ਤੋਂ ਉਸ ਦਾ ਨਿਸਚਾ ਨਹੀਂ ਸੀ ਬਣਦਾ ਕਿ ਪਹਾੜ 'ਤੇ ਜਾ ਕੇ ਜਗ੍ਹਾ ਬਣਾਉਣ ਦੇ ਬਹਾਨੇ ਉਸ ਨੇ ਰਾਜਿੰਦਰ ਨੂੰ ਪਰਚਾ ਲਿਆ ਹੈ। ਰਾਜਿੰਦਰ ਦੀ ਚੁੱਪ ਤੌਖਲੇ ਭਰੀ ਸੀ। ਪੈਰੋਲ ਮਨਸੂਖ ਹੋਣ ਦਾ ਭੇਦ ਵੀ ਉਸ ਨੂੰ ਪਤਾ ਨਹੀਂ ਸੀ। ਇਥੇ ਆ ਕੇ ਜੇਲ੍ਹ ਦੇ ਸਾਥੀਆਂ ਤੋਂ ਉਸ ਨੂੰ ਪਤਾ ਲੱਗਾ ਕਿ ਬਾਹਰ ਜਾ ਕੇ ਰਾਜਸੀ ਮੀਟਿੰਗਾਂ ਕਰਨ ਦਾ ਉਸ 'ਤੇ ਸ਼ੱਕ ਕੀਤਾ ਗਿਆ ਹੈ।

ਅੱਜ 8 ਮਈ ਹੈ। ਮਹਾਤਮਾ ਗਾਂਧੀ ਰਿਹਾਅ ਹੋ ਕੇ ਪ੍ਰਾਣ ਕੁੱਟੀ ਪੁੱਜੇ ਤੇ ਉਹ ਸਿਆਲਕੋਟ ਜੇਲ ਦੀ ਕੋਠੀ ਨੰਬਰ 8 ਵਿਚ। ਸਾਥੀਆਂ ਵਲੋਂ ਪੁੱਛਾਂ ਦੇ ਉਤਰ ਦਿੰਦਾ ਉਹ ਥੱਕ ਗਿਆ। ਪਰ ਉਹਨੂੰ ਆਪਣੇ ਮਨ ਦੀ ਪੁੱਛ ਦਾ ਜਵਾਬ ਨਹੀਂ ਮਿਲ ਰਿਹਾ। ਉਹ ਹੁਣ ਸੋਚਦਾ ਹੈ ਕਿ ਪੈਰੋਲ 'ਤੇ ਨਾ ਜਾਣਾ ਚੰਗਾ ਸੀ, ਕਿਉਂਕਿ ਉਸ ਵੇਲੇ ਮਨ ਦੀ ਅਵਸਥਾ ਚੰਗੀ ਸੀ। ਕੋਠੀ ਵਿਚ ਉਚੀ ਜਗ੍ਹਾ ਤੇ ਸ਼ਬਦਾਰਥ ਦੀਆਂ ਪੋਥੀਆਂ ਪਈਆਂ ਹਨ। ਛਤ ਵਿਚ ਲੱਗੇ ਚਿੜੀ ਦੇ ਆਲ੍ਹਣੇ ਤੋਂ ਕਖ ਕਾਨੇ ਨੇ ਡਿਗ ਡਿਗ ਕੇ ਪੋਥੀਆਂ ਦੇ ਚਿੱਟੇ ਰੁਮਾਲਾਂ ਨੂੰ ਖ਼ਰਾਬ ਕਰ ਦਿਤਾ ਹੈ। ਉਸ ਨੇ ਕਖ ਕਾਨ ਮਿੱਟੀ ਝਾੜ ਕੇ ਮੁੜ ਰੁਮਾਲ ਬੰਨ੍ਹਣ ਲਗਿਆਂ, ਪੋਥੀ ਖੋਹਲ ਕੇ ਇਕ ਸ਼ਬਦ ਪੜ੍ਹਨ ਦਾ ਯਤਨ ਕੀਤਾ। ਆਲ੍ਹਣੇ ਤੋਂ ਡਿੱਗਿਆ ਬੋਟ ਥਲੇ ਆ ਪਿਆ। ਉਸ ਨੇ ਪੋਥੀ ਹੱਥੋਂ ਰੱਖ ਦਿਤੀ। ਆਲ੍ਹਣੇ ਤੋਂ ਡਿੱਗੇ ਬੋਟ ਨੂੰ ਝਟ ਕੀੜੀਆਂ ਨੇ ਘੇਰ ਲਿਆ। ਚੀਂ ਚੀਂ ਕਰਦੀ ਬਾਹਰੋਂ ਆਈ ਚਿੜੀ ਨੇ ਝਟ ਬੋਟ ਦੇ ਮੂੰਹ ਵਿਚ ਦਾਣਾ ਪਾਇਆ। ਬੋਟ ਵਿਚ ਜਾਨ ਫਿਰ ਪਈ। ਚਿੜੀ ਨੇ ਉਸ ਬੋਟ ਨੂੰ ਸੰਭਾਲ ਆਲੇ 'ਤੇ ਰਖਿਆ। ਕੋਠੀ ਵਿਚ ਡੱਠੇ ਬਿਸਤਰੇ 'ਤੇ ਬਹੁਤ ਸਾਰੇ ਕੱਖਾਂ ਕਾਨਾਂ ਤੇ ਮਿੱਟੀ ਸਮੇਤ ਇਕ ਬੋਟ ਹੋਰ ਆਣ ਡਿੱਗਾ। ਇਹ ਜ਼ਰਾ ਵੱਡਾ ਹੈ, ਚਿੜੀ ਪਾਸੋਂ ਚੁਕਿਆ ਨਹੀਂ ਜਾਂਦਾ, ਚਿੜਾ ਘਰ ਨਹੀਂ। ਉਹ ਚਿੜੀ ਦੀ ਮਦਦ ਲਈ ਹੱਥ ਨਹੀਂ ਵਧਾਂਦਾ। ਅਗੇ ਇਕ ਵੇਰਾਂ ਇਸ ਨੇ ਇਸੇ ਤਰ੍ਹਾਂ ਦੇ ਡਿੱਗੇ ਬੋਟ ਵਲ ਹਥ ਵਧਾਇਆ ਸੀ ਤਾਂ ਚਿੜੀ ਚੀਂ ਚੀਂ ਕਰ ਕੇ ਫਾਵੀ ਹੋਈ ਜ਼ਿਮੀਂ 'ਤੇ ਲੇਟ ਗਈ ਸੀ। ਅਜ ਫਿਰ ਚਿੜੀ ਬੇਹਾਲ ਹੋ ਕੇ ਥੱਕ ਗਈ। ਵੱਡਾ ਬੋਟ ਉਸ ਤੋਂ ਚੁਕਿਆ ਨਾ ਗਿਆ, ਚੂਰ ਹੋਈ ਅਥਰੂ ਭਰੀਆਂ ਅੱਖਾਂ ਨਾਲ ਇਸ ਵੱਲ ਵੇਖ ਰਹੀ ਹੈ। ਇਸ ਨੇ ਹੌਸਲਾ ਕਰ ਕੇ ਉਸ ਦਾ ਬੋਟ ਆਲ੍ਹਣੇ ਦੇ ਨੇੜੇ ਆਲੇ ਵਿਚ ਦੂਜੇ ਨਿੱਕੇ ਬੋਟ ਨਾਲ ਰੱਖ ਦਿਤਾ। ਚਿੜੀ ਨੇ ਮਾਨੋ ਸਿਰ ਹਿਲਾ ਕੇ ਧੰਨਵਾਦ ਕੀਤਾ। ਕੋਠੀ ਦੇ ਇਸ ਆਲ੍ਹਣੇ ਨੇ ਇਕ ਵਾਰੀ ਇਸ ਦਾ ਬਿਸਤਰਾ ਖ਼ਰਾਬ ਕੀਤਾ। ਵਿਠਾਂ ਨਾਲ ਕਿਤਾਬਾਂ ਗੰਦੀਆਂ ਕੀਤੀਆਂ। ਆਲ੍ਹਣੇ ਨੂੰ ਪੁੱਟ ਸੁੱਟਣ ਦਾ ਉਸ ਕਈ ਵਾਰੀ ਪਕਾ ਇਰਾਦਾ ਕੀਤਾ ਸੀ। ਰਬੋਂ ਹੀ ਇਹ ਕੰਮ ਰਹਿੰਦਾ ਗਿਆ। ਰਾਤ ਗੱਡੀ ਵਿਚ ਰਹਿ ਕਰਕੇ ਉਨੀਂਦੇ ਨਾਲ ਉਸ ਦੀਆਂ ਅੱਖਾਂ ਭਰੀਆਂ ਹੋਈਆਂ ਹਨ। ਲੰਮਾ ਪਿਆ ਤਾਂ ਅੱਖ ਲੱਗ ਗਈ। ਇਕ ਹੋਰ ਬੋਟ ਉਸ ਦੀ ਛਾਤੀ 'ਤੇ ਆਣ ਡਿਗਾ। ਇਹ ਤਬਕ ਕੇ ਉਠਿਆ ਤੇ ਬੋਟ ਚੁੱਕ ਕੇ ਉਸੇ ਆਲ੍ਹਣੇ ਵਿਚ ਰੱਖ ਦਿਤਾ, ਜਿਥੇ ਚਿੜੀ ਅੱਗੇ ਦੋ ਬੋਟ ਪਰਾਂ ਹੇਠ ਲੁਕਾਈ ਬੈਠੀ ਸੀ। ਅੱਖਾਂ ਮਲ ਕੇ ਉਸ ਨੇ ਫਿਰ ਸੌਣ ਦਾ ਯਤਨ ਕੀਤਾ, ਪਰ ਇਕ ਸਾਥੀ ਰੋਟੀ ਲਈ ਬੁਲਾਣ ਆ ਗਿਆ। ਉਹ ਵੀ ਇਸ ਵਾਤਾਵਰਣ ਤੋਂ ਛੁਟਕਾਰਾ ਚਾਹੁੰਦਾ ਸੀ। ਜਦ ਮੁੜ ਕੇ ਕੋਠੀ ਵਿਚ ਆਇਆ ਤਾਂ ਚਿੜੀ ਉਸ ਦੇ ਬਿਸਤਰੇ ਤੋਂ ਪਰਾਂ ਨਾਲ ਮਿੱਟੀ ਝਾੜ ਰਹੀ ਸੀ ਤੇ ਚੁੰਝ ਨਾਲ ਕਖ ਚੁਣ ਰਹੀ ਸੀ। ਬੋਟ ਹੁਣ ਆਲੇ ਵਿਚ ਨਹੀਂ, ਸਗੋਂ ਆਲ੍ਹਣੇ ਵਿਚ ਮਿੱਠੀ ਚੀਂ ਚੀਂ ਪਏ ਕਰਦੇ ਸਨ। ਇਉਂ ਜਾਪਿਆ ਕਿ ਚਿੜਾ ਆ ਕੇ ਫੇਰ ਚਲਾ ਗਿਆ ਹੈ। "ਕਾਹੇ ਰੇ ਮਨ ਚਿਤਵੈ ਉਦਮ ਜਾ ਆਹਰ ਹਰਿ ਜੀਉ ਪਰਿਆ'' ਅੱਜ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਦਿਆਂ ਉਹ ਇਸ ਤੁਕ 'ਤੇ ਆਣ ਕੇ ਰੁਕ ਗਿਆ। ਇੰਜ ਰੁਕਿਆ ਕਿ ਰਹਿਰਾਸ ਦਾ ਬਾਕੀ ਪਾਠ ਸੁਣ ਰਹੇ ਸਾਥੀਆਂ ਵਿਚੋਂ ਇਕ ਸਾਥੀ ਨੇ ਪੂਰਾ ਕੀਤਾ। ਅਰਦਾਸ ਵੇਲੇ ਵੀ ਇਹ ਉਪਰਲੀ ਤੁਕ ਹੀ ਗੁਣਗੁਣਾਂਦਾ ਰਿਹਾ। ਪਿਛੋਂ ਵੀ ਖ਼ਬਰੇ ਕਿਸ ਵੇਲੇ ਤਕ।

PASH DRIVING SCHOOL LTD.
"Learn to drive for LIFE... accident FREE with confidence"



Jas Badesha
780-908-2296

Car Available For Road Test

Lady Instructor
7 Day A Week

» Government Approved Insurance Reduction Course.
» Defensive Driving Course.
» Refresher Courses.



Free Pick Up & Drop Off

» Preparation For Class 7.
» Road Test Preparation.
» Package & Hourly Rates



Shalu Badesha
780-660-3071

pashdrivingschool@ymail.com

# ਵੰਡ ਦੀਆਂ ਯਾਦਾਂ



ਸੰਤਾਲੀ ਦੇ ਜੂਨ ਮਹੀਨੇ ਦਾ ਇਕ ਦਿਨ ਸੀ, ਇਕ ਖਾਮੋਸ਼ ਗਰਮ ਦਿਨ ਜਦੋਂ ਸਭ ਕੁੱਝ ਰੁਕ ਗਿਆ ਲੱਗਦਾ ਹੋਵੇ। ਅਚਨਚੇਤ ਨਾਅਰੇਬਾਜ਼ੀ ਤੇ ਪਟਾਕਿਆਂ ਦੀਆਂ ਉਚੀਆਂ ਉਚੀਆਂ ਆਵਾਜ਼ਾਂ ਨੇ ਲੋਕਾਂ ਨੂੰ ਦੁਪਹਿਰ ਦੀ ਨੀਂਦ 'ਚੋਂ ਝੰਜੋੜ ਕੇ ਜਗਾ ਦਿਤਾ। ਮਾਰਚ ਤੋਂ ਹੀ ਲੋਕਾਂ ਦੀ ਰਾਤ ਦੀ ਨੀਂਦ ਹਰਾਮ ਸੀ। ਰਾਤ ਭਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਤੇ ਲੋਕੀਂ ਚੀਕਾਂ ਮਾਰਦੇ ਗਲੀਆਂ ਵਿਚ ਦੌੜਦੇ ਰਹਿੰਦੇ। ਨਾਅਰੇ ਬੰਬਾਂ ਤੋਂ ਉਚੀ ਆਵਾਜ਼ ਵਿਚ ਗੂੰਜਦੇ ਸਨ। ਇਕ ਸਿਰੇ 'ਤੇ ਮੁਸਲਮਾਨ ਹੱਥਾਂ ਵਿਚ ਲਾਠੀਆਂ ਤੇ ਚਾਕੂ ਫੜੀ 'ਨਾਅਰਾ ਏ ਤਕਬੀਰ' ਬੋਲਦੇ ਤੇ ਗਲਾ ਫਾੜ ਕੇ 'ਅੱਲਾ ਹੂ ਅਕਬਰ' ਦੇ ਨਾਅਰੇ ਮਾਰਦੇ। ਦੂਸਰੇ ਸਿਰੇ 'ਤੇ 'ਹਰ ਹਰ ਮਹਾਦੇਵ' ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਨਾਅਰੇ ਗੂੰਜ ਜਾਂਦੇ। ਇਕ ਦੂਜੇ 'ਤੇ ਪੱਥਰ ਮਾਰੇ ਜਾਂਦੇ, ਗੰਦੀਆਂ ਗਾਲ੍ਹਾਂ ਕੱਢੀਆਂ ਜਾਂਦੀਆਂ ਤੇ ਰਾਹ ਜਾਂਦੇ ਰਾਹੀਆਂ ਤਕ ਨੂੰ ਛੁਰੇ ਮਾਰੇ ਜਾਂਦੇ। ਪੁਲਿਸ ਭੀੜ ਨੂੰ ਖਿੰਡਾਉਣ ਲਈ ਹਵਾ ਵਿਚ ਗੋਲੀ ਚਲਾਉਂਦੀ ਤਾਂ ਵੀ ਸ਼ਾਂਤੀ ਵਾਪਸ ਪਰਤਣ ਤੋਂ ਪਹਿਲਾਂ ਕਈ ਬੇਗੁਨਾਹ ਮਾਰੇ ਜਾਂਦੇ। ਅਗਲੇ ਦਿਨ ਅਖ਼ਬਾਰਾਂ ਵਿਚ ਮੌਤਾਂ ਦੀ ਗਿਣਤੀ ਇੰਝ ਛਪਦੀ ਜਿਵੇਂ ਇਹ ਮੁਸਲਮਾਨ ਤੇ ਬਾਕੀਆਂ ਵਿਚਕਾਰ ਕ੍ਰਿਕਟ ਮੈਚ ਹੋ ਰਿਹਾ ਹੋਵੇ। ਹਾਂ ਥੋੜ੍ਹੇ ਬਹੁਤ ਫਰਕ ਨਾਲ ਸਕੋਰ ਹਮੇਸ਼ਾ ਮੁਸਲਮਾਨਾਂ ਦੇ ਹੱਕਾਂ ਵਿਚ ਹੀ ਸੀ। ਸਾਰੇ ਮੁਸਲਮਾਨ ਤੇ ਪ੍ਰਸ਼ਾਸਨ ਵਿਚ ਵੀ ਵਧੇਰੇ ਤਾਕਤ ਮੁਸਲਮਾਨਾਂ ਦੇ ਹੱਥ ਵਿਚ ਹੀ ਸੀ। ਸਾਰੇ ਪੱਛਮੀ ਪੰਜਾਬ ਵਿਚ ਇਹੋ ਹਾਲ ਸੀ। ਬਹੁ-ਗਿਣਤੀ ਹਿੰਦੂ ਤੇ ਸਿੱਖਾਂ ਨੇ ਮੁਸਲਮਾਨ ਟਿਕਾਣਿਆਂ 'ਚੋਂ ਨਿਕਲ ਕੇ ਲਾਹੌਰ ਵੱਲ ਆਉਣਾ ਸ਼ੁਰੂ ਕਰ ਦਿਤਾ ਸੀ। ਲਾਹੌਰ ਕਦੋਂ ਸੁਰੱਖਿਅਤ ਸੀ, ਸੋ ਉਹ ਅੰਮ੍ਰਿਤਸਰ ਤੇ ਪੂਰਬੀ ਪੰਜਾਬ ਦੇ ਹੋਰ ਸ਼ਹਿਰਾਂ ਵੱਲ ਜਾਣ ਲੱਗੇ। ਇਨ੍ਹਾਂ ਵਿਚ ਹਿੰਦੂਆਂ ਤੇ ਸਿੱਖਾਂ ਬਹੁਗਿਣਤੀ ਸੀ।

1947 ਦੇ ਜੂਨ ਮਹੀਨੇ ਦਾ ਉਹ ਤੀਜਾ ਪਹਿਰ ਮੇਰੇ ਮਨ 'ਤੇ ਅਜੇ ਵੀ ਜਿਉਂ ਦਾ ਤਿਉਂ ਉਕਰਿਆ ਪਿਆ ਹੈ। ਮੈਂ ਉਦੋਂ ਅਜੇ ਹਾਈਕੋਰਟ ਤੋਂ ਪਰਤਿਆ ਹੀ ਸਾਂ, ਜਦੋਂ ਮੈਂ ਇਹ ਸ਼ੋਰ-ਸ਼ਰਾਬਾ ਸੁਣਿਆ। ਮੈਂ ਪਤਾ ਕਰਨ ਲਈ ਭੱਜ ਕੇ ਆਪਣੇ ਘਰ ਦੀ ਛੱਤ 'ਤੇ ਜਾ ਚੜ੍ਹਿਆ। ਸੂਰਜ ਆਪਣੀ ਤਪਸ਼ ਨਾਲ ਸ਼ਹਿਰ 'ਤੇ ਕਹਿਰ ਵਰਤਾ ਰਿਹਾ ਸੀ। ਸ਼ਹਿਰ ਦੇ ਮੱਧ ਤੋਂ ਕਾਲੇ ਧੂੰਏਂ ਦੇ ਗਾੜ੍ਹੇ ਬੱਦਲ ਉਪਰ ਅਕਾਸ਼ ਵਲ ਨੂੰ ਉਠ ਰਹੇ ਸਨ। ਮੈਨੂੰ ਬਹੁਤ ਸੋਚਣ ਦੀ ਲੋੜ ਨਾ ਪਈ, ਸਾਫ ਸੀ ਕਿ ਹਿੰਦੂ ਸਿੱਖਾਂ ਦਾ ਸ਼ਾਹ ਆਲਮੀ ਮੁਹੱਲਾ ਭਿਆਨਕ ਅੱਗ ਦੀ ਲਪੇਟ ਵਿਚ ਸੀ। ਮੁਸਲਮਾਨ ਗੁੰਡਿਆਂ ਨੇ ਗੈਰ ਮੁਸਲਮਾਨਾਂ ਦੀ ਕਮਰ ਤੋੜ ਦਿਤੀ ਸੀ। ਸ਼ਾਹ ਆਲਮ ਮੁਹੱਲੇ ਦੀਆਂ ਘਟਨਾਵਾਂ ਪਿਛੋਂ ਲਾਹੌਰ ਵਿਚ ਲੜਾਈ ਸਿੱਖਾਂ ਤੇ ਹਿੰਦੂਆਂ ਹੱਥੋਂ ਜਾਂਦੀ ਰਹੀ। ਅਸੀਂ ਮੂਕ ਦਰਸ਼ਕ ਬਣ ਕੇ ਦੇਖਦੇ ਰਹਿੰਦੇ ਜਦੋਂ ਮੁਸਲਿਮ ਲੀਗ ਦੇ ਸਮਰਥਕ ਲਾਹੌਰ ਦੀਆਂ ਸੜਕਾਂ 'ਤੇ "ਪਾਕਿਸਤਾਨ ਕਾ ਨਾਅਰਾ ਲਿਆ- ਲਾਇਲਾਹ ਇਲਿਲਾਹ" ਦੇ ਨਾਅਰੇ ਮਾਰਦੇ ਲੰਘਦੇ।

ਇਸ ਫਿਰਕੂ ਕਤਲੋਗਾਰਤ ਦਾ ਲਾਰੈਂਸ ਗਾਰਡਨ ਇਲਾਕੇ (ਹੁਣ ਬਾਗ ਏ ਜਿਨਾਹ) ਅਤੇ ਲਾਹੌਰ ਦੇ ਪੁਰਾਣੇ ਸਿਰੇ ਤਕ ਜਾਂਦੀ ਨਹਿਰ ਦੇ ਇਰਦ-ਗਿਰਦ ਦੇ ਇਲਾਕੇ 'ਤੇ ਬਹੁਤ ਥੋੜਾ ਪ੍ਰਭਾਵ ਸੀ। ਅਸੀਂ ਆਪਣੇ ਦਫ਼ਤਰਾਂ ਨੂੰ ਪਹਿਲਾਂ ਵਾਂਗੂ ਆਪਣੀਆਂ ਕਾਰਾਂ 'ਤੇ ਜਾਂਦੇ ਸਾਂ। ਸ਼ਾਮੀ ਕਾਸਮੋਪੋਲੀਟਨ ਜਾਂ ਜਿਮਖਾਨਾ ਕਲੱਬ ਵਿਚ ਟੈਨਿਸ ਖੇਡਦੇ ਤੇ ਰਾਤਰੀ ਭੋਜ ਸਮੇਂ ਗਿਆਰਾਂ ਰੁਪਏ ਪ੍ਰਤੀ ਬੋਤਲ ਵਾਲੀ ਸਕਾਚ, ਰਾਵੀ ਦੇ ਪਾਣੀ ਵਾਂਗੂੰ ਵਹਿੰਦੀ। ਸ਼ਾਨਦਾਰ ਰਿਹਾਇਸ਼ੀ ਇਲਾਕਿਆਂ ਵਿਚ ਹਿੰਦੂ ਮੁਸਲਿਮ ਭਾਈ-ਭਾਈ ਦੀ ਪੁਰਾਣੀ ਮਿਲਣਸਾਰੀ ਬਰਕਰਾਰ ਸੀ। ਸਾਨੂੰ ਪੰਜਾਬ ਵਿਚਲੀ ਖਿਜ਼ਰ ਹਿਯਾਤ ਦੀ ਯੂਨੀਅਨਿਸਟ ਸਰਕਾਰ, ਜਿਸ ਵਿਚ ਹਿੰਦੂ ਤੇ ਸਿੱਖ ਵਜ਼ੀਰ ਸ਼ਾਮਲ ਸਨ ਤੇ ਪੂਰਾ ਭਰੋਸਾ ਸੀ। ਉਹ ਅਲੱਗ ਮੁਸਲਿਮ ਦੇਸ਼ ਬਣਾਉਣ ਦੇ ਹੱਕ ਵਿਚ ਨਹੀਂ ਸੀ। ਲੀਗ ਲੀਡਰ ਉਸ ਦੇ ਪ੍ਰਤੀ ਮੰਦੀ ਭਾਵਨਾ ਰੱਖਦੇ ਸਨ। ਅੰਦੋਲਨਕਾਰੀ 'ਤਾਜ਼ੀ ਖ਼ਬਰ, ਮਰ ਗਿਆ ਖਿਜ਼ਰ' ਦੇ ਮੰਦੇ ਨਾਅਰੇ ਮਾਰਦੇ। ਆਖਰ ਉਹ ਵੀ ਈਨ ਮੰਨ ਹੀ ਗਿਆ, ਲਿਹ-ਾਜ਼ਾ ਰਾਤੋ-ਰਾਤ ਹੀਰੋ ਬਣ ਗਿਆ। 'ਹੁਣ ਤਾਜ਼ੀ ਖਬਰ ਆਈ ਹੈ ਖਿਜ਼ਰ ਹਮਾਰਾ ਭਾਈ ਹੈ' ਦੇ ਨਾਅਰੇ ਗੂੰਜਣ ਲੱਗ ਪਏ।

ਕਤਲੇਆਮ ਹੋਰ ਵੱਧਣ ਲੱਗੀ। ਹਿੰਦੂਆਂ ਤੇ ਸਿੱਖਾਂ ਨੇ ਆਪਣੀਆਂ ਜਾਇਦਾਦਾਂ ਵੇਚ ਕੇ ਪੂਰਬ ਪੰਜਾਬ ਵੱਲ ਜਾਣਾ ਸ਼ੁਰੂ ਕਰ ਦਿਤਾ। ਇਕ ਦਿਨ ਮੈਂ ਦੇਖਿਆ ਕਿ ਮੇਰੇ ਇਕ ਗੁਆਂਢੀ ਨੇ ਆਪਣੇ ਮਕਾਨ 'ਤੇ ਉਰਦੂ ਅੱਖਰਾਂ ਵਿਚ 'ਪਾਰਸੀ ਦਾ ਮਕਾਨ' ਲਿਖ ਦਿਤਾ। ਦੂਸਰੇ ਪਾਸੇ ਦੇ ਮਕਾਨ 'ਤੇ ਸਫੈਦੀ ਨਾਲ ਵੱਡੀ ਕਾਟ ਮਾਰ ਦਿਤੀ। ਇਸ ਤਰ੍ਹਾਂ ਨਿਸ਼ਾਨੀ ਤਹਿਤ ਹਿੰਦੂ-ਸਿੱਖਾਂ ਦੇ ਘਰ ਪੂਰੀ ਤਰ੍ਹਾਂ ਨਿਸ਼ਾਨਾਂ ਬਣ ਗਏ। ਅਸੀਂ ਮੁਸਲਿਮ ਗੁੰਡਿਆਂ ਦੀ 'ਮੋਜੰਗ' ਦੇ ਬਿਲਕੁਲ ਨੇੜੇ ਰਹਿੰਦੇ ਸਾਂ।


ਖੁਸ਼ਵੰਤ ਸਿੰਘ

ਮੈਂ ਕਿਸੇ ਨੂੰ ਅੱਖਾਂ ਮੂਹਰੇ ਮਰਦਾ ਨਹੀਂ ਵੇਖਿਆ। ਹਾਂ, ਮੈਂ ਆਪ ਕਤਲ ਹੁੰਦਾ ਮਸਾਂ ਮਸਾਂ ਬਚਿਆ। ਮੈਂ ਇਕ ਕੇਸ ਦੇ ਸਿਲਸਿਲੇ ਵਿਚ ਐਲਟਾਬਾਦ ਗਿਆ ਹੋਇਆ ਸਾਂ। ਮੈਂ ਤਕਸ਼ਿਲਾ ਤਕ ਪੈਦਲ ਤੁਰ ਕੇ ਅੱਗੇ ਲਾਹੌਰ ਦੀ ਗੱਡੀ ਫੜਨ ਦਾ ਮਨ ਬਣਾ ਲਿਆ। ਮੈਂ ਸੁੰਨਸਾਨ ਸੜਕ ਦੇਖ ਕੇ ਹੈਰਾਨ ਸਾਂ। ਅਚਾਨਕ ਸਿੱਖ ਫੌਜੀਆਂ ਦੀ ਗੱਡੀ ਮੇਰੇ ਪਾਸ ਆ ਕੇ ਰੁਕੀ ਤੇ ਇਕ ਅਫਸਰ ਨੇ ਮੈਨੂੰ ਗੱਡੀ ਵਿਚ ਚੜ੍ਹਨ ਦਾ ਹੁਕਮ ਦਿਤਾ, "ਕੀ ਤੂੰ ਸ਼ੁਦਾਈ ਹੈਂ?" ਉਹਨੇ ਰੋਹਬ ਨਾਲ ਪੁੱਛਿਆ। "ਉਨ੍ਹਾਂ ਨੇ ਨੇੜੇ ਦੇ ਪਿੰਡਾਂ ਵਿਚ ਸਾਰੇ ਦੇ ਸਾਰੇ ਸਿੱਖ ਕਤਲ ਕਰ ਦਿਤੇ ਹਨ ਤੇ ਤੂੰ ਇਥੇ ਸੜਕ 'ਤੇ ਬੇਫਿਕਰੀ ਵਿਚ ਸੈਰ ਕਰ ਰਿਹਾਂ ਏਂ।" ਤਕਸ਼ਿਲਾ ਸਟੇਸ਼ਨ 'ਤੇ ਗੱਡੀ ਨੂੰ ਇਸ਼ਾਰਾ ਦੇ ਕੇ ਰੋਕਿਆ ਗਿਆ। ਸਾਰੇ ਸਿੱਖਾਂ ਨੂੰ ਗੱਡੀ ਵਿਚੋਂ ਧੂਹ ਕੇ ਬਾਹਰ ਕੱਢਿਆ ਗਿਆ ਤੇ ਕਤਲ ਕਰ ਦਿਤੇ ਗਏ। ਬਦਾਮੀ ਬਾਗ ਵਿਚ ਇਕ ਹੋਰ ਕਤਲ ਹੋਇਆ। ਮੈਂ ਪਹਿਲੇ ਦਰਜੇ ਦੇ ਡੱਬੇ ਵਿਚ ਬੰਦ ਸਾਂ ਤੇ ਨਾ ਕੁੱਝ ਦੇਖਿਆ ਤੇ ਨਾ ਕੁਝ ਸੁਣਿਆ। ਲਾਹੌਰ ਵਿਚ ਮੇਰਾ ਇਕ ਮਿੱਤਰ, ਮਨਜ਼ੂਰ ਕਾਦਰ ਜੋ ਪਿਛੋਂ ਜਾ ਕੇ ਪਾਕਿਸਤਾਨ ਦਾ ਵਿਦੇਸ਼ ਮੰਤਰੀ ਬਣਿਆ, ਪਲੇਟਫਾਰਮ 'ਤੇ ਮੇਰਾ ਇੰਤਜ਼ਾਰ ਕਰ ਰਿਹਾ ਸੀ, ਉਹ ਮੈਨੂੰ ਘਰ ਲੈ ਗਿਆ।

ਜੁਲਾਈ 1947 ਤਕ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਖਿਲਾਫ ਭੜਕੀ ਹਿੰਸਾ ਤੇ ਕਤਲੋਗਾਰਤ ਦੀਆਂ ਖਬਰਾਂ ਵੀ ਲਾਹੌਰ ਅੱਪੜਨ ਲੱਗ ਪਈਆਂ ਸਨ। ਇਸ ਦੇ ਨਾਲ ਨਾਲ ਮੁਸਲਮਾਨ ਹੋਰ ਭੜਕ ਉਠੇ। ਆਖ਼ਰੀ ਵਾਰ ਜਦੋਂ ਮੈਂ ਹਾਈਕੋਰਟ ਲੱਗ ਗਿਆ ਸਾਂ, ਉਸ ਦਿਨ ਨੈਸ਼ਨਲ ਕਾਲਜ ਦੇ ਦਰਜਨ ਸਿੱਖ ਵਿਦਿਆਰਥੀਆਂ ਨੂੰ ਹੱਥਕੜੀਆਂ ਪਹਿਨਾ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਉਨ੍ਹਾਂ 'ਤੇ ਆਪਣੇ ਕਾਲਜ ਅੱਗੋਂ ਲੰਘਦੀ ਸ਼ਾਹਰਾਹ 'ਤੇ ਦੋ ਮੁਸਲਮਾਨਾਂ ਦਾ ਕਤਲ ਕਰਨ ਦਾ ਦੋਸ਼ ਸੀ। ਉਨ੍ਹਾਂ 'ਚੋਂ ਇੱਕ ਗੰਗਾ ਸਿੰਘ ਢਿੱਲੋਂ ਸੀ ਜੋ ਬਾਅਦ ਵਿਚ ਖਾਲਿਸਤਾਨ ਦੀ ਮੰਗ ਨਾਲ ਜੁੜ ਗਿਆ ਸੀ। ਉਨ੍ਹਾਂ ਨੂੰ ਇਕੋ ਇਕੋ ਸਿੱਖ ਜੱਜ, ਜਸਟਿਸ ਤੇਜਾ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਉਸ ਨੇ ਉਨ੍ਹਾਂ ਦੀ ਝੱਟਪੱਟ ਜ਼ਮਾਨਤ ਕਰ ਦਿਤੀ। ਇਹੋ ਜਿਹੀ ਨਿਆਂ ਵਿਧੀ ਚੱਲ ਰਹੀ ਸੀ ਉਦੋਂ।

ਆਜ਼ਾਦੀ ਪ੍ਰਾਪਤੀ ਤੋਂ ਇਕ ਹਫ਼ਤਾ ਪਹਿਲਾਂ ਪੰਜਾਬ ਵਿਚ ਸੀ.ਆਈ.ਡੀ. ਦੀ ਮੁਖੀ ਕਰਿਸ ਐਵਰੈਟ, ਜੋ ਮੇਰੇ ਲੰਡਨ ਵਿਚ ਕਾਨੂੰਨ ਦੀ ਪੜ੍ਹਾਈ ਸਮੇਂ ਸਹਿਪਾਠਣ ਸੀ, ਨੇ ਮੈਨੂੰ ਜਲਦੀ ਤੋਂ ਜਲਦੀ ਲਾਹੌਰ ਛੱਡ ਜਾਣ ਲਈ ਕਿਹਾ। ਅਸੀਂ ਆਪਣੇ ਬੱਚੇ ਪਹਿਲਾਂ ਹੀ ਆਪਣੇ ਮਾਪਿਆਂ ਪਾਸ ਕਸੌਲੀ ਭੇਜ ਚੁੱਕੇ ਸਾਂ ਤੇ ਹੁਣ ਮੈਂ ਤੇ ਮੇਰੀ ਪਤਨੀ ਨੇ ਛੇ ਬਲੋਚੀ ਸਿਪਾਹੀਆਂ ਦੀ ਸੁਰੱਖਿਆ ਹੇਠ ਕਾਲਕਾ ਲਈ ਗੱਡੀ ਜਾ ਫੜੀ ਤਾਂ ਕਿ ਆਪਣੇ ਪਰਿਵਾਰ ਵਿਚ ਸ਼ਾਮਿਲ ਹੋ ਸਕੀਏ। ਸ਼ਿਮਲਾ ਤੋਂ ਵਾਪਸ ਆਉਂਦਾ ਮਨਜ਼ੂਰ ਕਾਦਰ ਸਾਨੂੰ ਮਿਲ ਗਿਆ ਤੇ ਅਸੀਂ ਆਪਣੇ ਘਰ ਦੀਆਂ ਚਾਬੀਆਂ ਉਹਦੇ ਸਪੁਰਦ ਕਰ ਦਿਤੀਆਂ। ਫੇਰ ਮੈਂ 13 ਅਗਸਤ 1947 ਨੂੰ ਦਿੱਲੀ ਪਹੁੰਚਿਆ। ਅਗਲੀ ਰਾਤ ਮੈਂ ਉਸ ਭੀੜ ਵਿਚ ਸ਼ਾਮਲ ਸਾਂ, ਜੋ ਸੰਸਦ ਭਵਨ ਦੇ ਸਾਹਮਣੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਮਾਰ ਰਹੀ ਸੀ। ਲਾਊਡ ਸਪੀਕਰ 'ਤੇ ਸੁਚੇਤਾ ਕ੍ਰਿਪਲਾਨੀ ਨੇ 'ਵੰਦੇ ਮਾਤਰਮ' ਗਾਇਆ। ਫਿਰ ਨਹਿਰੂ ਨੇ ਹੋਣੀ ਨਾਲ ਅਹਿਦ ਦਾ ਯਾਦਗਾਰੀ ਭਾਸ਼ਨ ਦਿਤਾ। ਇਹ ਕਿਹੋ ਜਿਹਾ ਅਹਿਦ ਸੀ। ਇਹ ਕਿਹੋ ਜਿਹੀ ਹੋਣੀ!!

ਵਿਅੰਗ

# ਮੈਨੂੰ ਤਾਂ ਬਸ ਫਖ਼ਰ ਹੈ...

ਗਿਆਨ ਚਤੁਰਵੇਦੀ (ਅਨੁਵਾਦ : ਪ੍ਰੋ. ਬਲਦੀਪ 98159-62853)

ਮੈਨੂੰ ਫਖ਼ਰ ਹੈ। ਕਿਸ ਗੱਲ 'ਤੇ ਫਖ਼ਰ ਹੈ, ਬਸ ਇਹ ਨਾ ਪੁੱਛੋ। ਪੁੱਛਣ ਵਾਲੀ ਗੱਲ ਵੀ ਨਹੀਂ ਤੇ ਕੋਈ ਬਹੁਤਾ ਪੁਛਦਾ ਵੀ ਨਹੀਂ। ਤੁਸੀਂ ਕਹਿ ਦਿਉ ਕਿ ਫਖ਼ਰ ਹੈ ਤਾਂ ਅਸੀਂ ਮੰਨ ਲਵਾਂਗੇ ਕਿ ਹੋਵੇਗਾ, ਭਰਾ। ਫਖ਼ਰ ਕਰਨ ਤੋਂ ਤੁਸੀਂ ਕਿਸੇ ਨੂੰ ਰੋਕ ਥੋੜ੍ਹਾ ਸਕਦੇ ਹੋ। ਜਦੋਂ ਆਦਮੀ ਮਨਾਹੀ ਵਾਲੀਆਂ ਚੀਜ਼ਾਂ ਕਰਨ ਤੋਂ ਨਹੀਂ ਰੁਕ ਸਕਦਾ ਤਾਂ ਫਖ਼ਰ ਕਰਨ ਦੀ ਤਾਂ ਕੋਈ ਕਾਨੂੰਨਨ ਮਨਾਹੀ ਵੀ ਨਹੀਂ। ਫਖ਼ਰ ਹੀ ਤਾਂ ਕਰ ਰਿਹਾ ਹੈ, ਕਰ ਲਵੇ। ਉਂਜ ਵੀ ਫਖ਼ਰ ਕਰਨ ਲਈ ਇਸ ਦੇਸ਼ ਵਿਚ ਏਨੀਆਂ ਚੀਜ਼ਾਂ ਹਨ ਕਿ ਜੇ ਆਦਮੀ ਨੂੰ ਵਿਹਲ ਹੋਵੇ ਜਾਂ ਉਸ ਦਾ ਮਨ ਕਰੇ ਤਾਂ ਉਹ ਹਰ ਰੋਜ਼ ਇਕ ਨਵੀਂ ਚੀਜ਼ ਉਤੇ ਫਖਰ ਕਰ ਸਕਦਾ ਹੈ। ਮੈਨੂੰ ਇਸ ਗੱਲ ਉਤੇ ਹੀ ਫਖ਼ਰ ਹੁੰਦਾ ਰਹਿੰਦਾ ਹੈ ਕਿ ਸਾਡੇ ਕੋਲ ਫਖ਼ਰ ਕਰਨ ਵਾਲੀਆਂ ਕਿੰਨੀਆਂ ਸਾਰੀਆਂ ਚੀਜ਼ਾਂ ਹਨ, ਏਨੀਆਂ ਜਿਆਦਾ ਕਿ ਇਕ ਉਤੇ ਫਖ਼ਰ ਕਰੋ ਤਾਂ ਦੂਜੀ ਝੱਟ ਸਾਹਮਣੇ ਆ ਖੜੀ ਹੁੰਦੀ ਹੈ। ਤੁਹਾਡਾ ਜੀਅ ਕਰੇ ਤਾਂ ਇਸ ਗੱਲ ਉਤੇ ਫਖ਼ਰ ਕਰ ਸਕਦੇ ਹੋ ਕਿ ਅਸੀਂ ਫਖ਼ਰ ਕਰਨ ਤੋਂ ਥੱਕਦੇ ਨਹੀਂ। ਹਿੰਦੁਸਤਾਨੀਆਂ ਤੋਂ ਇਲਾਵਾ ਹੋਰ ਕੋਈ ਕੌਮ ਹੁੰਦੀ ਤਾਂ ਉਸ ਨੇ ਹੁਣ ਤਕ ਫਖ਼ਰ ਕਰਨਾ ਬੰਦ ਕਰ ਦਿਤਾ ਹੁੰਦਾ। ਇਹ ਅਸੀਂ ਹੀ ਹਾਂ ਕਿ ਸਾਰੇ ਕੰਮ ਛੱਡ ਕੇ ਫਖ਼ਰ ਕਰਨ ਵਿਚ ਲਗੇ ਹੋਏ ਹਾਂ। ਫਖ਼ਰ ਕਰਨ ਵਿਚ ਬੜਾ ਮਜ਼ਾ ਹੈ, ਕਦੇ ਕਰ ਕੇ ਤਾਂ ਦੇਖੋ।

ਮੈਂ ਕਹਿ ਰਿਹਾ ਸੀ ਪਈ ਮੈਨੂੰ ਫਖ਼ਰ ਹੈ। ਤੁਸੀਂ ਤਾਂ ਪੁਛਿਆ ਨਹੀਂ, ਮੈਂ ਖ਼ੁਦ ਹੀ ਦਸ ਦਿੰਦਾ ਹਾਂ ਕਿ ਮੈਨੂੰ ਕਿਹੜੀ ਗੱਲ ਉਤੇ ਫਖ਼ਰ ਹੈ। ਕਈ ਗੱਲਾਂ ਉਤੇ ਹੁੰਦਾ ਹੈ। ਉਂਜ ਕਈ ਗੱਲਾਂ ਉਤੇ ਪਹਿਲਾਂ ਫਖ਼ਰ ਸੀ, ਹੁਣ ਉਨ੍ਹਾਂ ਉਤੇ ਹਾਸਾ ਆਉਂਦਾ ਹੈ। ਪਹਿਲਾਂ ਕਾਫੀ ਦੇਰ ਤਕ ਮੈਨੂੰ ਭਾਰਤੀ ਸੰਸਕ੍ਰਿਤੀ ਉਤੇ ਫਖ਼ਰ ਹੁੰਦਾ ਰਿਹਾ। ਉਹ ਸ਼ੁਰੂ ਸ਼ੁਰੂ ਦੇ ਦਿਨ ਸਨ। ਆਦਮੀ ਨੂੰ ਜਦੋਂ ਫਖ਼ਰ ਹੋਣਾ ਸ਼ੁਰੂ ਹੋਵੇ ਤਾਂ ਸ਼ੁਰੂ ਵਿਚ ਫਖ਼ਰ ਕਰਨ ਵਾਸਤੇ ਭਾਰਤੀ ਸੰਸਕ੍ਰਿਤੀ ਬੜੀ ਮੁਫੀਦ ਚੀਜ਼ ਹੁੰਦੀ ਹੈ। ਇਕਦਮ ਤਿਆਰ ਬਰ ਤਿਆਰ। ਜਦੋਂ ਵੀ ਫਖ਼ਰ ਕਰਨ ਨੂੰ ਮਨ ਕਰੇ ਜਾਂ ਸਮਝ ਨਾ ਆ ਰਹੀ ਹੋਵੇ, ਕਾਹਦੇ ਉਤੇ ਫਖ਼ਰ ਕਰੀਏ ਤਾਂ ਆਦਮੀ ਅਜਿਹੀ ਹਾਲਤ ਵਿਚ ਭਾਰਤੀ ਸੰਸਕ੍ਰਿਤੀ ਉਤੇ ਫਖ਼ਰ ਕਰ ਸਕਦਾ ਹੈ। ਇਹ ਹਰ ਵੇਲੇ ਹਾਜ਼ਰ ਹੈ। ਫਖ਼ਰ ਆਪਣੇ ਆਪ ਉਤੇ ਕਰ ਸਕਦੇ ਹੈ। ਇਸ ਤਰ੍ਹਾਂ ਨਾ ਕੋਈ ਰੋਕਦਾ ਹੈ, ਨਾ ਟੋਕਦਾ ਹੈ, ਨਾ ਸਵਾਲ ਕਰਦਾ ਹੈ, ਨਾ ਹੈਰਾਨ ਹੁੰਦਾ ਹੈ। ਇਹ ਚੀਜ਼ ਤਾਂ ਫਖ਼ਰ ਕਰਨ ਲਈ ਹੀ ਬਣੀ ਸਮਝੀ ਜਾਂਦੀ ਹੈ। ਤੁਸੀਂ ਅਜਿਹਾ ਕਰੋਗੇ ਤਾਂ ਕਈ ਹੋਰ ਲੋਕ ਵੀ ਤੁਹਾਡੇ ਉਤੇ ਫਖ਼ਰ ਕਰਨ ਲੱਗ ਜਾਣਗੇ ਕਿ ਆਦਮੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ ਤੇ ਆਪਣੀ ਸੰਸਕ੍ਰਿਤੀ ਉਤੇ ਫਖ਼ਰ ਕਰ ਰਿਹਾ ਹੈ। ਕੋਈ ਨਹੀਂ ਪੁਛਦਾ ਕਿ ਭਾਈ ਤੂੰ ਭਾਰਤੀ ਸੰਸਕ੍ਰਿਤੀ ਬਾਰੇ ਕਿੰਨਾ ਕੁ ਜਾਣਦਾ ਹੈਂ, ਜੋ ਤੈਨੂੰ ਏਨਾ ਫਖ਼ਰ ਹੋ ਰਿਹਾ ਹੈ। ਉਂਜ ਇਹੋ ਜਿਹਾ ਸਵਾਲ ਕਰਨਾ ਵੀ ਭਾਰਤੀ ਸੰਸਕ੍ਰਿਤੀ ਦਾ ਵਿਰੋਧ ਕਰਨ ਦੇ ਤੁਲ ਹੋਵੇਗਾ। ਫਖ਼ਰ ਕਰਨ ਦੀ ਸ਼ੁਰੂਆਤ ਮੈਂ ਵੀ ਇਥੋਂ ਹੀ ਕੀਤੀ ਸੀ। ਮੈਂ ਆਪਣੀ ਹਰ ਤਕਰੀਰ ਜਾਂ ਗੱਲਬਾਤ ਵਿਚ ਪਹਿਲਾਂ ਪਹਿਲਾਂ ਕਿਸੇ ਬਹਾਨੇ ਵਿਚ ਇਹ ਕਹਿੰਦਾ ਹੁੰਦਾ ਸੀ ਕਿ ਮੈਨੂੰ ਭਾਰਤੀ ਸੰਸਕ੍ਰਿਤੀ ਉਤੇ ਬੜਾ ਫਖ਼ਰ ਹੈ। ਉਸ ਵੇਲੇ ਮੈਨੂੰ ਵਿਸ਼ਵਾਸ ਸੀ ਕਿ ਇੰਜ ਕਹਿਣ ਨਾਲ ਹੀ ਮੇਰੀ ਗੱਲਬਾਤ ਵਿਚ ਇਕ ਕਿਸਮ ਦਾ ਰਾਸ਼ਟਰੀ ਗੌਰਵ ਜਿਹਾ ਆ ਜਾਵੇਗਾ।

ਬਾਅਦ 'ਚ ਮੇਰੇ ਗੌਰਵ ਦਾ ਘੇਰਾ ਮੋਕਲਾ ਹੋਣ ਲਗਿਆ ਤੇ ਇਸ ਨੇ ਪ੍ਰੰਪਰਾਵਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਮੈਨੂੰ ਪ੍ਰੰਪਰਾਵਾਂ ਉਤੇ ਫਖ਼ਰ ਹੋਣ ਲੱਗ ਪਿਆ। ਸਾਹਿਤ ਤੋਂ ਲੱਚਰਤਾ ਤਕ ਕਿੰਨੀਆਂ ਸਾਰੀਆਂ ਪ੍ਰੰਪਰਾਵਾਂ ਸਨ ਜਿਨ੍ਹਾਂ ਉਤੇ ਲੋਕਾਂ ਨੂੰ ਮਾਣ ਹੁੰਦਾ ਸੀ, ਮੈਨੂੰ ਵੀ ਹੋਣ ਲੱਗਾ। ਮੈ ਕੁੱਝ ਵੀ ਨਾ ਕਰਾਂ ਪਰ ਮੈਨੂੰ ਫਖ਼ਰ ਸੀ ਕਿ ਇੱਕ ਪ੍ਰੰਪਰਾ ਹੈ ਸਾਡੀ। ਇਸ ਤੋਂ ਬਾਅਦ ਤਾਂ ਯਾਨੀ ਮੇਰੇ ਗੌਰਵ ਦੇ ਬੰਨ੍ਹ ਹੀ ਟੁੱਟ ਗਏ। ਮੇਰੇ ਚਾਚਾ ਜੀ ਨੇ ਮੈਨੂੰ ਦਸਿਆ ਕਿ ਤੈਨੂੰ ਇਸ ਗੱਲ ਦਾ ਫਖ਼ਰ ਹੋਣਾ ਚਾਹੀਦਾ ਹੈ ਕਿ ਤੂੰ ਬ੍ਰਾਹਮਣ ਹੈਂ। ਇਹ ਜਾਣ ਕੇ ਮੈਨੂੰ ਹੈਰਾਨੀ ਹੋਈ ਕਿ ਪੈਦਾ ਹੁੰਦੇ ਹੀ ਮੈਂ ਫਖ਼ਰ ਕਰਨਯੋਗ ਚੀਜ਼ ਸਾਂ ਕਿਉਂਕਿ ਮੈਂ ਇਤਫਾਕ ਵੱਸ ਬ੍ਰਾਹਮਣ ਦੇ ਘਰ ਪੈਦਾ ਹੋਇਆ ਸੀ। ਬ੍ਰਾਹਮਣ ਹੋਣ ਵਿਚ ਮੇਰਾ ਕੀ ਰੋਲ ਹੈ ਤੇ ਬ੍ਰਾਹਮਣ ਹੋਣ ਵਿਚ ਫਖ਼ਰ ਵਾਲੀ ਅਜਿਹੀ ਕਿਹੜੀ ਗੱਲ ਹੈ। ਇਹ ਗੱਲ ਮੈਂ ਉਨ੍ਹਾਂ ਤੋਂ ਨਹੀਂ ਪੁੱਛੀ, ਕਿਉਂਕਿ ਚਾਚਾ ਜੀ ਅਜਿਹੇ ਪ੍ਰਸ਼ਨਾਂ ਦਾ ਉਤਰ ਅਕਸਰ ਕੁੱਟ ਮਾਰ ਵਿਚ ਹੀ ਦਿੰਦੇ ਸਨ। ਬ੍ਰਾਹਮਣ ਹੋਣ ਤੋਂ ਇਲਾਵਾ ਉਨ੍ਹਾਂ ਕੋਲ ਫਖ਼ਰ ਕਰਨ ਨੂੰ ਹੋਰ ਕੁੱਝ ਸੀ ਵੀ ਨਹੀਂ। ਉਥੇ ਖੜੇ ਮੇਰੇ ਚਚੇਰੇ ਭਰਾ ਨੇ ਤਾਂ ਇਹ ਵੀ ਸਮਝਾਇਆ ਸੀ ਕਿ ਤੂੰ ਇਸ ਗੱਲ ਉਤੇ ਫਖ਼ਰ ਕਰਿਆ ਕਰ ਕਿ ਤੂੰ ਚਤੁਰਵੇਦੀ ਹੈਂ ਤੇ ਚੁਤਰਵੇਦੀਆਂ ਵਿਚੋਂ ਵੀ ਮੱਥਰਾ ਦਾ ਚੌਬੇ ਹੈਂ। ਫਿਰ ਉਥੇ ਮੌਜੂਦ ਸਾਡੇ ਮਾਮਾ ਜੀ ਨੇ ਇਸ ਵਿਚ ਫਖ਼ਰ ਕਰਨ ਯੋਗ ਕੁੱਝ ਹੋਰ ਚੀਜ਼ਾਂ ਜੋੜਦੇ ਹੋਏ ਇਹ ਸਮਝਾਇਆ ਕਿ ਤੈਨੂੰ ਇਸ ਗੱਲ ਉਤੇ ਖਾਸ ਤੌਰ 'ਤੇ ਫਖ਼ਰ ਹੋਣਾ ਚਾਹੀਦਾ ਹੈ ਕਿ ਤੂੰ ਤਿਜੋਤੀਆਂ ਬ੍ਰਾਹਮਣ ਹੈਂ ਤੇ ਉਤੋਂ ਗੌਤਮ ਗੋਤ ਦਾ ਹੈਂ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਨ੍ਹਾਂ ਵਿਚੋਂ ਕਿਸ ਚੀਜ਼ 'ਤੇ ਕਿੰਨਾ ਫਖ਼ਰ ਕਰਾਂ।

ਮੈਂ ਸਾਰੀ ਜਵਾਨੀ ਆਪਣੀ ਜ਼ਾਤ ਉਤੇ ਫਖ਼ਰ ਕਰਦਾ ਰਿਹਾ। ਬਾਅਦ ਵਿਚ ਬਿਨਾਂ ਕਾਰਨ ਹੀ ਫਖ਼ਰ ਕਰਨੀ ਵਾਲੀਆਂ ਏਨੀਆਂ ਗੱਲਾਂ ਜੁੜ ਗਈਆਂ ਕਿ ਤਿੰਨ ਪੀੜੀਆਂ ਫਖ਼ਰ ਕਰੀ ਜਾਣ ਨਾਲ ਵੀ ਕੰਮ ਨਹੀਂ ਸੀ ਮੁਕਣਾ। ਕਿੰਨੀਆਂ ਗੱਲਾਂ ਉਤੇ ਫਖ਼ਰ ਹੋ ਰਿਹੈ ਦੇਸ਼ ਵਿਚ, ਇਹ ਸੋਚ ਕੇ ਹੀ ਹੈਰਾਨ ਹੋ ਜਾਈਦਾ ਹੈ। ਸਾਡਾ ਦੇਸ਼ ਬਹੁਤ ਪ੍ਰਾਚੀਨ ਹੈ। ਇਹ ਗੱਲ ਹੀ ਫਖ਼ਰ ਕਰਨ ਵਾਲੀ ਹੈ। ਇਕ ਸੱਜਣ ਸਮਝਾਉਣ ਲੱਗੇ ਕਿ ਤੂੰ ਤਾਂ ਹਰ ਰੋਜ਼ ਲੋਕਤੰਤਰ ਉਤੇ ਫਖ਼ਰ ਕਰਿਆ ਕਰ ਕਿਉਂ ਕਿ ਸਾਡੇ ਦੇਸ਼ ਵਿਚ ਇਸ ਗੱਲ ਉਤੇ ਫਖ਼ਰ ਕਰਨ ਦੀ ਪ੍ਰੰਪਰਾ ਹੈ। ਅਫਸਰਸ਼ਾਹੀ ਤੇ ਭ੍ਰਿਸ਼ਟ ਰਾਜਨੀਤੀ ਦੇ ਖੇਤ ਵਿਚ ਡਰਨੇ ਵਾਂਗ ਖੜੇ ਲੋਕਤੰਤਰ ਉਤੇ ਫਖ਼ਰ ਕਰਾਂ ਤਾਂ ਕਿਵੇਂ ਕਰਾਂ। ਇਹ ਗੱਲ ਮੈਂ ਕਿਸੇ ਨੂੰ ਨਹੀਂ ਕਹੀ ਕਿਉਂਕਿ ਲੋਕਤੰਤਰ ਅਸਹਿਮਤ ਆਦਮੀ ਨੂੰ ਟਿਕਾਣੇ ਲਾਉਣ ਲਈ ਸੁਤੰਤਰ ਹੈ ਅਤੇ ਇਸ ਸੁਤੰਤਰਤਾ ਉਤੇ ਵੀ ਲੋਕਾਂ ਨੂੰ ਫਖ਼ਰ ਹੈ। ਇਥੇ ਮੁਸਲਮਾਨਾਂ ਦੇ ਹੋਸ਼ ਟਿਕਾਣੇ ਲਿਆਉਣ ਵਾਲਿਆਂ ਉਤੇ ਫਖ਼ਰ ਕਰਨ ਵਾਲਿਆਂ ਬਾਰੇ ਤੁਸੀਂ ਜਾਣਦੇ ਹੀ ਹੋ। ਸਾਹਿਤ ਵਿਚ ਜਿੰਨਾ ਫਖ਼ਰ ਆਪਣੇ ਬੰਦੇ ਦੀ ਬੇਕਾਰ ਕਿਤਾਬ ਨੂੰ ਪੁਰਸਕਾਰ ਦਿਵਾ ਕੇ ਹੁੰਦਾ ਹੈ, ਉਸ ਤੋਂ ਵੱਧ ਫਖ਼ਰ ਆਪਣੇ ਆਪ ਨੂੰ ਵਿਦਵਾਨ ਕਹਾਉਣ ਵਾਲੇ ਅੱਛੇ ਲੇਖਕ ਦਾ ਪਤਾ ਕਟਵਾ ਕੇ ਹੁੰਦਾ ਹੈ। ਦੇਸ਼ ਵਿਚ ਹੋਏ ਘੁਟਾਲਿਆਂ ਉਤੇ ਪ੍ਰੈੱਸ ਕਾਨਫਰੰਸ ਕਰ ਕੇ ਫਖ਼ਰ ਨਾਲ ਕਹਿਣਾ ਕਿ ਕੋਈ ਘੁਟਾਲਾ ਨਹੀਂ ਹੋਇਆ, ਇਹ ਇਕ ਨਵੀਂ ਕਿਸਮ ਦਾ ਫਖ਼ਰ ਹੈ, ਇਹ ਜਿਨ੍ਹਾਂ ਬੇਸ਼ਰਮ ਲੋਕਾਂ ਨੇ ਚਲਾਇਆ ਹੈ, ਉਨ੍ਹਾਂ ਦੀ ਹਿੰਮਤ ਉਤੇ ਹਾਈ ਕਮਾਂਡ ਨੂੰ ਫਖ਼ਰ ਹੈ। ਚਾਰ ਚੁਫੇਰੇ ਏਨਾ ਫਖ਼ਰ ਹੈ ਕਿ ਫਖ਼ਰ ਕਰਨ ਉਤੇ ਵੀ ਸ਼ਰਮ ਆਉਣ ਲੱਗੀ ਹੈ। ਮੈਨੂੰ ਹੁਣ ਸ਼ਰਮ ਆਉਂਦੀ ਹੈ ਕਿ ਮੈਨੂੰ ਫਖ਼ਰ ਹੈ, ਮੁਆਫ ਕਰਨਾ, ਮੈਨੂੰ ਫਖ਼ਰ ਸੀ। ਤੁਸੀਂ ਖੁਦ ਵੀ ਫਖ਼ਰ ਕਰੋ ਨਾ ਕਰੋ। ਇਥੇ ਫਖ਼ਰ ਕਰਨ ਵਾਲੀ ਚੀਜ਼ ਜਾਂ ਵਿਅਕਤੀ ਉਤੇ ਕਦੋਂ ਸ਼ਰਮ ਆਉਣ ਲੱਗ ਜਾਵੇ, ਇਸ ਗੱਲ ਦਾ ਕੋਈ ਭਰੋਸਾ ਨਹੀਂ।

## "ਡਾ. ਜੋਗਿੰਦਰ ਸਿੰਘ ਨਿਰਾਲਾ ਦੀ ਕਹਾਣੀਕਾਰ ਲਾਲ ਸਿੰਘ ਦਸੂਹਾ ਨਾਲ ਮੁਲਾਕਾਤ"

# "ਜੋ ਕਹਾਂਗਾ-ਸੱਚ ਕਹਾਂਗਾ ..ਪਰ !!!" --ਲਾਲ ਸਿੰਘ

? ਤੁਸੀਂ ਕਹਾਣੀ ਲਿਖਣ ਦਾ ਆਰੰਭ ਕਿਨ੍ਹਾਂ ਮੰਤਵਾਂ ਨਾਲ ਕੀਤਾ ?

- ਸਾਹਿਤ ਦੀ ਭੂਮਿਕਾ ਬਦਲਦੇ ਪਰਿਪੇਖ ਨਾਲ ਬਦਲਦੀ ਰਹੀ ਹੈ। ਰਜਵਾੜਾ- ਸ਼ਾਹੀ ਯੁੱਗ ਤੱਕ ਸਾਹਿਤ ਕੇਵਲ ਮਨੋਰੰਜਨ ਦਾ ਵਸੀਲਾ ਸੀ। ਸਾਮੰਤਵਾਦੀ ਵਰਤਾਰੇ ਦੇ ਦੋਹਰੇ - ਤੀਹਰੇ ਦਬਾਅ ਨੇ ਸਾਹਿਤ ਤੋਂ ਹੋਰ ਵਡੇਰੀ ਭੂਮਿਕਾ ਦੀ ਮੰਗ ਕੀਤੀ। ਇਸ ਮੰਗ- ਪੂਰਤੀ ਵਜੋਂ ਸਾਹਿਤ ਨੇ ਮਨੋਰੰਜਨ ਦੇ ਨਾਲ-ਨਾਲ ਪਾਠਕ ਦੇ ਅੰਦਰ ਨੂੰ ਵੀ ਝੰਜੋੜਨਾ ਸੀ ਅਤੇ ਝੰਜੋੜਿਆ ਵੀ। ਸਾਹਿਤ ਦੀਆਂ ਇਹਨਾਂ ਦੋਨਾਂ ਭੂਮਿਕਾਵਾਂ ਵਿਚੋਂ ਪਹਿਲੀ ਨੇ ਮਨੁੱਖ ਨੂੰ ਸਮਕਾਲ ਦੇ ਵਰਤਾਰੇ ਦਾ ਸ਼ਰਧਾਲੂ ਬਣਾਈ ਰੱਖਿਆ ਤੇ ਵਰਤਾਰੇ ਦੀਆਂ ਕਈ ਸਾਰੀਆਂ ਵਿਸੰਗਤੀਆਂ ਵੱਲ ਉਸ ਦਾ ਧਿਆਨ ਹੀ ਨਹੀਂ ਜਾਣ ਦਿੱਤਾ। ਅਤੇ ਦੂਸਰੀ ਭੂਮਿਕਾ 'ਚ ਵਿਸੰਗਤੀਆਂ ਅਤੇ ਅੰਤਰ-ਵਿਰੋਧਾਂ ਕਾਰਨ ਮਨੁੱਖ ਅੰਦਰ ਪੈਦਾ ਹੋਈ ਰੰਜਸ਼ ਜਾਂ ਥੋੜ੍ਹੀ ਕੁ ਜਿੰਨੀ ਖਿਝ ਜਾਂ ਵਿਰੋਧ ਦੀ ਤੀਬਰਤਾ ਨੂੰ ਘੱਟ ਕਰ ਦਿੱਤਾ ਜਾਂ ਉਕਾ ਹੀ ਇਸ ਤਰ੍ਹਾਂ ਦੇ ਭਾਵਾਂ ਦਾ ਵਿਸਰਜਨ ਕਰ ਮਾਰਿਆ। ਭਗਤੀ ਲਹਿਰ ਦਾ ਬਹੁਤਾ ਸਾਹਿਤ ਅਤੇ ਮੁੱਢਲਾ ਆਦਰਸ਼ਵਾਦੀ ਪਹੁੰਚ ਵਾਲਾ ਸਾਹਿਤ ਇਸ ਤੱਥ ਦੀਆਂ ਉਘੜਵੀਆਂ ਉਦਾਰਹਣਾਂ ਹਨ ।

ਇਹਨਾਂ ਪੜਾਵਾਂ ਤੋਂ ਅਗਾਂਹ ਚੱਲ ਕੇ ਸਾਹਿਤ ਨੇ ਮਨੋਰੰਜਨ ਤੇ ਮਨੋਵਿਰੇਚਨ ਵਰਗੇ ਉਦੇਸ਼ਾਂ ਤੋਂ, ਇਕ ਭਰਵਾਂ ਕਦਮ ਅਗਾਂਹ ਪੁੱਟ ਕੇ ਸਮਾਜਿਕ ਤਬਦੀਲੀ ਲਈ ਇਕ ਕਾਰਗਰ ਹਥਿਆਰ ਵਜੋਂ ਵੀ ਆਪਣੀ ਭੂਮਿਕਾ ਦਰਜ ਕਰਵਾਈ। " ਮਾਰਕਸਵਾਦ ਇਕ ਵਿਗਿਆਨ ਹੈ "

? ਅਜਿਹਾ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਹੁਣ ਮਾਰਕਸਵਾਦ ੀਂ ਘਾਰ ਵੱਲ ਚਲੇ ਗਿਆ ਹੈ, ਜਿਸ ਕਾਰਨ ਸਾਹਿਤ ਦੇ ਪ੍ਰਗਤੀਵਾਦੀ ਦੌਰ ਦਾ ਅੰਤ ਹੋ ਗਿਆ ਹੈ। ਤੁਸੀਂ ਫਿਰ ਵੀ ਪ੍ਰਗਤੀਵਾਦੀ ਧਾਰਨਾ ਵਾਲੀਆਂ ਲਿਖਤਾਂ ਨਾਲ ਮੋਹ ਪਾਲ ਰਹੇ ਹੋ?

- ਜਿੱਥੋਂ ਤੱਕ ਮਾਰਕਸਵਾਦ ਦੇ ਘਾਰ ਵੱਲ ਚਲੇ ਜਾਣ ਦਾ ਸੰਬੰਧ ਹੈ, ਇਸ ਨਾਲ ਮੇਰਾ ਸਹਿਮਤ ਹੋਣਾ ਔਖਾ ਹੀ ਨਹੀਂ , ਨਾ-ਮੁਮਕਿਨ ਵੀ ਹੈ। ਮਾਰਕਸਵਾਦ ਇਕ ਵਿਗਿਆਨ ਹੈ। ਕਿਸੇ ਵੀ ਯੁੱਗ ਦੀ ਸਮਾਜਿਕ ਚੌਖਟ ਦਾ ਸਫ਼ਲ ਵਿਸ਼ਲੇਸ਼ਕ। ਸਮਕਾਲ ਦੀ ਰਾਜਨੀਤੀ, ਆਰਥਿਕਤਾ, ਸੱਭਿਆਚਾਰ ਨੂੰ ਸਮਝਣ-ਪਰਖਣ ਦੀ ਡਾਇਲੈਕਟਿਕਸ। ਤੇ ਡਾਇਲੈਕਟਿਕਸ ਵੀ ਇਤਿਹਾਸ-ਮੁਖੀ, ਯਥਾਰਥ-ਮੁਖੀ ਨਾ ਕਿ ਹਵਾਈ। ਭਾਰਤੀ, ਪੰਜਾਬੀ ਸਮਾਜ ਇਕੋ ਵੇਲੇ ਕਬੀਲਦਾਰੀ, ਸਾਮੰਤੀ, ਪੂੰਜੀਕਾਰੀ ਸਮਾਜਵਾਦੀ-ਪ੍ਰਬੰਧੀ ਚੇਸ਼ਟਾ ਦਾ ਮਿਲਭੋਗਾ ਜਿਹਾ ਬਣਿਆ ਪਿਆ। ਪਿਛਲੀ ਸਦੀ ਅੰਦਰ ਸਾਮੰਤਸ਼ਾਹੀ ਦੇ ਇਕ ਹੱਦ ਤੱਕ ਹੋਏ ਵਿਸਰਜਣ ਅਤੇ ਪੂੰਜੀਵਾਦ ਦੀ ਚੜ੍ਹਤ ਅੰਦਰ ਮਾਨਵੀ ਕਦਰਾਂ-ਕੀਮਤਾਂ ਦੀ ਜੇ ਕਿਸੇ ਸਿਧਾਂਤ ਨੇ ਰਾਖੀ ਕੀਤੀ ਹੈ ਤਾਂ ਉਹ ਮਾਰਕਸਵਾਦ ਨੂੰ ਪ੍ਰਣਾਏ ਸਮਾਜਵਾਦੀ ਸਮਾਜਿਕ ਪ੍ਰਬੰਧਕ ਅਤੇ ਇਸ ਦੇ ਸਾਹਿਤਕ ਬਿੰਬ ਪ੍ਰਗਤੀਵਾਦ ਨੇ ਹੀ ਕੀਤੀ, ਪਰ ਵੀਹਵੀਂ ਸਦੀ ਦੇ ਦਸਵੇਂ ਦਹਾਕੇ ਦੇ ਸ਼ੁਰੂ ਵਿਚ ਮਾਰਕਸਵਾਦੀ ਪ੍ਰਣਾਲੀ ਦੇ ਰਾਜਨੀਤਕ ਸੰਗਠਨ ਦੇ ਵਿਸਰ ਜਾਣ ਨੂੰ ਮਾਰਕਸਵਾਦ ਦੇ ੀਂ ਘਾਰ ਦੀ ਸੰਗਿਆ ਬਿਲਕੁਲ ਨਹੀਂ ਦਿੱਤੀ ਜਾ ਸਕਦੀ। ਇਸ ਸਬੰਧੀ ਮਾਰਕਸਵਾਦੀ ਚਿੰਤਕ ਪ੍ਰੋ ਰਣਧੀਰ ਸਿੰਘ ਦੀ ਟਿੱਪਣੀ" ਪ੍ਰਗਤੀਵਾਦੀ ਦੌਰ ਦੇ ਅੰਤ" ਹੋ ਜਾਣ ਦੀ ਖੁਸ਼-ਫਹਿਮੀ ਵਿਚ ਵਿਚਰਦੇ ਸ਼ਰਧਾਹੀਣ ਬੁੱਧੀਵਾਦੀਆਂ ਨੂੰ ਭਰਵਾਂ ਹਲੂਣਾ ਦੇਣ ਦੇ ਸਮਰੱਥ ਹੈ। ਉਹਨਾਂ ਅਨੁਸਾਰ 'ਅੱਜ ਦੀ ਤ੍ਰਾਸਦੀ ਇਹ ਹੈ ਕਿ ਇਸ ਸਮੇਂ ਪੂਰੀ ਦੁਨੀਆ ਸਭ ਤੋਂ ਵੱਧ ਮਾਰਕਸਵਾਦੀ ਢੰਗ ਨਾਲ ਵਿਚਰ ਰਹੀ ਹੈ, ਪਰ ਸਭ ਤਰ੍ਹਾਂ ਦੇ ਸਿਆਣੇ ਬੰਦੇ ਮਾਰਕਸ ਨੂੰ ਬੀਤੇ ਦੀ ਗੱਲ ਕਹਿ ਰਹੇ ਹਨ।"

? ਲਹਿਰਾਂ ਤੇ ਪ੍ਰਭਾਵ ਤੋਂ ਉਪਜੀ ਕਹਾਣੀ ਦਾ ਸਾਹਿਤ ਵਿੱਚ ਕੀ ਸਥਾਨ ਬਣਦਾ?

- ਲਹਿਰਾਂ ਜ਼ਿੰਦਗੀ ਦੇ ਵਿਸ਼ਾਲ ਤਜਰਬੇ ਦਾ ਨਿਚੋੜ ਹੁੰਦੀਆਂ ਹਨ। ਇਹਨਾਂ ਦਾ ਪ੍ਰਭਾਵ ਸਾਹਿਤ 'ਤੇ ਪੈਣਾ ਹੀ ਪੈਣਾ ਹੈ। ਇਸ ਵਿਚ ਸ਼ਰਮਿੰਦੇ ਹੋਣ ਵਾਲੀ ਕੋਈ ਗੱਲ ਨਹੀਂ । ਭਗਤੀ ਲਹਿਰ ਦਾ ਪ੍ਰਭਾਵ ਮਾਨਵਵਾਦੀ ਹੈ। ਇਹ ਮਨੁੱਖ ਅੰਦਰ ਗਹਿਰੀ ਕੋਮਲਤਾ ਪੈਦਾ ਕਰਦੀ ਹੈ। ਸਮਾਜ-ਸੁਧਾਰਕ ਲਹਿਰਾਂ, ਰਾਜਨੀਤਕ ਲਹਿਰਾਂ ਦੇ ਆਪਣੇ ਉਦੇਸ਼ ਹਨ। ਪ੍ਰਗਤੀਵਾਦੀ ਲਹਿਰ ਸਾਹਮਣੇ, ਸਮਾਜਿਕ ਬਦਲਾਅ ਇੱਕੋ ਇਕ ਟੀਚਾ ਹੈ। ਇਸ ਟੀਚੇ ਨੂੰ ਮੁੱਖ ਰੱਖਦਿਆਂ ਰਚੀ ਗਈ ਜਾਂ ਰਚੀ ਜਾ ਰਹੀ ਕਹਾਣੀ ਦਾ ਕਹਾਣੀ-ਇਤਿਹਾਸ ਇਕ ਅਹਿਮ ਪ੍ਰਾਪਤੀ ਵਜੋਂ ਅੰਕਿਤ ਹੋਇਆ ਹੈ। ਪਰ, ਕਈ ਵਾਰ ਕਹਾਣੀਕਾਰ, ਸਾਹਿਤਕਾਰ ਲਹਿਰ ਦੀ ਰਾਜਸੀ ਗੁਲਾਮੀ ਕਰਦਾ, ਲਹਿਰ ਨੂੰ ਅਮਲ ਤੇ ਚੇਤਨਾ ਦੇ ਚਮਤਕਾਰੀ ਰੂਪ ਵਿਚ ਨਹੀਂ ਢਾਲ ਸਕਿਆ ਹੁੰਦਾ। ਇਸ ਕਰਕੇ ਉਸ ਦੀ ਕਿਰਤ ਦਾ ਕੱਦ-ਬੁੱਤ ਕਾਫੀ ਛੋਟਾ ਰਹਿ ਗਿਆ ਹੈ। ਨਕਸਲਵਾਦੀ ਲਹਿਰ ਦੇ ਪ੍ਰਭਾਵ ਹੇਠ ਲਿਖੀ ਗਈ ਕਾਫੀ ਸਾਰੀ ਕਹਾਣੀ ਵੀ ਇਸ ਦੋਸ਼ ਦਾ ਭਾਗੀਦਾਰ ਬਣੀ ਹੈ।

ਉਂਜ ਲਹਿਰਾਂ ਮਨੁੱਖੀ ਜ਼ਿੰਦਗੀ ਦੇ ਪ੍ਰਵਾਹ ਦਾ ਵਿਰਸਾ ਹਨ । ਇਹਨਾਂ ਨਾਲ ਜੁੜਦਿਆਂ ਵਿਰਸੇ ਦੇ ਸੂਹਜ ਨੂੰ ਬਿਲਕੁਲ ਨਹੀਂ ਭੁੱਲਣਾ ਚਾਹੀਦਾ। ਸਾਹਿਤਕ ਪ੍ਰਤਿਭਾ ਮੌਲਿਕ ਹੁੰਦੀ ਹੈ। ਲਹਿਰਾਂ ਇਸ ਨੂੰ ਵਧਣ-ਮੌਲਣ ਲਈ ਯੋਗ ਵਾਤਾਵਰਣ ਮੁਹੱਈਆ ਕਰਦੀਆਂ ਹਨ। ਪਰ ਕਿਹੜੇ ਵਿਅਕਤੀ ਦੀ ਸ਼ਖ਼ਸ਼ੀਅਤ ਨੇ ਕਿਹੜੀ ਦਿਸ਼ਾ ਵਿੱਚ ਪ੍ਰਫੁੱਲਤਾ ਹੋਣੈ, ਇਹ ਕਹਿਣਾ ਬਹੁਤ ਔਖਾ ਹੈ। ਉਦਾਹਰਣ ਹਿਤ ਸ ਮਹਿਤਾਬ ਸਿੰਘ ਧਾਰਮਿਕ ਵਿਅਕਤੀ ਸਨ। ਉਹਨਾਂ ਦਾ ਇਕ ਪੁੱਤਰ ਪ੍ਰੀਤਮ ਸਿੰਘ ਸਫੀਰ ਦਾਰਸ਼ਨਿਕ ਕਵਿਤਾ ਲਿਖਦਾ ਸੀ, ਦੂਜਾ ਪੁੱਤਰ ਜਗਜੀਤ ਸਿੰਘ ਆਨੰਦ ਪੂਰੇ ਦਾ ਪੂਰਾ ਮਾਰਕਸਵਾਦੀ। ਇਹ ਅੰਤਰ ਲਹਿਰਾਂ ਦੇ ਪ੍ਰਭਾਵ ਕਾਰਨ ਵਾਪਰਿਆ। ਇਕ ਨੇ ਧਾਰਮਿਕ ਲਹਿਰ ਨਾਲ ਮੋਹ ਪਾਲਿਆ, ਦੂਜੇ ਨੇ ਰਾਜਨੀਤਕ- ਸਮਾਜਿਕ - ਸੱਭਿਆਚਾਰਕ ਲਹਿਰ ਨਾਲ।

? ਤੁਸੀ ' ਪ੍ਰਤੀਬੱਧ ਕਹਾਣੀਕਾਰ ' ਵਜੋਂ ਜਾਣੇ ਜਾਂਦੇ ਹੋ ? ਸਿਧਾਂਤਕ ਪ੍ਰਤੀਬੱਧਤਾ ਤੁਹਾਡੀ ਕਹਾਣੀ ਦੀ ਸਿਰਜਣਾ ਵਿਚ ਰੁਕਾਵਟ ਤਾਂ ਨਹੀਂ ਬਣਦੀ?

- ਸਿਧਾਂਤਕ ਪ੍ਰਤੀਬੱਧਤਾ, ਮੇਰੀ ਕਹਾਣੀ ਦੀ ਸਿਰਜਣਾ ਵਿਚ ਰੁਕਾਵਟ ਬਣਦੀ ਵੀ ਹੈ ਅਤੇ ਨਹੀਂ ਵੀ। ਬਣਦੀ ਉਦੋਂ ਹੈ ਜਦੋਂ ਸਥਿਤੀ ਘਟਨਾ ਜਾਂ ਪਾਤਰ ਕਹਿਣ-ਗੋਚਰੀ ਗੱਲ ਦੇ ਹਾਣ ਦਾ ਪੇਸ਼ ਨਾ ਕੀਤਾ ਜਾ ਸਕੇ। ਪਰ ਜੇ, ਸਥਿਤੀ, ਘਟਨਾ ਜਾਂ ਪਾਤਰ ਕਹਿਣ ਗੋਚਰੀ ਗੱਲ ਦੇ ਹਾਣ ਦਾ ਉਸਰ ਜਾਂਦਾ ਹੈ, ਤਾਂ ਸਿਧਾਂਤ, ਪ੍ਰਤੀਬੱਧ ਕਹਾਣੀ ਸਿਰਜਣ ਵਿਚ ਸਹਾਈ ਹੀ ਨਹੀਂ ਬਹੁਤ ਸਹਾਈ ਹੁੰਦਾ ਹੈ। ਮੇਰੀਆਂ ਜਿਹੜੀਆਂ ਕਹਾਣੀਆਂ ਸਿਧਾਂਤਕ ਟੀਚੇ ਨੂੰ ਪੂਰਵ-ਨਿਰਧਾਰਤ ਕਰਦੇ ਹੋਂਦ ਵਿਚ ਆਈਆਂ ਉਹ ਕਲਾਤਮਿਕਤਾ ਪੱਖੋਂ ਕਮਜ਼ੋਰ ਕਹੀਆਂ ਜਾਂ ਸਕਦੀਆਂ ਹਨ। ਪਰ ਜਿਹੜੀਆਂ ਕਹਾਣੀਆਂ ਜੀਵਨ ਵਰਤਾਰੇ ਦੀ ਜਟਿਲਤਾ ਨੂੰ ਬੇ-ਹੱਦ ਸਹਿਜ ਢੰਗ ਨਾਲ ਬਿਆਨ ਕਰਦੀਆਂ, ਮੇਰੀਆਂ ਪ੍ਰਤੀਬੱਧਤਾ ਨੂੰ ਅਛੋਪਲੇ ਜਿਹੇ ਹੀ ਆਪਣੇ ਅੰਦਰ ਸਮੋ ਗਈਆਂ ਹਨ, ਸ਼ਾਇਦ ਉਹਨਾਂ ਕਰਕੇ ਹੀ ਤੁਸੀ ਮੈਨੂੰ 'ਪ੍ਰਤੀਬੱਧ ਕਹਾਣੀ ਲੇਖਕਾਂ' ਦੀ ਸੂਚੀ ਵਿਚ ਸ਼ਾਮਿਲ ਕਰਦੇ ਹੋ। ਉਂਜ ਮੇਰਾ ਵਿਚਾਰ ਹੈ ਕਿ ਨਿਰੋਲ ਕਲਾਤਮਕਤਾ ਓਨੀ ਦੇਰ ਤੱਕ ਕੋਈ ਅਰਥ ਨਹੀਂ ਰੱਖਦੀ, ਜਿੰਨੀ ਦੇਰ ਲੇਖਕ ਦੀ ਸਮਾਜਿਕ-ਸਿਧਾਂਤਕ ਪ੍ਰਤੀਬੱਧਤਾ ਉਸ ਦੀਆਂ ਲਿਖਤਾਂ ਵਿਚ ਉਭਰਵੀਂ ਨਹੀਂ ਰੜਕਦੀ। ਦਲਿਤ ਸਾਹਿਤ ਯਥਾਰਥਵਾਦੀ ਆਧਾਰ ਵਾਲਾ ਸਾਹਿਤ ਹੀ ਹੈ

? ਤੁਹਾਡੀ ਕਹਾਣੀ ਲੇਖਕ ਵਜੋਂ ਬਣੀ ਪ੍ਰਗਤੀਵਾਦੀ, ਪ੍ਰਤੀਬੱਧ ਕਹਾਣੀਕਾਰ ਦੀ ਪਛਾਣ 'ਅੱਧੇ ਅਧੂਰੇ' ਕਹਾਣੀ ਸੰਗ੍ਰਹਿ ਨਾਲ ਦਲਿਤ ਸਾਹਿਤ ਲੇਖਣੀ ਵੱਲ ਵਧੇਰੇ ਝੁਕਾਅ ਰੱਖਦੀ ਜਾਪਦੀ ਹੈ। ਇਸ ਦਾ ਕੀ ਕਾਰਨ ਸਮਝਿਆ ਜਾਏ ?



"ਸਾਹਿਤ ਨੇ ਸਮਾਜਿਕ ਤਬਦੀਲੀ ਲਈ ਅਹਿਮ ਭੂਮਿਕਾ ਦਰਜ ਕਰਵਾਈ "

- 'ਅੱਧੇ ਅਧੂਰੇ' ਕਹਾਣੀ - ਸੰਗ੍ਰਹਿ ਦੀਆਂ ਕਹਾਣੀਆਂ ਦਲਿਤ ਸਾਹਿਤ ਲੇਖਣੀ ਦੇ ਵੱਧ ਨੇੜੇ ਹਨ, ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ। ਪਰ, ਇਹਨਾਂ ਕਹਾਣੀਆਂ ਨੂੰ ਦਲਿਤ-ਕਹਾਣੀਆਂ ਨਾ ਹੀ ਕਿਹਾ ਜਾਏ ਤਾਂ ਚੰਗਾ ਇਸ ਤੱਥ ਨੂੰ ਸਪੱਸ਼ਟ ਕਰਨ ਲਈ ਮੈਂ ਇਹ ਕਹਿਣ ਦੀ ਖੁੱਲ੍ਹ ਲਵਾਂਗਾ ਕਿ ਦਲਿਤ ਸਾਹਿਤ ਦੇ ਸੰਕਲਪ ਨੂੰ ਇਸ ਦੇ ਵਿਚਾਰਵਾਨਾਂ ਨੇ ਸੌੜੀ ਪਰਿਭਾਸ਼ਾ ਅੰਦਰ ਜਕੜ ਦਿੱਤਾ ਹੈ, ਜਦਕਿ ਉਸ ਵਰਗ ਵਰਗੀ ਆਰਥਿਕ-ਸਮਾਜਿਕ ਉਤਪੀੜਨ ਸਮਾਜ ਦੇ ਹੋਰਨਾਂ ਨਾਮ-ਨਿਹਾਦ ਉਚੇ ਵਰਗਾਂ ਵਿਚ ਵੀ ਦੇਖੀ ਜਾ ਸਕਦੀ ਹੈ। ਇਹ ਉਤਪੀੜਨ ਸਮਾਜਵਾਦੀ ਰਾਜਾਂ ਦਾ ਪਤਨ ਹੋ ਜਾਣ 'ਤੇ ਅਤੇ ਸਾਡੇ ਆਪਣੇ ਦੇਸ਼ ਅੰਦਰ ਇਨਕਲਾਬੀ ਲਹਿਰ ਦੀ ਹੋਈ ਖ਼ਸਤਾ ਹਾਲਤ ਕਾਰਨ ਹੋਰ ਵੀ ਵਧ ਗਈ ਹੈ, ਤਾਂ ਵੀ ਉਤਪੀੜਨ ਖਿਲਾਫ਼ ਅਨੇਕਾਂ ਰੂਪਾਂ ਵਿਚ ਸੰਘਰਸ਼ ਜਾਰੀ ਹਨ।

ਅਸਲ ਵਿਚ ਭਾਰਤੀ ਸਮਾਜ ਜਮਾਤੀ ਵੰਡ ਦੇ ਨਾਲ-ਨਾਲ ਸਦੀਆਂ ਤੋਂ ਚੱਲ ਆ ਰਹੇ ਜਾਤ-ਆਧਾਰਤ ਸਮਾਜਿਕ - ਸੱਭਿਆਚਰਕ ਵਖਰੇਵੇਂ ਦਾ ਵੀ ਸ਼ਿਕਾਰ ਰਿਹਾ ਹੈ। ਪ੍ਰਗਤੀਵਾਦੀ ਸਾਹਿਤ ਜੇ ਸਮਾਜ ਸੰਘਰਸ਼ ਨੂੰ ਪਹਿਲ ਦਿੰਦਾ ਸੀ ਤਾਂ ਹੁਣ ਦਲਿਤ ਸਾਹਿਤ ਵੀ ਇਵੇਂ ਦੀ ਦ੍ਰਿਸ਼ਟੀ ਅਪਣਾ ਕੇ ਕੇਵਲ ਤੇ ਕੇਵਲ ਜਾਤੀ ਸੰਘਰਸ਼ ਨੂੰ ਪਹਿਲ ਦੇ ਆਧਾਰ 'ਤੇ ਚਿਤਰਦਾ ਆ ਰਿਹਾ ਹੈ।

? ਪੰਜਾਬੀ ਦਲਿਤ ਕਹਾਣੀ ਦੀ ਦਸ਼ਾ ਅਤੇ ਦਿਸ਼ਾ ਬਾਰੇ ਤੁਹਾਡੇ ਕੀ ਵਿਚਾਰ ਹਨ?

- ਇਸ ਪ੍ਰਸ਼ਨ ਦੇ ਉਤਰ ਵਿਚ ਕੋਈ ਹੂੰਝਾ-ਫੇਰੂ ਸਟੇਟਮੈਂਟ ਦੇਣ ਦੀ ਬਜਾਏ ਇਸ ਨੂੰ ਜ਼ਰਾ ਔਖੇਵੇਂ ਢੰਗ ਨਾਲ ਵਿਚਾਰ ਲਿਆ ਜਾਵੇ ਤਾਂ ਚੰਗਾ ਰਹੇਗਾ। ਐਉਂ ਜਾਪਦਾ ਹੈ ਕਿ ਉਤਰ-ਪ੍ਰਗਤੀਵਾਦੀ ਲਹਿਰ ਨੇ ਹੋਰਨਾਂ ਸਾਹਿਤਕ ਧਾਰਾਵਾਂ ਲਈ ਵੀ ਕਾਫੀ ਖੁੱਲ੍ਹੀ ਸਪੇਸ ਛੱਡ ਦਿੱਤੀ। ਜਿਹਨਾਂ ਵਿਚ ਦਲਿਤਵਾਦੀ ਸਾਹਿਤ, ਨਾਰੀਵਾਦੀ ਸਾਹਿਤ , ਉਤਰ-ਆਧੁਨਿਕਤਾਵਾਦੀ ਲੇਖਣੀ ਆਦਿ ਸ਼ਾਮਿਲ ਹੋ ਸਕਦੇ ਹਨ। ਇਹਨਾਂ ਵਿਚੋਂ ਨਾਰੀਵਾਦੀ ਤੇ ਉਤਰ-ਆਧੁਨਿਕਤਾਵਾਦੀ ਲਿਖਤਾਂ ਦਾ ਪ੍ਰਭਾਵ ਬਹੁਤ ਉਘੜਵਾਂ ਨਹੀਂ, ਦਲਿਤ ਸਾਹਿਤ ਨੇ ਆਪਣੀਆਂ ਜੜ੍ਹਾਂ ਖੂਬ ਜੰਮਦੀਆਂ ਕਰ ਲਈਆਂ। ਇਸ ਦੇ ਹੋਰਨਾਂ ਕਾਰਨਾਂ ਵਿਚੋਂ ਇਕ ਕਾਰਨ ਇਹ ਵੀ ਹੈ ਕਿ ਇਸ ਦਾ ਸਿਧਾਂਤਕ ਅਮਲ ਭਾਰਤੀ ਸਮਾਜ ਦੇ ਇਕ ਬਹੁਤ ਵੱਡੇ ਹਿੱਸੇ ਲਈ, ਕਲਿਆਣਕਾਰੀ ਵਿਵਸਥਾ ਦੀ ਅਕਾਂਖਿਆ ਕਰਦਾ ਹੈ। ਉਸ ਵਿਵਸਥਾ ਨਾਲ ਰਲਦੇ - ਮਿਲਦੇ ਆਦਰਸ਼ਵਾਦੀ ਰਾਜ ਦੀ ਇਕ ਤਸਵੀਰ-ਸੰਸਾਰ ਪ੍ਰਸਿੱਧ ਦਾਰਸ਼ਨਿਕ ਪਲੈਟੋ ਨੇ ਆਪਣੀ ਪ੍ਰਸਿੱਧ ਰਚਨਾ 'ਰੀਪਬਲਿਕ' ਵਿਚ ਵੀ ਪ੍ਰਸਤੁਤ ਕੀਤੀ ਹੈ। ਪਲੈਟੋ ਤੋਂ ਬਾਅਦ ਅਜਿਹੇ ਹੀ ਕਲਪਿਤ ਰਾਜ ਦੀ ਗੱਲ ਥਾਮਸ ਮੋਰ ਨੇ 'ਯੂਟੋਪੀਆ' ਨਾਂ ਦੀ ਪੁਸਤਕ ਵਿਚ ਵੀ ਕੀਤੀ। ਉਸੇ ਹੀ ਸਮੇਂ ਅਜਿਹੇ ਹੀ ਰਾਜ-ਸਮਾਜ ਦੀ ਤਸਵੀਰ ਭਗਤ ਰਵਿਦਾਸ ਨੇ 'ਬੇਗਮਪੁਰਾ' ਨਾਮੀ ਸੰਕਲਪ ਵਿਚ ਪ੍ਰਗਟਾਈ। ਥਾਮਸ ਮੋਰ ਤੇ ਭਗਤ ਰਵਿਦਾਸ ਸਮਕਾਲੀ ਸਨ।

ਭਾਰਤੀ ਦਲਿਤ ਸਮਾਜ ਦੇ ਵੱਡੇ ਹਿੱਸਿਆਂ, ਮਜ਼ਹਬੀ ਅਤੇ ਚਮਾਰ ਜੋ ਕਿ ਕੁਲ ਦਲਿਤ ਵਸੋਂ ਦਾ 80% ਤੋਂ ਵੱਧ ਬਣਦੇ ਹਨ, ਵਿਚੋਂ ਚਮਾਰ ਰਵਿਦਾਸ ਦੇ 'ਬੇਗਮਪੁਰੇ' ਦੇ ਸੰਕਲਪ ਨੂੰ ਆਦਰਸ਼ ਹੀ ਨਹੀਂ ਮੰਨਦੇ ਸਗੋਂ ਇਸ ਲਈ ਹਰ ਤਰ੍ਹਾਂ ਦੀ ਜੱਦੋ-ਜਹਿਦ ਕਰਨ ਲਈ ਤਿਆਰ ਹਨ। ਜਯੋਤਿਬਾ ਫੂਲੇ ਅਤੇ ਡਾ ਅੰਬੇਦਕਰ ਦੀ ਆਮਦ ਨਾਲ ਇਹ ਸੰਕਲਪ, ਇਹ ਲਹਿਰ ਇਕ ਅੰਦੋਲਨ ਦਾ ਰੂਪ ਧਾਰ ਗਈ। ਦਾਰਸ਼ਨਿਕ ਪੱਧਰ 'ਤੇ ਵੀ ਅਤੇ ਸਮਾਜਿਕ- ਰਾਜਨੀਤਕ-ਸੱਭਿਆਚਾਰਕ ਪੱਧਰ 'ਤੇ ਵੀ ।

ਦਲਿਤ ਸਾਹਿਤ ਵਿਚ ਕਹਾਣੀ ਨੂੰ ਵੱਧ ਪ੍ਰਵਾਨਗੀ ਮਿਲਣ ਦਾ ਦੂਜਾ ਵੱਡਾ ਕਾਰਨ ਡਾ : ਚਮਨ ਲਾਲ ਵਲੋਂ ਪ੍ਰਗਟਾਈ ਧਾਰਨਾ ਵਿਚ ਅੰਕਿਤ ਹੋਇਆ ਮਿਲਦਾ ਹੈ। ਉਨ੍ਹਾਂ ਅਨੁਸਾਰ "1936 ਵਿੱਚ ਪ੍ਰਗਤੀਵਾਦੀ ਲੇਖਕ ਸੰਮੇਲਨ ਵਿਚ ਮੁਨਸ਼ੀ ਪ੍ਰੇਮ ਚੰਦ ਦੇ ਭਾਸ਼ਨ ਅਤੇ ਮਰਾਠੀ ਦਲਿਤ ਲੇਖਕ ਬਾਬੂ ਬਾਗੁਲ ਦੇ ਲੇਖ "ਦਲਿਤ ਸਾਹਿਤ ਮਾਨਵਵਾਦੀ ਸਾਹਿਤ ਹੀ ਹੈ '' ਵਿਚ ਇਕੋ ਆਤਮਾ ਦੀ ਧੁਨੀ ਨਜ਼ਰ ਆਉਂਦੀ ਹੈ। ਦੂਜੇ ਸ਼ਬਦਾਂ ਵਿਚ ਦਲਿਤ ਸਾਹਿਤ ਭਾਰਤੀ ਸਮਾਜ ਦੇ ਇਕ ਵਡੇਰੇ ਹਿੱਸੇ ਦੇ ਯਥਾਰਥ ਨੂੰ ਪੇਸ਼ ਕਰਦਾ ਹੋਣ ਕਰਦੇ ਯਥਾਰਥਵਾਦੀ ਆਧਾਰ ਵਾਲਾ ਸਾਹਿਤ ਹੀ ਹੈ।''

ਉਪਰੋਕਤ ਧਾਰਨਾਵਾਂ ਦੇ ਆਧਾਰ ਤੇ ਸਹਿਜੇ ਹੀ ਇਹ ਨਿਰਣਾ ਵੀ ਲਿਆ ਜਾ ਸਕਦਾ ਹੈ ਕਿ ਪੰਜਾਬੀ ਵਿਚ ਲਿਖੀ ਜਾ ਰਹੀ ਦਲਿਤ ਕਹਾਣੀ ਅੱਜ ਦੇ ਦੌਰ ਦੀ ਇਕ ਅਹਿਮ ਕਹਾਣੀ ਵੰਨਗੀ ਹੈ ਅਤੇ ਇਸ ਦੇ ਭਵਿੱਖ 'ਤੇ ਵੀ ਕਿਸੇ ਤਰ੍ਹਾਂ ਦਾ ਕਿੰਤੂ-ਪ੍ਰੰਤੂ ਕਰਨਾ ਵਾਜਿਬ ਨਹੀਂ ।

? ਦਲਿਤ ਕਹਾਣੀ ਬਾਰੇ ਅਗਲਾ ਸਵਾਲ ਇਹ ਹੈ ਕਿ ਸਿਰਫ਼ ਦਲਿਤ ਹੀ ਦਲਿਤ ਰਚਨਾ ਕਰ ਸਕਦਾ ਹੈ? ਇਸ ਪ੍ਰਸੰਗ ਵਿਚ ਜੇ ਗੈਰ-ਦਲਿਤਾਂ ਦੀਆਂ ਕਹਾਣੀਆਂ ਦੀਆਂ ਉਦਾਹਰਨਾਂ ਨਾਲ ਚਰਚਾ ਕਰੋ ਤਾਂ ਚੰਗਾ ਰਹੇਗਾ?

- ਇਸ ਪ੍ਰਸੰਗ ਵਿਚ ਵੀ ਦੋ ਰਾਵਾਂ ਆਹਮਣੇ-ਸਾਹਮਣੇ ਹਨ। ਇਕ ਦੀ ਰਾਏ ਹੈ ਕਿ ਆਪਣੇ ਨਿੰਜ 'ਤੇ ਹੰਢਾਏ ਸੰਤਾਪ ਦੀ ਸਹੀ ਪੇਸ਼ਕਾਰੀ ਸਿਰਫ਼ ਦਲਿਤ ਲੇਖਕ ਹੀ ਕਰ ਸਕਦੇ ਹਨ। ਦੂਜੀ ਰਾਏ ਜਿਸ ਵਿਚ ਅਨੁਭੂਤੀ, ਸੰਵੇਦਨਾ, ਕਾਲਤਮਿਕਤਾ ਨੂੰ ਸਾਹਿਤਕਾਰੀ ਦੇ ਪ੍ਰਮੁੱਖ ਅੰਸ਼ ਮੰਨਿਆਂ ਆ ਜਾਂਦਾ ਹੈ, ਉਸ ਅਨੁਸਾਰ ਗੈਰ-ਦਲਿਤ ਲੇਖਕ ਵੀ ਦਲਿਤਾਂ ਦੀ ਹੋਣੀ ਦਾ ਮਾਰਮਿਕ ਪ੍ਰਗਟਾਵਾ ਕਰ ਸਕਦੇ ਹਨ। ਦੋਵਾਂ ਦੇ ਆਪਣੇ ਆਪਣੇ ਤਰਕ ਹਨ ।

ਮਰਾਠੀ ਅਤੇ ਹਿੰਦੀ ਲੇਖਕ ਉਸ ਸਾਹਿਤ ਨੂੰ ਹੀ ਦਲਿਤ ਸਾਹਿਤ ਜਾਂ ਦਲਿਤ - ਚੇਤਨਾ ਦਾ ਸਾਹਿਤ ਮੰਨਦੇ ਹਨ ਜਿਸ ਦਾ ਰਚਨਾਕਾਰ ਵੀ ਦਲਿਤ ਮੰਨੀ ਜਾਂਦੀ ਜਮਾਤ ਵਿੱਚ ਜੰਮਿਆ ਹੋਵੇ। ਉਹਨਾਂ ਦਾ ਮੱਤ ਹੈ ਕਿ ਬ੍ਰਾਹਮਣਵਾਦੀ ਵਰਣ-ਵੰਡ ਦੇ ਸ਼ਿਕਾਰ ਭਾਰਤੀ ਸਮਾਜ ਅੰਦਰਲੀ ਸਭ ਤੋਂ ਹੇਠਲੀ ਪਰਤ ਜਿਹੜੀ ਸੁਭਾਵਿਕ ਹੀ ਕਿਸੇ ਅਨੁਸੂਚਿਤ ਜਾਤ, ਕਬੀਲੇ ਜਾਂ ਪਛੜੇ ਵਰਗ ਨਾਲ ਜੁੜ ਗਈ ਹੈ, ਅੰਦਰ ਜਨਮੇ-ਵਿਗਸੇ ਲੇਖਕ ਨੇ, ਹੱਡੀਂ-ਹੰਢਾਏ ਸਮਾਜਿਕ ਅਪਮਾਨ ਦੇ ਡੰਗ ਦੀ ਜੋ ਪੀੜ ਆਪਣੇ ਪਿੰਡੇ, ਆਪਣੀ ਰੂਹ 'ਤੇ ਝੱਲੀ-ਸਹਾਰੀ ਹੁੰਦੀ ਹੈ, ਉਸਦਾ ਕੋਈ ਬਦਲ ਨਹੀਂ ਹੋ ਸਕਦਾ।

ਦੂਜੀ ਧਿਰ ਦੀ ਇਹ ਧਾਰਨਾ ਵੀ ਸੁੱਟ ਪਾਉਣ ਵਾਲੀ ਨਹੀਂ। ਉਹਨਾਂ ਵਲੋਂ ਇਹ ਮੰਨਦਿਆਂ ਹੋਇਆਂ ਵੀ ਕਿ ਸਵੈ-ਅਨੁਭੂਤੀ, ਆਪ-ਬੀਤੀ ਦਾ, ਭੋਗੇ ਹੋਏ ਦਾ ਭਾਵੇਂ ਕੋਈ ਵਿਕਲਪ ਹੋਣਾ ਸੰਭਵ ਨਹੀਂ ਤਾਂ ਵੀ ਸ਼ਕਤੀਸ਼ਾਲੀ ਮਾਨਵੀ-ਸੰਵੇਦਨਾ ਦਾ ਧਨੀ, ਦਲਿਤਾਂ ਦੇ ਕਸ਼ਟਾਂ ਤੇ ਅਪਮਾਨ ਭਰੇ ਜੀਵਨ ਨੂੰ ਪ੍ਰਭਾਵੀ ਜ਼ੁਬਾਨ ਦੇ ਸਕਦਾ ਹੈ ਅਤੇ ਦਿੰਦਾ ਵੀ ਰਿਹਾ ਹੈ। ਉਹਨਾਂ ਅਨੁਸਾਰ ਦਲਿਤ ਗਿਣੇ ਜਾਂਦੇ ਬਹੁ-ਗਿਣਤੀ ਲੇਖਕਾਂ ਅੰਦਰ ਦਲਿਤ-ਚੇਤਨਾ ਦੀ ਥਾਂ ਜਾਤੀ-ਚੇਤਨਾ ਵਧੇਰੇ ਉਘੜਵੇਂ ਰੂਪ ਵਿਚ ਦ੍ਰਿਸ਼ਟੀਮਾਨ ਹੋਈ ਹੈ। ਇਹ ਜਾਤ-ਮੁਖੀ ਚੇਤਨਾ ਮਰ ਰਹੇ ਬ੍ਰਾਹਮਣਵਾਦ ਅੰਦਰ ਨਵੇਂ ਸਿਰਿਉਂ ਜਾਨ ਪਾ ਰਹੀ ਹੈ। ਮੌਕਾ -ਪ੍ਰਸਤ ਵੋਟ-ਰਾਜਨੀਤੀ ਇਸ ਚੇਤਨਾ ਨੂੰ ਹੋਰ ਗੁੰਮਰਾਹ ਕਰਦੀ ਹੈ। ਇਹ ਧਿਰ ਆਪਣੇ ਕਥਨ ਦੇ ਸਮਰਥਨ ਲਈ ਸੋਲਾਂ ਸੌ ਏਕੜ ਦੇ ਮਾਲਕ ਕੁਲੀਨ ਵਰਗ ' ਚੋਂ ਆਏ ਰੂਸੀ ਲੇਖਕ ਟਾਲਸਟਾਏ ਦੀ ਉਦਾਹਰਨ ਵੀ ਨਿੱਠ ਕੇ ਦਿੰਦੀ ਹੈ, ਜਿਸ ਨੇ ਨਰਕੀ ਜੀਵਨ ਭੋਗਣ ਵਾਲੇ ਰੂਸ ਦੇ ਕਿਸਾਨਾਂ ਅਤੇ ਪਿੰਡਾਂ ਦਾ ਨਿਹਾਇਤ ਯਥਾਰਥਕ ਤੇ ਪਰਦਰਸ਼ੀ ਚਿਤਰਨ ਪੇਸ਼ ਕੀਤਾ। ਭਾਰਤੀ ਪੱਧਰ ' ਤੇ ਇਹ ਧਿਰ ਮੁਨਸ਼ੀ ਪ੍ਰੇਮ ਚੰਦ, ਜਗਦੀਸ਼ ਚੰਦਰ ਵੈਦਿਆ, ਰਮਣਿਕਾ ਗੁਪਤਾ, ਬੀ ਐਲ ਨਈਅਰ ਤੇ ਕਈਆਂ ਹੋਰਨਾਂ ਨੂੰ ਸ਼ਾਮਿਲ ਕਰਦੀ ਹੈ। ਪੰਜਾਬੀ ਕਹਾਣੀ ' ਵਿਚੋਂ ਮੋਹਨ ਭੰਡਾਰੀ ਦੀ 'ਗੰਗਾ ਜਨ', ਕਜ਼ਾਕ ਦੀ 'ਹੁੰਮਸ' , ਮੁਖਤਿਆਰ ਸਿੰਘ ਦੀ 'ਬੋ ', ਬਲਦੇਵ ਸਿੰਘ ਦੀ 'ਜਿਸ ਤਨ ਲਾਗੇ ' , ਮਨਮੋਹਨ ਬਾਵਾ ਦੀ 'ਰਿਜਵ, ਉਬਾਂਦਰਾ ', ਦਲਵੀਰ ਚੇਤਨ ਦੀ 'ਇਕਬਾਲੀਆ ਬਿਆਨ ' , ਜੋਗਿੰਦਰ ਸਿੰਘ ਨਿਰਾਲਾ ਦੀ 'ਤਣਾਓ ' , ਜਿੰਦਰ ਦੀ 'ਨਹੀਂ ਮੈਂ ਦਲਿਤ ਨਹੀਂ ' , ਜਸਵਿੰਦਰ ਦੀ

'ਜ਼ੈਲਦਾਰ ਦਾ ਪੋਤਾ', ਬਲਜਿੰਦਰ ਨਸਰਾਲੀ ਦੀ 'ਹੱਡਾ ਰੋੜੀ ', ਤਲਵਿੰਦਰ ਦੀ 'ਪੈਂਡਾ', ਸੁਰੇਵਾਲੀਆ ਦੀ 'ਪਾਪਾ ਆਪਾਂ ਬਰਾੜ ਹੁੰਨੇ ਆਂ ', ਮਨਿੰਦਰ ਕਾਂਗ ਦੀ ;ਕੁੱਤੀ ਵਿਹੜਾ', ਸਮੇਤ ਪ੍ਰਿੰਸੀਪਲ ਸੁਜਾਨ ਸਿੰਘ ਵਰਗੇ ਦੂਜੀ ਪੀੜ੍ਹੀ ਦੇ ਲੇਖਕਾਂ ਦੀਆਂ ਕਈ ਸਾਰੀਆਂ ਕਹਾਣੀਆਂ ਨੂੰ ਗੈਰ-ਦਲਿਤ ਲੇਖਕਾਂ ਵਲੋਂ ਸਵੀਕਾਰਤ ਕਹਾਣੀਆਂ ਵਿਚ ਸ਼ਾਮਲ ਕਰਨ ਲੱਗਿਆਂ ਕਿਸੇ ਤਰ੍ਹਾਂ ਦੀ ਕੋਈ ਅੜਚਨ ਨਹੀਂ ਆਉਂਦੀ। ਮੈਨੂੰ ਵੀ ਜੇ ਤੁਸੀਂ 'ਅੱਧੇ-ਅਧੂਰੇ', 'ਪੌੜੀ', 'ਬਰਸਟੀ ਕਰੋਅ', ਆਦਿ ਕਹਾਣੀਆਂ ਕਾਰਨ ਉਸੇ ਵਰਗ ਵਿਚ ਸ਼ਾਮਿਲ ਕਰ ਲੈਂਦੇਂ ਹੋ ਤਾਂ ਮੈਨੂੰ ਵੀ ਚੰਗਾ - ਚੰਗਾ ਲਗਦਾ ਹੈ । " ਲੇਖਕ ਲਈ ਚੰਗਾ ਇਨਸਾਨ ਹੋਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਉਸਦਾ ਲੇਖਕ ਹੋਣਾ "

? ਕੀ ਇਕ ਚੰਗੇ ਲੇਖਕ ਲਈ ਚੰਗਾ ਇਨਸਾਨ ਹੋਣਾ ਵੀ ਜਰੂਰੀ ਹੈ?

- ਮੇਰਾ, ਇੱਟ ਵਰਗਾ ਪੱਕਾ ਤੇ ਕੋਰਾ ਜਵਾਬ ਇਹੋ ਹੈ ਕਿ ਲੇਖਕ ਲਈ ਚੰਗਾ ਇਨਸਾਨ ਹੋਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਉਸਦਾ ਲੇਖਕ ਹੋਣਾ। ਜੇ ਇਵੇਂ ਨਹੀ ਹੁੰਦਾ ਤਾਂ ਸਾਹਿਤਕਾਰਤਾ ਨਿਰੀ ਵਿਖਾਵਾ ਬਣ ਕੇ ਰਹਿ ਜਾਵੇਗੀ। ਉਂਜ ਇਸ ਮੁੱਦੇ ' ਤੇ ਵੀ ਖੁਣਸੀ ਕਿਸਮ ਦੇ ਲੋਕ ਬਦਲਵੀਂ ਧਾਰਨਾ ਦੀ ਪੈਰਵੀ ਕਰਨ ਲਈ ਆਪਣੀ ਹੀ ਕਿਸਮ ਦੇ ਤਰਕ ਦਾ ਸਹਾਰਾ ਲੈ ਲੈਂਦੇਂ ਹਨ। ਉਹਨਾਂ ਅਨੁਸਾਰ, ਚਿੰਰਜੀਵੀ ਲੇਖਕ ਦੀ ਲਿਖਤ ਹੁੰਦੀ ਹੈ ਨਾ ਕਿ ਲੇਖਕ। ਲੇਖਕ ਦੇ ਅੰਦਰਲੇ-ਬਾਹਰਲੇ ਔਗੁਣ ਉਸਦੇ ਰੁਖ਼ਸਤ ਹੋਣ ਨਾਲ ਖ਼ਤਮ ਹੋ ਜਾਂਦੇ ਹਨ ਜਦਕਿ ਉਸਦੀ ਲਿਖਤ ਭਵਿੱਖ ਦੇ ਇਤਿਹਾਸ ਦਾ ਅਧਿਆਇ ਬਣ ਕੇ, ਉਸਦੀ ਸ਼ਖ਼ਸ਼ੀਅਤ ਦੇ ਪਰਛਾਵੇਂ ਤੋਂ ਬਚੀ ਰਹਿੰਦੀ ਹੈ। ਉਹ ਲੋਕੀਂ ਟਾਲਸਟਾਏ ਦੀ ਕਹਾਣੀ 'ਫਾਦਰ ਸਰਗੀਅਸ਼' ਦੀ ਉਦਾਹਰਨ ਜਿਸ ਦਾ ਮੁੱਖ ਪਾਤਰ ਉਹ ਆਪ ਹੀ ਹੈ, ਰਾਹੀਂ ਉਸਦੀ ਸੈਕਸ ਦੀ ਕਮਜ਼ੋਰੀ ਨੂੰ ਵੀ ਉਭਾਰਦੇ ਹਨ। ਉਹ ਦੋਸਤੋਵਸਕੀ ਦੀ ਜੂਆ ਖੇਡਣ ਦੀ ਇੱਲਤ ਨੂੰ ਵੀ ਆਪਣੀ ਧਾਰਨਾ ਦੇ ਹਿੱਤ ਵਿੱਚ ਵਰਤਦੇ ਹਨ। ਉਹ ਲੋਕੀਂ ਮੰਟੋ ਨੂੰ, ਇੱਥੋਂ ਤੱਕ ਕਿ ਮੁਨਸ਼ੀ ਪ੍ਰੇਮ ਚੰਦ ਦੇ ਦਾਗੀ ਤੇ ਕਰੂਰ ਨਿੱਜ ਨੂੰ ਵੀ ਉਘੀ ਉਦਾਹਰਣ ਬਣਾ ਕੇ ਪੇਸ਼ ਕਰ ਲੈਂਦੇ ਹਨ। ਇਵੇਂ ਹੀ ਪੰਜਾਬੀ ਕਹਾਣੀ ਲੇਖਣੀ ਸਮੇਤ ਸਮੁੱਚਾ ਪੰਜਾਬੀ ਸਾਹਿਤ ਇਹੋ ਜਿਹੀਆਂ ਟਾਕਰਵੀਆਂ ਉਦਾਹਰਨਾਂ ਨਾਲ ਭਰਿਆ ਪਿਆ। ਇਕ ਪਾਸੇ ਭਾਈ ਵੀਰ ਸਿੰਘ, ਕਰਤਾਰ ਸਿੰਘ ਦੁੱਗਲ, ਪ੍ਰਿੰਸੀਪਲ ਸੁਜਾਨ ਸਿੰਘ ਸਮੇਤ ਕਈਆਂ ਹੋਰਨਾਂ ਦੀਆਂ ਲਿਖਤਾਂ ਤੇ ਨਿੱਜ ਦੇ ਸੁਮੇਲ ਦੀਆਂ ਜੀਵੰਤ ਉਦਾਹਰਨਾਂ, ਦੂਜੇ ਪਾਸੇ ਸ਼ਿਵ ਕੁਮਾਰ, ਨਰਿੰਦਰਪਾਲ ਸਿੰਘ ਤੋਂ ਲੈ ਕੇ ਚਰਨ ਸਿੰਘ ਸਫਰੀ ਤੱਕ ਦੇ ਕਈ ਸਾਰੇ ਸ਼ਬਾਬੀ ਜਾਂ ਸ਼ਰਾਬੀ ਕਲਮਕਾਰਾਂ ਦਾ ਸੰਸਾਰ ਪ੍ਰਸਿੱਧੀ ਵਾਲਾ ਕਲਾਮ।

ਮੇਰੇ ਲਈ ਇਹਨਾਂ ਦੋਨਾਂ ਤਰ੍ਹਾਂ ਦੇ ਲੇਖਕਾਂ ਨੂੰ ਬਰਾਬਰ ਦੀ ਮਾਨਤਾ ਦੇਣਾ ਇਕ ਤਰ੍ਹਾਂ ਨਾਲ ਮਾਓ-ਜੇ-ਤੁੰਗ ਦੀ ਪਤਨੀ ਚਾਂਗ ਜਿੰਗ ਅਤੇ ਫੂਲਨ ਦੇਵੀ ਦੇ ਲੜਾਈ ਦੇ ਸੰਘਰਸ਼ ਇਕੋ ਛਾਬੇ ਵਿਚ ਤੋਲਣ ਬਰਾਬਰ ਹੈ। ਮੱਠ-ਧਾਰੀਆਂ ਅਤੇ ਜੁੱਲੀਕਾਰ ਆਲੋਚਕਾਂ ਦੀ 'ਅਦਬੀ ਸੰਗਤ' ਨੇ ਮੇਰੀ ਕਹਾਣੀ ਨੂੰ ਕਦੀ ਸਿੱਧੇ ਮੂੰਹ ਨਹੀਂ ਕਬੂਲਿਆ।

? ਤੁਸੀਂ ਲਗਭਗ ਚਾਰ ਕੁ ਦਹਾਕਿਆਂ ਤੋਂ ਕਹਾਣੀ ਨਾਲ ਜੁੜੇ ਹੋ। 'ਮਾਰਖੋਰੋ' ਤੋਂ ਲੈ ਕੇ 'ਗੜ੍ਹੀ ਬਖ਼ਸ਼ਾ ਸਿੰਘ' ਤੱਕ ਦਾ ਸਫ਼ਰ ਕਿਹੋ ਜਿਹਾ ਰਿਹਾ ?

- ਆਪਾਂ ਐਦਾਂ ਕਰਦੇ ਹਾਂ, ਚਾਰ ਦਹਾਕਿਆਂ ਦੇ ਸਮੇਂ ਨੂੰ ਚੌਥਾ ਕੁ ਹਿੱਸਾ ਘਟਾ ਕੇ ਤਿੰਨ ਦਹਾਕਿਆਂ ਦਾ ਕਰ ਲੈਨੇ ਆਂ। ਉਸਦਾ ਕਾਰਨ ਇਹ ਹੈ ਕਿ ਮੈਨੂੰ 1980 ਤੱਕ ਬਿਲਕੁਲ ਨਹੀਂ ਸੀ ਪਤਾ ਕਿ ਕਹਾਣੀ ਕਿਸ ਬਲਾ ਦਾ ਨਾਮ ਹੈ। ਇਸ ਤੋਂ ਪਹਿਲਾਂ ਮੈਂ ਕਵਿਤਾ ਨੂੰ ਕਿਧਰੇ-ਕਿਧਰੇ ਮੂੰਹ ਜ਼ਰੂਰ ਮਾਰ ਲਿਆ ਕਰਦਾ ਸੀ। ਉਹ ਕਵਿਤਾ ਹੁੰਦੀ ਵੀ ਨਹੀਂ ਸੀ। ਇਹ ਇਕ ਤਰ੍ਹਾਂ ਨਾਲ ਐਵੇਂ ਸਭਾ ਦੀ ਇੱਕਤਰਤਾ ਵਿਚ ਹਾਜ਼ਰ ਹੋ ਕੇ ਆਪਣਾ ਨਾਂ ਦਰਜ ਕਰਵਾਉਣ ਦਾ ਉਪਰਾਲਾ ਜਿਹਾ ਹੁੰਦਾ ਸੀ। ਇਹ ਲਿਖਤ-ਲਿਖਾਈ, ਮੇਰੇ ਆਸ-ਪਾਸ ਵਿਚਰਦੇ ਸਾਹਿਤਕਾਰਾਂ ਨੂੰ ਜੋੜ-ਗੰਢ ਕੇ ਇਕ ਸਭਾ-ਸਸਾਇਟੀ ਵਿਚ ਪਰੋ ਕੇ ਉਹਨਾਂ ਦੀਆਂ ਖਿਲਤਾਂ-ਕਿਰਤਾਂ ਸੁਣਨ 'ਤੇ ਵੀ ਭਾਰੂ ਨਹੀਂ ਸੀ




**ਲਾਲ ਸਿੰਘ ਆਪਣੇ ਵੱਡੇ ਲੜਕੇ ਸੁਖਪਾਲਵੀਰ ਅਤੇ ਛੋਟੇ ਬੇਟੇ ਅਮਰਜੀਤ ਦੇ ਪਰਿਵਾਰ ਨਾਲ**

ਹੁੰਦੀ। ਮੇਰੀ ਸੰਤੁਸ਼ਟੀ ਸਿਰਫ਼ ਏਨੇ ਨਾਲ ਹੀ ਹੋ ਜਾਂਦੀ ਸੀ ਕਿ ਮੈਂ ਇਕੱਲੇ ਬੈਠ ਮਗਜ਼-ਪੱਚੀ ਕਰਦੇ ਲਿਖਣ-ਪੂੰਝਣ ਵਾਲਿਆਂ ਦਾ ਸਕੱਤਰ ਹੁੰਦਾ ਸੀ। 1975 ਤੋਂ ਲੱਗੀ ਐਮਰਜੈਂਸੀ 1977 ਦੇ ਖਾਤਮੇ ਉਪਰੰਤ ਮੈਂ ਆਪਣੇ ਪੁਰਾਣੇ ਹੀਰੋ ਸਾਇਕਲ ਦੀ ਸਹਾਇਤਾ ਨਾਲ ਮੁਕੇਰੀਆਂ ਇਲਾਕੇ ਦੇ ਸਾਹਿਤਕ ਰੁਚੀਆਂ ਰੱਖਣ ਵਾਲੇ ਸੱਠ ਦੇ ਕਰੀਬ ਮੈਂਬਰ ਸੂਚੀਬੱਧ ਕਰ ਲਏ। 20 ਜੂਨ 1977 ਨੂੰ ਇਹਨਾਂ ਵਿਚੋਂ 38 ਜਣੇ ਖਾਲਸਾ ਸਕੂਲ ਮੁਕੇਰੀਆਂ ਵਿਖੇ ਹੋਈ ਪਹਿਲੀ ਇਕੱਤਰਤਾ ਵਿਚ ਹਾਜ਼ਰ ਸਨ। ਸਭਾਵਾਂ ਦੇ ਅਜਿਹੇ ਗਠਨ ਦਾ ਸਿਲਸਿਲਾ ਅਗਾਂਹ ਚਲਦਾ ਰਿਹਾ। ਪਹਿਲਾਂ ਗੁਰਮੀਤ ਹੇਅਰ , ਸੁਦਰਸ਼ਨ ਨੱਤ ਦੀ ਸਹਾਇਤਾ ਨਾਲ ਤਲਵਾੜੇ , ਫਿਰ ਪੰਮੀ ਦਿਵੇਦੀ ਤੇ ਮਦਨ ਵੀਰਾ ਦੀ ਅਗਵਾਈ ਟਾਂਡੇ, ਜੈ ਦੇਵ ਦਿਲਵਰ ਦੀ ਨੁਮਾਇੰਦਗੀ ਨਾਲ ਬੁਲ੍ਹੋਵਾਲ ਤੇ ਮੇਰੇ ਆਪਣੇ ਯਤਨਾਂ ਨਾਲ 1980 ਦੀ ਜੁਲਾਈ ਨੂੰ ਦਸੂਹਾ ਸਾਹਿਤ ਸਭਾਵਾ ਦਾ ਗਠਨ ਹੋਇਆ, ਮੁਕੇਰੀਆਂ ਸਭਾ ਦੇ ਨਾਲ ਨਾਲ ਮੈਨੂੰ ਦਸੂਹਾ ਸਾਹਿਤ ਸਭਾ ਦੀ ਸਕੱਤਰੀ ਵੀ ਕਈ ਵਰ੍ਹੇ ਕਰਨੀ ਪਈ।

ਮੇਰੀ ਮੁੱਢਲੀ ਸਭਾ ਹਰ ਵਰ੍ਹੇ ਸਾਲਾਨਾ ਸਮਾਗਮ ਸਮੇਂ ਕਿਸੇ ਨਾਮਵਰ ਵਿਦਵਾਨ ਤੋਂ ਪਰਚਾ ਲਿਖਵਾ ਕੇ ਗੋਸ਼ਟੀ ਕਰਦੀ ਸੀ। ਦੂਜਾ ਪਰਚਾ ਸਭਾ ਦੇ ਕਿਸੇ ਮੈਂਬਰ ਦਾ ਹੁੰਦਾ ਸੀ। ਤਿੰਨ ਕੁ ਸਾਲ ਸਭਾ ਦਾ ਆਲੋਚਨਾ ਰੁਚੀਆਂ ਵਾਲਾ ਮੈਂਬਰ ਬਲਬੀਰ ਮੁਕੇਰੀਆਂ ਪਰਚੇ ਲਿਖਦਾ ਰਿਹਾ। ਅਗਲੇ ਵਰ੍ਹੇ ਮੈਨੂੰ ਸਮਕਾਲ ਕਹਾਣੀ 'ਤੇ ਪਰਚਾ ਲਿਖਣ ਲਈ ਆਖ ਦਿੱਤਾ। ਮੈਨੂੰ ਪੰਗਾ ਪੈ ਗਿਆ। ਮੈਂ ਉਦੋਂ ਤੱਕ 'ਕਵਿਤਾ', 'ਪ੍ਰੀਤਲੜੀ', 'ਸੇਧ', 'ਸਰਦਲ', 'ਸਮਤਾ, 'ਸਿਰਜਨਾ', 'ਪੰਜਾਬੀ ਦੁਨੀਆ', 'ਹੇਮ ਜਯੋਤੀ', 'ਸਿਆੜ' ਆਦਿ ਪੰਜਾਬੀ ਪਰਚਿਆਂ ਅੰਦਰ ਛਪੀ ਕਵਿਤਾ ਦਾ ਹੀ ਪਾਠਕ ਰਿਹਾਂ ਸਾਂ। ਉਂਜ ਇਹ ਸਾਰੇ ਪਰਚੇ ਵਰ੍ਹਿਆਂ ਤੋਂ ਮੇਰੇ ਪਾਸ ਸਾਂਭੇ ਪਏ ਸਨ। ਮੈਂ ਇਕ ਵਢਿਓਂ ਉਹਨਾਂ ਸਾਰਿਆਂ ਅੰਦਰ ਛਪੀਆਂ ਕਹਾਣੀਆਂ ਦਾ 'ਆਖੰਡ ਪਾਠ' ਕਰ ਮਾਰਿਆ। ਬੱਸ ਬਾਈ ਜੀ ਉਸ 'ਆਖੰਡ ਪਾਠ' ਨੇ ਮੇਰੇ ਅੰਦਰ ਕਿਧਰੇ 'ਕਹਾਣੀ ਦਾ ਬੀਜ 'ਸੁੱਟ ਦਿੱਤਾ। ਗੋਸ਼ਟੀ ਦਾ ਆਟਾ-ਦਲੀਆਂ ਕਰਕੇ ਮੈਥੋਂ ਵੀ ਥੋੜ੍ਹੇ ਕੁ ਦਿਨੀਂ ਇਕ ਮਿੰਨੀ ਕਹਾਣੀ ਲਿਖ ਹੋ ਗਈ, 'ਈਡੀਇੱਟ'। ਇਹ ਸੰਨ 80, 81 ਦੇ ਏੜ- ਗੇੜ ਦੀ ਗੱਲ ਐ। ਫਿਰ ਅਜਿਹੀਆਂ ਕਈ ਹੋਰ ਵੀ ਲਿਖੀਆਂ। ਇਹ ਮਿੰਨੀ ਕਹਾਣੀਆਂ ਪਹਿਲੀ ਪੁਸਤਕ 'ਮਾਰਖੋਰੇ' ਦੇ ਅੰਤਲੇ ਪੰਨਿਆਂ ' ਤੇ ਦਰਜ ਹਨ।

ਬੱਸ ਜੀ ਉਸ ਬੀਜ ਨੇ ਅੱਗੇ ਚੱਲ ਕੇ ਚੰਗਾ ਖਿਲਾਰ ਪਾਇਆ। ਪਹਿਲਾਂ 1984 ਵਿਚ 'ਮਾਰਖੋਰੋ' ਦੀਆਂ 12 ਟਾਹਣੀਆਂ ਉਕਰੀਆਂ , ਫਿਰ ਨਾਲ ਲਗਦੇ ਹੀ 1996 ਵਿਚ 'ਬਲੌਰ' ਪੁਸਤਕ ਦੀਆਂ ਅੱਠ ਕੁ ਕਹਾਣੀਆਂ। ਪਹਿਲੀ ਪੁਸਤਕ 'ਮਾਰਖੋਰੇ' ਨੇ ਕਾਫੀ ਸਾਰੀ ਪਛਾਣ ਵੀ ਬਣਾ ਦਿੱਤੀ। ਡਾ ਮੋਹਨਜੀਤ ਨੇ ਉਸੇ ਵਰ੍ਹੇ ਦੀਆਂ ਪੰਜ ਸਰਾਹਣਯੋਗ ਪੁਸਤਕਾਂ ਜਿਹਨਾਂ ਵਿਚ ਮਹਾਂਸ਼ਵੇਤਾ ਦੇਵੀ ਦੀਆਂ ਕਹਾਣੀਆਂ ਦੀ ਪੁਸਤਕ ਵੀ ਸ਼ਾਮਿਲ ਸੀ, 'ਮਾਰਖੋਰੋ' ਵੀ ਨਾਲ ਹੀ ਜੋੜੀ ਸੀ। ਉਪਰੋਤਕ ਦੋਨਾਂ ਪੁਸਤਕਾਂ ਅਤੇ ਤੀਜੀ ਪੁਸਤਕ 'ਕਾਲੀ ਮਿੱਟੀ' ਨੇ ਪਹਿਲੋਂ ਬਣੀ ਪਛਾਣ ਮਸਾਂ ਹੀ ਸੰਭਾਲੀ। ਪਰ 'ਧੁੱਪ-ਛਾਂ' ਦੀ ਆਮਦ ਨਾਲ ਮੈਨੂੰ ਲੱਗਾ ਕਿ ਚਾਰ ਕੁ ਕਦਮ ਹੋਰ ਅਗਾਂਹ ਤੁਰਿਆ ਹਾਂ। ਫਿਰ 'ਅੱਧੇ ਅਧੂਰੇ' ਦੀਆਂ ਕਹਾਣੀਆਂ ਨੇ ਸਚਮੁੱਚ ਹੀ ਮੈਨੂੰ 'ਸਰਦੇ ਪੁੱਜਦੇ' ਕਹਾਣੀ ਲੇਖਕਾਂ ਵਿਚ ਸ਼ਾਮਿਲ ਕਰ ਲਿਆ। ਪਰ ਏਨਾ ਜਰੂਰ ਹੋਇਆ ਕਿ ਮੇਰਾ ਆਪਣੇ ਸਿਰ-ਖੁਦ ਹੋ ਕੇ ਕਹਾਣੀ - ਪਟ 'ਤੇ ਪ੍ਰਵੇਸ਼ ਕਰਨਾ ਚੁੱਭਿਆ ਜ਼ਰੂਰ ਮੱਠਧਾਰੀਆਂ ਨੂੰ, ਖਾਸ ਕਰਕੇ ਮੱਠ-ਧਾਰੀਆਂ ਦੇ ਜੁੱਲੀਕਾਰ ਆਲੋਚਕਾਂ ਨੂੰ। ਇਹ ਮੈਂ ਇਸ ਤੱਥ ਨੂੰ ਆਧਾਰ ਬਣਾ ਕੇ ਕਹਿ ਰਿਹਾਂ ਕਿ ਉਹਨਾਂ ਦੀ 'ਅਦਬੀ ਸੰਗਤ' ਨੇ ਮੇਰੀ ਕਹਾਣੀ ਲਿਖਤ ਨੂੰ ਨਾ ਕਦੀ ਸਿੱਧੇ ਮੂੰਹ ਪਹਿਲਾਂ ਕਬੂਲਿਆ, ਨਾ ਹੁਣ ਹੀ, ਇਹ ਉਹਨਾਂ ਦੇ ਨੱਕ ਹੇਠ ਆਉਂਦੀ ਹੈ।

ਪਰ ਦੂਰੇ ਪਾਸੇ, ਭਾਅ ਜੀ ਇਹਨਾਂ ਕਹਾਣੀਆਂ ਨੂੰ, ਜਿਨ੍ਹਾਂ ਦੀਆਂ ਇਹ ਹਨ, ਜਿਨ੍ਹਾਂ ਦੀ ਰੂਹ-ਜਾਨ ਇਹਨਾਂ ਦੀ ਤੰਦ-ਤੰਤਰ ਦਾ ਹਿੱਸਾ ਹੈ, ਉਹਨਾਂ ਪਾਤਰਾਂ ਉਹਨਾਂ ਪਾਠਕਾਂ ਨੇ ਇਹਨਾਂ ਨੂੰ ਕਬੂਲਿਆ ਹੀ ਨਹੀਂ ਸਗੋਂ 'ਨਵਾਂ ਜ਼ਮਾਨਾ' ਜਾਂ 'ਕਹਾਣੀ-ਧਾਰਾ' ਵਲੋਂ ਕਰਵਾਏ ਵਰ੍ਹੇ-ਵਾਰ ਸਰਵੇਖਣਾਂ ਲਈ ਚੁਣੇ ਜਾਣ ਲਈ ਆਪਣੇ ਵੋਟ-ਹੁੰਗਾਰੇ ਦਾ ਭਰਪੂਰ ਇਸਤੇਮਾਲ ਵੀ ਕੀਤਾ ਹੈ। 'ਗੜ੍ਹੀ ਬਖ਼ਸ਼ਾ ਸਿੰਘ' ਨਾਮੀ ਛੇਵੀਂ ਪੁਸਤਕ ਦੀਆਂ ਛੇਆਂ ਕਹਾਣੀਆਂ ਵਿਚੋਂ ਪੰਜ ਇਸ ਮਾਣ ਦੀਆਂ ਭਾਗੀਦਾਰ ਹਨ।

## ਕੇਦਰੀ ਲੇਖਕ ਸਭਾਵਾਂ ਦਾ ਦੋ-ਫਾੜ ਹੋਣਾ

? ਸਾਹਿਤ ਸਭਾਵਾਂ ਦੇ ਰੋਲ ਬਾਰੇ ਵਿਸ਼ੇਸ਼ ਤੌਰ ਤੇ 'ਤੇ ਕੇਂਦਰੀ ਸਭਾਵਾਂ ਦੇ ਦੋ-ਫਾੜ ਹੋਣ ਬਾਰੇ ਤੁਹਾਡੇ ਕੀ ਵਿਚਾਰ ਹਨ ?

- ਸਾਹਿਤ ਸਭਾਵਾਂ ਦੇ ਰੋਲ ਬਾਰੇ ਮੈਂ ਹੁਣੇ-ਹੁਣੇ ਦਿੱਤੇ ਉੱਤਰ ਨੂੰ ਮੁੜ ਦੁਹਰਾਉਣ ਤੋਂ ਬਚਦਾ ਕਰਕੇ ਕਹਿ ਸਕਦਾ ਹਾਂ ਕਿ ਮੈਨੂੰ, ਜਿਸ ਨੂੰ ਸਿਰਫ਼ ਸ਼ਾਇਰੀ ਸੁਣਨ ਜਾਂ ਕਿਧਰੇ ਕਿਧਰੇ ਤੁਕ-ਬੰਦੀ ਕਰਨ ਦੀ ਹੀ ਇੱਲਤ ਸੀ, ਉਸਨੂੰ ਇਕ ਸਭਾ ਲਈ ਪਰਚਾ ਲਿਖਣ ਦੀ ਜ਼ਹਿਮਤ ਨੇ ਕਹਾਣੀ ਲਿਖਣ-ਰਸਤੇ ਤੋਰ ਦਿੱਤਾ ਹੈ ਤਾਂ ਮੇਰੇ ਵਰਗੇ ਹੋਰ ਵੀ ਅਨੇਕਾਂ ਸੱਜਣ ਸਭਾਵਾਂ ਦੀ ਸਾਰਥਕਤਾ ਦੀ ਹਾਮੀ ਭਰ ਸਕਦੇ ਹਲ ਤੇ ਭਰਦੇ ਵੀ ਹਨ। ਆਸ ਪਾਸ ਖਿੰਡੇ-ਖਿਲਰੇ ਸੰਵੇਦਨਸ਼ੀਲ ਵਿਅਕਤੀ, ਕਿਸੇ ਵੀ ਸਿਨਫ਼ ਦੇ ਕਲਮਕਾਰ ਜਦ ਇਕ ਮੰਚ, ਇਕ ਸਭਾ ਅੰਦਰ ਜੁੜ ਬੈਠਦੇ ਹਨ ਤਾਂ ਉਹਨਾਂ ਦੀ ਕਾਲਪਨਿਕਤਾ ਅਤੇ ਕਲਾਤਮਿਕਤਾ ਇਕਾਂਤ ਵੱਸ ਹੋਏ ਬੈਠੇ ਲੇਖਕਾਂ ਨਾਲੋਂ ਵੱਧ ਤੀਬਰਤਾ ਜਗਾ ਸਕਦੀ ਹੈ। ਇਹ ਮੇਰਾ ਵਿਸ਼ਵਾਸ਼ ਹੈ।

ਜਿੱਥੋਂ ਤੱਕ ਕੇਂਦਰੀ ਸਭਾਵਾਂ ਜਾਂ ਹੋਰਨਾਂ ਸ਼ਹਿਰਾਂ-ਕਸਬਿਆਂ ਵਿਚ ਵਿਚਰਦੀਆਂ ਸਭਾਵਾਂ ਦੇ ਦੋਫਾੜ ਹੋਣ ਦੀ ਗੱਲ ਐ, ਇਸ ਦੇ ਇਕ ਤੋਂ ਵੱਧ ਕਾਰਨ ਹਨ। ਪਹਿਲਾ ਕਾਰਨ ਤਾਂ ਅਹੁਦਿਆਂ ਦੀ ਲਾਲਸਾ ਹੋ ਸਕਦੀ ਹੈ। ਦੂਜਾ ਵਿਚਾਰਧਾਰਕ ਮੱਤਭੇਦ ਵੀ। ਸਾਹਿਤ ਨੂੰ ਮਨੋਰੰਜਨ ਜਾਂ ਮਨੋ-ਵਿਚੇਰਨ ਦੀ ਸੀਮਾ ਤੱਕ ਮਾਨਤਾ ਦੇਣ ਵਾਲੇ ਲੇਖਕ, ਸਾਹਿਤ ਨੂੰ ਸਮਾਜਿਕ ਕਾਰਜ ਲਈ ਦਖ਼ਲ-ਅੰਦਾਜ਼ ਕਰਨ ਵਾਲੇ, ਇਸ ਨੂੰ ਚੇਤਨਾ ਪ੍ਰਚੰਡ ਕਰਨ ਦਾ ਇਕ ਕਾਰਗਰ ਸਾਧਨ ਸਮਝਣ ਵਾਲੇ ਕਲਮਕਾਰਾਂ ਨਾਲ ਇਕੱਲਿਆਂ ਸ਼ਾਇਦ ਨਹੀਂ ਤੁਰ ਸਕਦੇ। ਇਸ ਦੁਫੇੜ ਕਾਰਨ ਸਭਾਵਾਂ ਦੋ-ਫਾੜ ਹੋ ਜਾਂਦੀਆਂ ਹਨ। ਤੀਜਾ ਕਾਰਨ, ਇਨਾਮਾਂ-ਕਨਾਮਾਂ ਲਈ ਲਾਲ੍ਹਾਂ ਸੁੱਟਣ ਵਾਲੇ, ਸਥਾਪਤੀ ਦੇ ਜੀ-ਹਜ਼ੂਰੀਏ ਬਣ ਕੇ ਵਿਚਰਨ ਵਾਲੇ ਸੱਜਣਾਂ ਦੀ ਵੀ, ਲੋਕ-ਲਹਿਰਾਂ ਦੇ ਹਮਾਇਤੀ ਲੇਖਕਾਂ ਨਾਲ ਨਹੀਂ ਬਣ ਸਕਦੀ। ਸਭਾ-ਸੁਸਾਇਟੀ ਫਿਰ ਦੋ-ਫਾੜ ਹੋ ਜਾਂਦੀ ਹੈ। ਅਗਲਾ ਕਾਰਨ ਸਿਆਸੀ ਪਾਰਟੀਆਂ ਦੇ ਮੈਨੀਫੈਸਟੋ ਵੀ ਬਹੁਤ ਸਾਰੇ ਖੁਦ-ਦਾਰ ਕਲਮਕਾਰਾਂ ਨੂੰ ਵੱਖਰੇ ਰਾਹ ਤੁਰਨ ਲਈ ਮਜਬੂਰ ਕਰਦੇ ਹਨ। ਹੋਰ ਵੀ ਇਵੇਂ ਦੇ ਕਈ ਬਿੰਦੂ ਹਨ। ਪਰ ਹੈਰਾਨੀ ਤਾਂ ਕੇਂਦਰੀ ਸਭਾ ਦੀ ਦੋ-ਫਾੜ ਦੀ ਦੁਰਘਟਨਾ ਕਾਰਨ ਹੋਰ ਵੀ ਵੱਧ ਹੋਈ ਸੀ, ਜਦ ਗਾਡੀ ਰਾਹ ਤੁਰਦਾ ਇਕੋ ਰੰਗ ਦਾ ਕਾਫਲਾ ਝੱਟਪੱਟ ਲੀਹਾਂ ਪਾੜ ਕੇ ਦੋ ਪਾਸਿਆਂ ਵੱਲ ਨੂੰ ਘੁੰਮ ਗਿਆ। ਇਸ ਦੁਫੇੜ ਦਾ ਵੱਡਾ ਤੇ ਮਿਲਭੋਗਾ ਜਿਹਾ ਕਾਰਨ ਜਰਨਲ-ਸਕੱਤਰ ਲਈ ਨਵੀਂ ਕੁਰਸੀ ਦੀ ਸਥਾਪਨਾ ਕਰਨਾ ਵੀ ਸੀ ਤੇ ਪਾਰਟੀ ਹੁਕਮਾਂ ਤੇ ਅਮਲ-ਦਰਾਮਦ ਕਰਦਿਆਂ ਲੇਖਕ ਜਥੇਬੰਦੀ ਨੂੰ ਆਪਣੇ ਕਾਬੂ ਰੱਖਣ ਦੀ ਲੋੜ ਵੀ।

? ਤੁਹਾਡੀ ਪਛਾਣ ਸਮਾਜਮੁਖੀ ਕਹਾਣੀ ਲੇਖਕ ਵਜੋਂ ਹੋਈ ਹੈ। ਭਾਵੇਂ ਕਿ ਤੁਸੀ ਕਦੇ-ਕਦਾਈਂ ਰੀਵਿਊ ਵੀ ਕਰ ਲੈਂਦੇ ਹੋ?

- ਮੇਰਾ ਸਮਾਜਮੁਖੀ ਕਹਾਣੀ ਨਾਲ ਬਣੇ ਮੋਹ ਦਾ ਪੱਕਾ ਕਾਰਨ ਇਹ ਹੈ ਕਿ ਕਹਾਣੀ ਨਾਲ ਮਗਜ਼-ਪਚੀ ਕਰਨ ਤੋਂ ਪਹਿਲਾਂ ਮੇਰੇ ਅੰਦਰ ਇਕ ਅਜਿਹੇ ਫ਼ਲਸਫੇ, ਅਜਿਹੀ ਵਿਚਾਰਧਾਰਾ ਘਰ ਬਣਾ ਕੇ ਬੈਠ ਗਈ ਸੀ ਜਿਹੜੀ ਮੁਲਕ ਦੀ ਬਹੁ-ਗਿਣਤੀ ਵਸੋਂ ਸਿਰ ਐਵੇਂ ਨਿਗੁਣੀ ਜਿਹੀ ਗਿਣਤੀ ਵਲੋਂ ਥੋਪੇ ਗ਼ਏ ਆਰਥਿਕ-ਸਮਾਜਿਕ-ਮਨਾਸਿਕ-ਰਾਜਨੀਤਕ-ਸੱਭਿਆਚਾਰਕ ਵਿਸੰਗਤੀਆਂ ਦੇ ਦਬਾਅ ਤੋਂ ਬਹੁ-ਗਿਣਤੀ ਨੂੰ ਨਿਜਾਤ ਦਿਵਾਉਣ ਲਈ ਮੋਹਰੀ ਰਹੀ ਸੀ। ਮੈਂ ਕਿਧਰੋਂ ਪੜ੍ਹ-ਸੁਣ ਲਿਆ ਸੀ ਕਿ ਕੁਲ ਦੁਨੀਆ ਦੀ ਉਪਰਲੀ 2%, ਅਮੀਰ ਸ਼੍ਰੇਣੀ ਪਾਸ ਸਾਰੀ ਧਰਤੀ ਦੀ ਕੁੱਲ ਆਮਦਨ ਦੇ 50% ਹਿੱਸੇ ' ਤੇ ਕਬਜ਼ਾ ਹੈ, ਉਸ ਤੋਂ ਹੇਠਲੀ 8% ਸ਼੍ਰੇਣੀ ਪਾਸ ਕੁੱਲ ਆਮਦਨ ਦਾ 35% ਭਾਗ ' ਤੇ ਦਾਬਾ ਹੈ। ਬਾਕੀ ਦੀ 80 % ਆਬਾਦੀ ਦੇ ਹਿੱਸਿਆਂ ਵਿਚੋਂ ਕਿਸੇ ਪਾਸ 5%, ਕਿਸੇ ਪਾਸ 3%, ਕਿਸੇ ਪਾਸ 2%, ਅਤੇ ਸਭ ਤੋਂ ਹੇਠਲੇ 20% ਹਿੱਸੇ ਪਾਸ ਕੇਵਲ ਤੇ ਕੇਵਲ ਧਰਤੀ ਦੀ ਕੁੱਲ ਆਮਦਨ ਦਾ 1% ਹਿੱਸਾ ਹੀ ਹੈ। ਇਹੋ ਜਿਹਾ ਅਨੁਪਾਤ, ਮੇਰੇ ਮਹਾਨ ਦੇਸ਼ ਭਾਰਤ ਦਾ ਵੀ ਹੈ। ਇਕ ਪਾਸੇ ਪੋਟਿਆਂ 'ਤੇ ਗਿਣੇ ਜਾਣ ਵਾਲੇ ਟੱਬਰ, ਦੁਨੀਆ ਦੇ ਸਭ ਤੋਂ ਅਮੀਰ ਧਨਾਡਾਂ ਵਿਚ ਸ਼ਾਮਿਲ ਹਨ। ਉਹ ਆਪਣੀਆਂ ਪਤਨੀਆਂ ਨੂੰ ਜਨਮ-ਦਿਨਾਂ ਉਤੇ ਹੈਲੀਕਾਪਟਰ ਤੱਕ ਦੇ ਤੋਹਫੇ ਵੀ ਦਿੰਦੇ ਹਨ ਤੇ ਦੂਜੇ ਪਾਸੇ



Lovely
Sweets & Restaurant
Fine Indian Cusine & Dine in
Cell: 403.690.2102 ❋ Ph: 403.590.5159
1106, 4818 Westwinds Drive, NE Calgary, AB. T3J 3Z5


ਮੇਰੇ ਉਸੇ ਦੇਸ਼ ਦੀ ਦੋ-ਦਿਹਾਈ ਆਬਾਦੀ ਸਿਰਫ਼ 20 ਰੁਪਏ ਹਰ ਰੋਜ਼ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹੈ । ਇਸ ਅਨੁਪਾਤ ਦੀ ਦਹਿਸ਼ਤ ਤੋਂ ਡਰਦੀ ਮੇਰੀ ਕਲਮ ਉਸ ਪਾਸੇ ਵੱਲ ਨੂੰ ਤੁਰ ਹੀ ਨਾ ਸਕੀ, ਜਿਸ ਪਾਸ ਸਾਡੇ ਕਿੰਨੇ ਸਾਰੇ ਬੀਬੇ-ਰਾਣੇ ਤੁਰ ਰਹੇ ਹਨ। ਮੈਨੂੰ ਹੈਰਾਨੀ ਹੁੰਦੀ ਹੈ ਕਿ ਆਪਣੇ-ਆਪ ਨੂੰ ਸਮਾਜਮੁਖੀ ਲੇਖਕ ਗਰਦਾਨਦੇ ਹੋਏ ਵੀ ਕਈ ਸਾਰੇ ਸਾਡੇ ਮਹਾਂ-ਕਹਾਣੀਕਾਰ ਸਰਕਾਰੇ-ਦਰਬਾਰੇ ਵੀ ਬਰਾਬਰ ਦੀ ਹੀ ਆਪਣੀ ਭੱਲ ਬਣਾਈ ਬੈਠੇ ਹਨ। ਇਹ ਜਾਂ ਤਾਂ ਉਹਨਾਂ ਦੀ ਹੱਥ ਦੀ ਸਫਾਈ ਦਾ ਹੀ ਕੋਈ ਕਾਰਨਾਮਾ ਹੋਵੇਗਾ ਜਾਂ ਮੇਰੀਆਂ ਹੀ ਨਜ਼ਰਾਂ ਦੀ ਕਾਣ। ਮੈਂ ਤਾਂ ਬੱਸ ਲਾਲਾ ਹਰਦਿਆਲ ਦੇ ਜਿਸ ਕਥਨ ਨੂੰ ਪੱਲੇ ਬੰਨ੍ਹ ਕੇ ਆਪਣੇ ਕਹਾਣੀ ਅਭਿਆਸ ਨਾਲ ਜੁੜਿਆ ਰਿਹਾਂ ਹਾਂ, ਉਹ ਇਹ ਹੈ - "ਜੇ ਤੁਸੀਂ ਲੱਖਾਂ ਲੋਕਾਂ ਦਾ ਧਿਆਨ ਕਰੋ ਜਿਹੜੇ ਭੁੱਖੇ ਸੌਂਦੇਂ ਹਨ ਤਾਂ ਤੁਹਾਨੂੰ ਰੋਟੀ ਤੋਂ ਹੀ ਨਹੀਂ, ਆਪਣੇ ਆਪ ਤੋਂ ਵੀ ਨਫ਼ਰਤ ਹੋਣ ਲੱਗੇਗੀ।''

ਇਸ ਪ੍ਰਸ਼ਨ ਦਾ ਦੂਜਾ ਹਿੱਸਾ ਮੇਰੀ ਰੀਵਿਊਕਾਰੀ ਸੰਬੰਧੀ ਹੈ। ਇਹ ਚਸਕਾ ਇਉਂ ਪਿਆ- ਮੈਂ 80ਵਿਆਂ ਵਿਚ ਪੀ.ਐਚ.ਡੀ. ਕਰਨ ਲਈ ਸਿਰ ਚੁੱਕ ਲਿਆ, ਡਾ ਅਤਰ ਸਿੰਘ ਪਾਸ। ਇਨਰੋਲਮੈਂਟ ਹੋ ਗਈ, ਗਾਈਡ ਸਨ ਡਾ ਰਘਬੀਰ ਸਿੰਘ ਸਿਰਜਣਾ ਵਾਲੇ। ਕੰਮ ਹੱਥੋਂ-ਹੱਥ ਨਿਕਲਦਾ ਲਗਦਾ ਸੀ। ਉਦੋਂ ਮੁਢਲੇ ਟੈਸਟਾਂ ਦੀ ਥਾਂ ਸਿਰਫ਼ ਸਾਹਿਤਕ ਜਾਣ-ਪਛਾਣ ਹੀ ਕੰਮ ਸਾਰ ਦਿੰਦੀ ਸੀ। ਮੈਂ ਬਿਬਲੋਗ੍ਰਾਫੀ ਤਿਆਰ ਵੀ ਕਰ ਲਈ। ਪੰਜਾਬੀ ਟਾਈਪ ਦਾ ਕੰਮ ਦਸੂਹੇ ਤਸਲੀਬਖ਼ਸ਼ ਨਾ ਹੋਇਆ, ਮੁਕੇਰੀਆਂ ਜਾਣਾ ਸੀ ਅਗਲੇ ਦਿਨ। ਉਸੇ ਦਿਨ ਸ਼ਾਮ ਸਾਹਿਤ ਸਭਾ ਦੀ ਮੀਟਿੰਗ ਰੱਖੀ ਹੋਈ ਸੀ, ਦਸੂਹੇ ਪਾਂਡਵ ਤਲਾਅ 'ਤੇ। ਅਸੀਂ ਸਭਾ ਵਾਲੇ ਤਲਾਅ ਦੀਆਂ ਪੌੜੀਆਂ 'ਤੇ ਥੋੜ੍ਹਾ ਕੁ ਹੇਠਾਂ ਜਿਹੇ ਨੂੰ ਬੈਠ ਗਏ। ਸਾਇਕਲ ਉਪਰ ਖੜ੍ਹੇ ਰਹੇ। ਵੱਡੇ ਗੇਟ ਲਾਗੇ। ਬਿਬਲੋਗ੍ਰਾਫੀ ਪੁਲੰਦਾ ਸਾਈਕਲ ਦੇ ਹੈਂਡਲ ਨਾਲ ਲਟਕਦਾ ਰਹਿਣ ਦਿੱਤਾ। ਦੋ ਕੁ ਘੰਟੇ ਬਾਅਦ ਪੌੜੀਆਂ ਚੜ੍ਹ ਕੇ ਉਪਰ ਆਏ ਤਾਂ ਕਾਗਜਾਂ-ਪੱਤਰਾਂ ਵਾਲਾ ਥੈਲਾ ਗਾਇਬ ਸੀ। ਇਹ ਸ਼ਾਇਦ ਕੂੜ-ਕੁਆੜ ਵਾਲੇ ਕਿਸੇ ਮੁੰਡੂ ਨੇ ਲਾਹ ਲਿਆ ਹੋਵੇਗਾ। ਹੋਰ ਕਿਸੇ ਦੇ ਕੀ ਕੰਮ ਆ ਸਕਦਾ ਸੀ ਇਹ। ਫਿਰ , ਮੈਥੋਂ ਦੋਬਾਰਾ ਉਹ ਪੁਸਤਕ-ਸੂਚੀ ਬਣਾਉਣ ਦੀ ਦਲੇਰੀ ਹੋ ਹੀ ਨਾ ਸਕੀ ।

ਲਓ ਸਾਬ੍ਹ ਜੀ, ਆਪਾਂ ਡਾਕਟਰ ਬਣਨ ਲਈ ਤੁਰਨ ਲੱਗੇ ਪਹਿਲੇ ਕਦਮ 'ਤੇ ਹੀ ਲੁੜਕ ਗਏ। ਇਓ ਮੇਰਾ ਪੀ . ਐਚ . ਡੀ ਨਾਮੀ ਬਲਾਅ ਤੋਂ ਤਾਂ ਬਚਾ ਗਿਆ, ਪਰ ਰੀਵਿਊਕਾਰੀ, ਪਰਚੇਬਾਜ਼ੀ, ਚੂੰਡੀਬਾਜ਼ੀ ਦਾ ਚਸਕਾ ਅਜੇ ਤੱਕ ਮੇਰੇ ਨਾਲ ਚਿਮੜਿਆ ਪਿਆ।

ਇਸ ਨਾਤੇ, ਹੁਣ ਵੀ ਕਦੀ-ਕਦੀ ਕਿਤਾਬਾਂ ਦੇ ਰੀਵਿਊ ਕਰਨ ਨੂੰ ਮੂੰਹ ਮਾਰਦਾ ਰਹਿਨਾਂ।

? ਤੀਜੀ ਪੀੜੀ ਦੇ ਬਹੁਤੇ ਕਹਾਣੀਕਾਰ ਜਾਂ ਤਾਂ ਚੁੱਪ ਹੋ ਗਏ ਹਨ ਜਾਂ ਫਿਰ ਦੁਹਰਾਉ ਦੀ ਸਥਿਤੀ ਵਿਚ ਹਨ। ਇਸ ਬਾਰੇ ਕੀ ਕਹੋਗੇ ?

- ਇਹ ਠੀਕ ਹੈ ਕਿ ਤੀਜੀ ਪੀੜ੍ਹੀ ਦੇ ਬਹੁਤੇ ਕਹਾਣੀਕਾਰ ਲਿਖਣੋਂ ਗੁਰੇਜ਼ ਕਰ ਗਏ ਹਨ। ਪਰ, ਇਸ ਕਰਮ ਨੂੰ 'ਦਾਣੇ ਮੁੱਕ ਜਾਣ' ਵਰਗੀ ਸੰਗਿਆ ਨਹੀਂ ਦੇਣੀ ਚਾਹੀਦੀ। ਤੀਜੀ ਪੀੜ੍ਹੀ ਦੇ ਆਪਣੇ ਸਰੋਕਾਰ ਸਨ। ਆਪਣੀ ਸੰਵੇਦਨਾ ਸੀ। ਸਮਾਂ ਜਿੰਨੀ ਤੇਜ਼ੀ ਨਾਲ ਪਿਛਲੇ ਪੰਦਰਾਂ ਵੀਹਾਂ ਵਰ੍ਹਿਆਂ ਵਿਚ ਬਦਲਿਆ, ਓਨੀ ਤੇਜ਼ੀ ਨਾਲ ਪਹਿਲੋਂ ਸ਼ਾਇਦ ਕਦੀ ਨਹੀਂ ਬਦਲਿਆ। ਸਾਰੀ ਦੁਨੀਆ 'ਇਕ ਪਿੰਡ' ਜਿਹਾ ਬਣ ਗਈ ਹੈ। ਸਾਰੀ ਦੁਨੀਆ ਦਾ ਇਕ ਪਿੰਡ ਵਿੱਚ ਬਦਲਣਾ, ਇਹ ਸਰਮਾਏਦਾਰੀ ਦੀ ਲੋੜ ਬਣ ਗਈ ਸੀ। ਇਸ ਲੋੜ ਦੀ ਪੂਰਤੀ ਲਈ ਸਭ ਤਰ੍ਹਾਂ ਦੇ ਸਮਾਜਿਕ ਨਿਯਮ ਛਿੱਕੇ ਟੰਗੇ ਗਏ। ਮਨੁੱਖ ਦਾ ਸਰੀਰ, ਆਤਮਾ, ਦਿਲ, ਦਿਮਾਗ, ਸਭ ਕੁਝ ਗਿਰਵੀ ਕਰ ਲਿਆ ਗਿਆ। ਪੰਜਾਬੀ ਕਹਾਣੀ ਸਾਹਮਣੇ ਇਕ ਵੱਖਰੀ ਤਰ੍ਹਾਂ ਦਾ ਚੈਲੰਜ ਆ ਖੜੋਇਆ।


ਇਕ ਸਮਾਗਮ ਵਿਚ ਪ੍ਰੋ. ਪਿਆਰਾ ਸਿੰਘ ਭੋਗਲ, ਲਾਲ ਸਿੰਘ ਨੂੰ ਸਨਮਾਨਿਤ ਕਰਦੇ ਹੋਏ।

ਤੀਜੀ ਪੀੜ੍ਹੀ ਸਮੇਂ ਦੇ ਇਸ ਵਿਰਾਟ ਰੂਪ ਨੂੰ ਉਸ ਸੰਵੇਦਨਾ ਨਾਲ ਨਹੀਂ ਪਕੜ ਸਕੀ, ਜਿੰਨੀ ਬਾਰੀਕਬੀਨੀ ਨਾਲ ਇਸ ਨੂੰ ਚੌਥੀ ਪੀੜ੍ਹੀ ਨੇ ਪਕੜਿਆ ਹੈ। ਇਸ ਸਥਿਤੀ ਵਿਚ ਉਸ ਦਾ ਚੁੱਪ ਰਹਿਣਾ ਹੀ ਵਾਜਿਬ ਸੀ, ਉਂਜ ਕਿਧਰੇ ਕਿਧਰੇ ਕੋਈ ਲਿਖਤ ਹਾਜ਼ਰੀ ਭਰਦੀ ਹੈ ਤਾਂ ਸਚਮੁੱਚ ਹੀ ਦੁਹਰਾਓ ਲਗਦੀ ਹੈ। ਜਿੱਥੇ ਤੱਕ 'ਚੌਥੀ ਕੁਟੀਆ' ਦਾ ਸਵਾਲ ਹੈ। ਉਹਨਾਂ ਦੇ ਤਾਂ ਸਗੋਂ ਹੋਰ ਰੰਗ ਲੱਗ ਗਏ। ਉਹ ਧੂੜ 'ਚ ਟੱਟੂ ਪਹਿਲੋਂ ਵੀ ਨਠਾਈ ਜਾਂਦੇ ਸੀ ਹੁਣ ਵੀ ਓਹੋ ਕੁਝ ਕਰੀ ਜਾਂਦੇ ਆ। ਉਸ ਵੰਨਗੀ ਨੂੰ, ਬੇ-ਹਿੱਸ ਹੋਈ ਲੋਕਾਈ ਦੀ ਚਿੰਤਾ ਨਾ ਪਹਿਲੇ ਸੀ, ਨਾ ਹੁਣ ਹੀ ਹੈ ।

## ਨਾਜਾਇਜ਼ ਰਿਸ਼ਤਿਆਂ ਦੀਆਂ ਕਹਾਣੀਆਂ

? ਕੁਝ ਨਵੇਂ ਲੇਖਕ ਇਹ ਸਮਝਦੇ ਨੇ ਕਿ ਔਰਤ-ਮਰਦ ਦੇ ਜਾਇਜ਼-ਨਾਜਾਇਜ਼ ਰਿਸ਼ਤਿਆਂ ਬਾਰੇ ਲਿਖ ਕੇ ਛੇਤੀ ਪ੍ਰਸਿੱਧ ਹੋਇਆ ਜਾ ਸਕਦਾ ਹੈ, ਕੀ ਇਹ ਠੀਕ ਹੈ?

- ਜੇ ਇਹ ਠੀਕ ਮੰਨ ਲਿਆ ਜਾਵੇ ਕਿ ਔਰਤ ਮਰਦ ਦੇ ਜਾਇਜ਼-ਨਾਜਾਇਜ਼, ਯੋਗ-ਅਯੋਗ ਰਿਸ਼ਤਿਆਂ ਬਾਰੇ ਲਿਖ ਕੇ ਛੇਤੀ ਪ੍ਰਸਿੱਧ ਹੋਇਆ ਜਾ ਸਕਦਾ ਹੈ, ਤਾਂ ਇਸ ਦਾ ਦੂਜਾ ਪੱਖ ਇਹ ਇਹ ਵੀ ਹੈ ਕਿ ਇਹੋ ਜਿਹੇ ਰਿਸ਼ਤਿਆਂ ਬਾਰੇ ਬੇਤੁਕੀਆਂ ਫਾਹਸ਼ ਲਿਖਤਾਂ ਲਿਖ ਕੇ ਓਨੀ ਹੀ ਛੇਤੀ ਬਦਨਾਮ ਵੀ ਹੋਇਆ ਜਾ ਸਕਦਾ ਹੈ। ਇੰਜ ਹੋਇਆ ਵੀ ਹੈ। ਕਈ ਸਾਰੇ ਭਾਈ ਆਤਿਸ਼ਬਾਜੀ ਵਾਂਗ ਸਿੱਧੇ ਉਪਰ ਨੂੰ ਚੜ ਵੀ ਗਏ ਤੇ ਝੱਟ ਹੀ ਸੁਆਹ ਹੋਏ ਬਾਰੂਦ ਵਾਂਗ ਹੇਠ ਵੀ ਆ ਕਿਰੇ। ਇਸ ਤਰ੍ਹਾਂ ਦੀ ਉਡਾਨ ਕਰਦੇ ਬਚੇ ਉਹ ਰਹੇ, ਜਿਹੜੇ ਵਾਜਿਬ-ਗੈਰ ਵਾਜਿਬ ਰਿਸ਼ਤਿਆਂ ਦੇ ਚਲਣ-ਪ੍ਰਚਲਣ ਪਿੱਛੇ ਕਾਰਜ਼ਸ਼ੀਲ ਮਾਨਸਿਕਤਾ ਦੀ ਨਿਸ਼ਾਨਦੇਹੀ ਕਰ ਸਕਦੇ ਸਨ। ਜਿਹਨਾਂ ਨੂੰ ਕਾਰਪੋਰੇਟ ਦੇ ਸੱਭਿਆਜਾਰਕ ਹਮਲਿਆਂ ਦੇ ਕਾਰਨਾਂ, ਕਾਰਜ਼ਾਂ ਤੇ ਸਿੱਟਿਆਂ ਦਾ ਪਤਾ ਲੱਗ ਗਿਆ ਸੀ। ਜਿਹਨਾਂ ਨੇ ਇਸਤਰੀ ਜਾਤੀ ਨੂੰ, ਉਸਦੇ ਜਿਸਮ ਨੂੰ ਨੁਮਾਇਸ਼ ਵਸਤੂ ਬਣਾ ਕੇ ਪੇਸ਼ ਕਰਨ ਵਾਲੇ ਉਪਭੋਗਤਾਵਾਦ ਦੇ ਲੱਛਣਾਂ ਦੀ ਪਛਾਣ ਕਰ ਲਈ ਸੀ। ਉਹ ਨਾਜਾਇਜ਼ ਰਿਸ਼ਤਿਆਂ ਦੀਆਂ ਕਹਾਣੀਆਂ ਲਿਖਦੇ, ਪਾਠਕੀ ਮਨਾਂ ਅੰਦਰ ਸਿਸਟਮ ਲਈ ਨਫ਼ਤਰ ਵੀ ਭਰਦੇ ਰਹੇ ਤੇ ਚਿਰ-ਸਥਾਈ ਪ੍ਰਸਿਧੀ ਵੀ ਖੱਟਦੇ ਰਹੇ।

? ਪਿਛਲੇ ਕੁਝ ਸਮੇਂ ਤੋਂ ਹਿੱਲ ਸਟੇਸ਼ਨਾਂ ਉਪਰ ਜਾ ਕੇ ਵਿਸ਼ੇਸ਼ ਵਰਗ ਦੇ ਲੇਖਕਾਂ ਨੂੰ ਬੁਲਾ ਕੇ ਕਹਾਣੀ-ਗੋਸ਼ਟੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਫਿਰ ਆਪਣੇ ਪਰਚਿਆਂ ਵਿਚ 'ਵਿਚਾਰ-ਚਰਚਾ' ਛਾਪੀ ਜਾਂਦੀ ਹੈ। ਇਹਨਾਂ ਦੀ ਕਿੰਨੀ ਕੁ ਸਾਰਥਿਕਤਾ ਹੈ ?

- ਛਪੀ ਪੁਸਤਕ 'ਤੇ ਵਿਚਾਰ ਚਰਚਾ ਹੋਣੀ ਜਾਂ ਕਰਵਾਉਣੀ ਲੇਖਕ ਦੀ ਅਤ੍ਰਿਪਤ ਰਹਿ ਗਈ ਲਿਖਣ-ਬਿਰਤੀ ਦਾ ਹੀ ਹਿੱਸਾ ਸਮਝੋ। ਉਂਜ ਵੀ ਵਿਗਿਅਪਨਾਂ ਰਾਹੀਂ ਮਾਲ ਵਿਕਰੀ ਹੁੰਦਾ ਹੋਣ ਦੇ ਅਜੋਕੇ ਦੌਰ ਵਿਚ ਕਿਸੇ ਨੂੰ ਪਤਾ ਵੀ ਕਿਵੇਂ ਲੱਗੇ ਕਿ ਕਿਹੜੇ ਕਹਾਣੀਕਾਰ ਨੇ ਕੀ ਕੜ੍ਹੀ ਘੋਲੀ ਐ। ਇਹ ਜਾਣਕਾਰੀ ਜਾਂ ਰੀਲੀਜ਼ ਸਮਾਰੋਹਾਂ ਰਾਹੀਂ ਪ੍ਰਸਾਰਤ ਕੀਤੀ ਜਾਂਦੀ ਐ ਜਾਂ ਗੋਸ਼ਟੀਆਂ ਰਾਹੀਂ। ਗੋਸ਼ਟੀਆਂ ਸਥਾਨਕ ਸਭਾਵਾਂ ਵੀ ਜੰਮ ਕੇ ਕਰਦੀਆਂ ਹਨ ਛਪੀਆਂ ਪੁਸਤਕਾਂ 'ਤੇ। ਪਰ, ਜੋ ਮਾਲ ਅਜੇ ਛਪਣ ਭੱਠੀ 'ਚ ਨਹੀਂ ਪਿਆ, ਉਹ ਅੱਲਾ ਹੈ ਜਾਂ ਕੱਚਾ-ਪੱਕਾ। ਉਸ ਦੀ ਨਿਰਖ-ਪਰਖ ਕਰਨ ਲਈ ਪਹਿਲਾਂ ਪ੍ਰੇਮ ਗੋਰਖੀ ਨੇ 'ਦੀਵਾ ਬਲੇ ਸਾਰੀ ਰਾਤ ' ਨਾਮੀ ਪ੍ਰੋਗਰਾਮਾਂ ਵਿਚ ਵਿਚਾਰ ਅਧੀਨ ਲਿਆਉਣ ਦੇ ਉਪਰਾਲੇ ਕੀਤੇ, ਪਿੱਛੋਂ ਰਾਮ ਸਰੂਪ ਅਣਖੀ ਨੇ ਪਹਾੜੀ ਸਥਾਨਾਂ 'ਤੇ ਪਹੁੰਚ ਕੇ ਅਣਛਪੀਆਂ ਕਹਾਣੀਆਂ ਦੇ ਪੱਧਰ ਨੂੰ ਟੋਹਿਆ-ਪਰਖਿਆ। ਇਸੇ ਹੀ ਯਤਨ ਦੇ ਅਗਲੇ ਪੜਾਅ ਤੇ 'ਪ੍ਰਵਚਨ ' ਵਾਲੇ ਨਿੱਤਰ ਆਏ। ਹੁਣ ਭਾਈ ਜੀ ਤੁਸੀਂ ਆਪ ਹੀ ਦੱਸੋ ਕਿ ਦਾਣਾ-ਪਾਣੀ 'ਪ੍ਰਵਚਨ ', 'ਕਹਾਣੀ ਪੰਜਾਬ ' ਵਾਲਿਆਂ ਦਾ ਟਹਿਲ-ਸੇਵਾ ਮੇਹਰ ਹੋਟਲ ਦੀ, ਫਿਰ ਕਿਹੜਾ ਭੜੂਆ ਪਿੱਛੇ ਰਹੁ ਮੁਫਤੋ-ਮੁਫ਼ਤ ਹੁੰਦੇ ਗੋਸ਼ਟੀ ਕਾਰਜ ਤੋਂ। ਤੇ ਭਾਈ ਜੀ ਜਿਸ ਪਰਚੇ ਦੇ ਇਕ ਪੂਰੇ ਇਸ਼ੂ ਨੂੰ ਪੰਜ-ਛੇ ਕੁਆਰ-ਕੰਜਰ ਕਹਾਣੀਆਂ ਸਮੇਤ ਵਿਚਾਰ-ਚਰਚਾ ਦੇ ਮਿਲਦੀਆਂ ਹੋਣ ਉਹ ਛਾਪੇਗਾ ਕਿਉ ਨਹੀਂ। ਜਿੱਥੋਂ ਤੱਕ 'ਵਿਸ਼ੇਸ਼ ਵਰਗ ਦੇ ਲੇਖਕਾਂ' ਦਾ ਸੰਬੰਧ ਹੈ। ਇਹ ਅਧਿਕਾਰ ਤਾਂ ਪ੍ਰਬੰਧ ਕਰਤਾਵਾਂ ਪਾਸ ਹੀ ਹੋਣਾ ਚਾਹਿਦਾ ਹੈ।

" ਪ੍ਰਕਾਸ਼ਕਾਂ ਦੇ ਆਖੇ ਨੂੰ ਸਾਰਾ ਸੱਚ ਮੰਨ ਕੇ ਫਜ਼ੂਲ ਦੀ ਚਿੰਤਾ ਕਿਉਂ ਸਹੇੜੀਏ ! ਸਾਹਿਤਕਾਰ ਤਾਂ ਕਾਇਮ ਨੇ"

? ਪ੍ਰਕਾਸ਼ਕ ਕਹਿੰਦੇ ਹਨ ਨੇ ਕਿਤਾਬਾਂ ਨਹੀਂ ਵਿਕਦੀਆਂ। ਕਵਿਤਾਂ ਦੀਆਂ ਤਾ ਉੱਕਾ ਹੀ ਨਹੀਂ ਵਿਕਦੀਆਂ। ਪਰ ਫਿਰ ਵੀ ਧੜਾ-ਧੜ ਕਿਤਾਬਾਂ ਛਾਪੀ ਜਾ ਰਹੇ ਹਨ। ਇਹਨਾਂ ਵਿਚ ਕਵਿਤਾ ਦੀਆਂ ਸਭ ਤੋਂ ਵੱਧ ਹੁੰਦੀਆਂ ਨੇ ......!

- ਪ੍ਰਕਾਸ਼ਕ ਦੀ ਇਸ ਸ਼ਿਕਾਇਤ ਨੂੰ ਦੋ ਕੋਨਾਂ ਤੋਂ ਵੇਖਿਆ ਜਾ ਸਕਦਾ ਹੈ। ਪਹਿਲਾ ਇਹ ਕਿ ਕਵੀਆਂ ਦੀ ਗਿਣਤੀ ਧੜਾ-ਧੜ ਵਧ ਰਹੀ ਹੈ। ਦੂਜੇ ਪਾਸੇ ਪਾਠਕਾਂ ਦੀ ਗਿਣਤੀ ਧੜਾ-ਧੜ ਘੱਟ ਰਹੀ ਹੈ। ਪਾਠਕਾਂ ਦੀ ਗਿਣਤੀ ਦਾ ਘਟਣਾ ਇਕ ਵੱਖਰਾ ਇਸ਼ੂ ਹੈ। ਇਸ ਲਈ ਇਕ ਲੰਮੀ ਚੌੜੀ ਬਹਿਸ ਦੀ ਲੋੜ ਹੈ। ਪਰ ਕਵੀਆਂ ਦੀ ਗਿਣਤੀ 'ਚ ਵਾਧਾ ਹੋਣਾ ਤਾਂ ਕੋਈ ਮਾੜੀ ਗੱਲ ਨਹੀਂ ਤੇ ਕਾਵਿ-ਪੁਸਤਕਾਂ ਤੇ ਹੋਰਨਾਂ ਵੰਨਗੀਆਂ ਦੀਆਂ ਪੁਸਤਕਾਂ ਦਾ ਵੱਧ ਤੋਂ ਵੱਧ ਛਪਣਾ ਵੀ ਕਾਵਿ ਵੰਨਗੀ ਸਮੇਤ ਸਮੁੱਚੇ ਸਾਹਿਤ ਲਈ ਚੰਗੇ ਸੰਕੇਤ ਹਨ। ਫਿਰ ਗੈਪ ਕਿੱਥੇ ਹੈ - ਇਸ ਬਾਰੇ ਮੈਂ ਕਹਿਣਾ ਚਾਹਾਗਾਂ ਕਿ ਪ੍ਰਕਾਸ਼ਕ ਵਿਉਪਾਰੀ ਦਾ ਮੁੱਢਲਾ ਨਿਯਮ ਆਪਣੇ ਸਿਰ ਆਉਂਦਾ ਵਿੱਤੀ ਬੋਝ ਆਪਣੇ ਤੋਂ ਹੇਠਲੇ ਸਿਰ ਮੜ੍ਹਨਾ ਹੈ। ਤੁਸੀਂ ਅੱਜ ਦੇ ਸੰਸਾਰ ਦੀ ਅਰਥ-ਵਿਵਸਥਾ 'ਤੇ ਨਿਗਾਹ ਮਾਰੋ। ਜੀ-8 ਵਾਲੇ ਵੱਡੇ ਅਮੀਰ ਦੇਸ਼ ਵਿੱਤੀ ਸੰਕਟ ਦੇ ਵਿੱਤੀ ਬੋਝ ਨੂੰ ਜੀ-20 ਮੁਲਕਾਂ ਉੱਪਰ ਸੁੱਟੀ ਜਾ ਰਹੇ ਹਨ। ਜੀ -20 ਵਾਲੇ ਅੱਗੋਂ ਇਹ ਭਾਰ-ਅਰਧ-ਵਿਕਸਤ ਮੁਲਕਾਂ ਉਪਰ ਉਲੱਦੀ ਤੁਰੇ ਜਾ ਰਹੇ ਹਨ। ਮੰਦਹਾਲੀ ਹੋਵੇ ਜਾਂ ਖੁਸ਼ਹਾਲੀ ਹਰ ਦੌਰ ਦੇ ਵਿਉਪਾਰੀ ਦਾ ਅਮਲੀ ਖਾਸਾ ਇਹੀ ਰਿਹਾ। ਫਿਰ ਭਾਈ ਜੀ ਸਾਡੇ ਪੰਜਾਬੀ ਦੇ ਪ੍ਰਕਾਸ਼ਕਾਂ ਪਾਸ ਤਾਂ ਤੀਜੀ-ਚੌਥੀ ਦੁਨੀਆਂ ਦੇ ਬਾਸ਼ਿੰਦਿਆਂ ਦੇ ਹਾਣ ਦੇ ਕਿੰਨੇ


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

ਸਾਰੇ ਲੇਖਕ ਹਨ। ਇਹਨਾਂ 'ਚ ਕਵਿਤਾ ਲੇਖਕ ਬਹੁਤੇ ਹੋਣਗੇ। ਵਿਉਪਾਰੀ, ਪ੍ਰਕਾਸ਼ਕ ਪਾਠਕਾਂ ਦੀ ਘਾਟ ਕਾਰਨ ਪੈਣ ਵਾਲੇ ਸੰਭਾਵੀ ਘਾਟੇ ਨੂੰ ਫਿਰ ਕਵੀਆਂ ਜਾਂ ਲੇਖਕਾਂ ਉੱਤੇ ਸੁੱਟਣਗੇ ਹੀ ਸੁੱਟਣਗੇ। ਇਸ ਵਿਚ ਹੈਰਾਨ ਹੋਣ ਵਾਲੀ ਕੋਈ ਬਾਤ ਨਹੀਂ।

"ਆਲੋਚਕ ਅਲੋਚਨਾ ਦੇ ਜ਼ੁਮੇਦਾਰਾਨਾ ਕੰਮ ਨਾਲੋਂ ਗੁੱਟਬੰਦੀ ਨੂੰ ਪਹਿਲ ਜ਼ਿਆਦਾ ਦਿੰਦੇ ਹਨ"

? ਸੇਖੋਂ, ਕਿਸ਼ਨ ਸਿੰਘ, ਹਰਿਭਜਨ ਸਿੰਘ, ਟੀ . ਆਰ . ਵਿਨੋਦ, ਰਘਬੀਰ ਸਿੰਘ ਸਿਰਜਣਾ, ਗੁਰਬਖ਼ਸ਼ ਸਿੰਘ ਫਰੈਂਕ ਹੋਰਾਂ ਕੇ ਕੱਦ-ਬੁੱਤ ਜਿੱਡਾ ਆਲੋਚਕ ਕੋਈ ਨਜ਼ਰ ਕਿਉਂ ਨਹੀ ਆ ਰਿਹਾ ?

– ਜਾਪਦਾ ਸਭ ਨੂੰ ਇਵੇਂ ਹੀ ਹੈ। ਉਂਜ ਆਪਾਂ ਇਸ ਮਸਲੇ ਵਿੱਚ ਦਖ਼ਲ ਦਿੰਦੇ ਚੰਗੇ ਨਹੀਂ ਲਗਦੇ। ਕਾਰਨ ਇਹ ਕਿ ਸਾਨੂੰ ਆਲੋਚਕਾਂ ਦੀ ਉਸ ਵੱਡੀ ਪੀੜ੍ਹੀ ਦੀ ਕਾਰਗੁਜ਼ਾਰੀ ਬਾਰੇ ਓਨੀ ਜਾਣਕਾਰੀ ਨਹੀਂ ਜਿੰਨੀ ਉਹਨਾਂ ਦੀ ਸਿਫ਼ਤ-ਸਲਾਹ ਜ਼ਾਂ ਆਲੋਚਕਾ ਕਰਨ ਲਈ ਹੋਣੀ ਚਾਹੀਦੀ ਹੈ। ਘੱਟੋ-ਘੱਟ ਮੈਨੂੰ ਤਾਂ ਇਸ ਸੰਬੰਧੀ ਬਿਲਕੁਲ ਹੀ ਹੈ ਨਹੀਂ। ਉਹ ਕੀ ਲਿਖਦੇ ਸਨ। ਕਿਦ੍ਹੇ ਬਾਰੇ ਕਿਹੋ ਜਿਹਾ ਲਿਖਦੇ ਸਨ ਮੈਂ ਇਸ ਪੱਖੋਂ ਇਕ ਤਰ੍ਹਾਂ ਨਾਲ ਅਨਪੜ੍ਹ ਹੀ ਹਾਂ। ਪਰ ਉਸ ਵੱਡੀ ਪੀੜ੍ਹੀ ਤੋਂ ਪਿੱਛੋਂ ਦੀ ਨਵੀਂ ਪੌਦ ਬਾਰੇ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਇਹ ਅਲੋਚਨਾ ਦੇ ਜ਼ੁਮੇਦਾਰਾਨਾ ਕੰਮ ਨਾਲੋਂ ਗੁੱਟਬੰਦੀ ਨੂੰ ਪਹਿਲ ਦਿੰਦੇ ਹਨ। ਇਹਨਾਂ ਦੇ ਆਪਣੇ-ਆਪਣੇ ਚਹੇਤੇ ਲੇਖਕ ਨੇ। ਇਹ ਆਪਣੀ ਜਾਤ-ਵਲਗਣ ਜਾਂ ਗੁੱਟ-ਦ੍ਰਿਸ਼ਟੀ ਤੇ ਘੇਰੇ ਤੋਂ ਬਾਹਰ ਨਹੀਂ ਨਿਕਲਦੇ। ਸ਼ਾਇਦ ਇਸੇ ਲਈ ਆਪਾਂ ਨੂੰ ਲਗਦਾ ਕਿ ਇਹਨਾਂ ਸਾਹਿਬਾਂ ਦਾ ਕੱਦ-ਬੁੱਤ ਅਜੇ ਤੱਕ ਉਹਨਾਂ ਬਜ਼ੁਰਗਾਂ ਸਾਹਮਣੇ ਬਹੁਤ ਹੀ ਬੌਣਾ ਜਿਹਾ ਲਗਦਾ। ਫਿਰ ਵੀ ਕੁਝ ਉਦਹਾਰਣਾਂ ਐਸੀਆਂ ਹਨ ਜਿਨ੍ਹਾਂ ਦੀ ਪਹੁੰਚ ਇਸ ਨਿਰਾਸ਼ਾਜਨਕ ਵਰਤਾਰੇ ਵਿਚ ਵੀ ਆਲੋਚਨਾ ਦੇ ਪਵਿੱਤਰ ਕੰਮ ਦੀ ਲਾਜ ਰੱਖਣ ਲਈ ਇਕ ਤਰ੍ਹਾਂ ਨਾਲ ਮਿਸਾਲੀ ਆਖੀ ਜਾ ਸਕਦੀ ਹੈ। ਉਹਨਾਂ ਵਿਚ ਡਾ : ਜਸਵਿੰਦਰ ਬਿੰਦਰਾ, ਜੋਗਿੰਦਰ ਨਿਰਾਲਾ, ਡਾ : ਧਨਵੰਤ ਕੌਰ, ਡਾ : ਚੰਦਰ ਮੋਹਨ, ਤਸਕੀਨ , ਸੁਰਜੀਤ ਬਰਾੜ , ਡਾ : ਜੇ.ਬੀ . ਸੇਖੋਂ ਆਦਿ ਸ਼ਾਮਿਲ ਹਨ ।

## ਇਨਾਮਾਂ, ਸਨਮਾਨਾਂ ਦੇ ਜੁਗਾੜ

? ਇਨਾਮਾਂ, ਸਨਮਾਨਾਂ ਦੇ ' ਜੁਗਾੜ ' ਬਾਰੇ ਤੁਹਾਡੇ ਕੀ ਵਿਚਾਰ ਹਨ ?

– ਵਾਹ ਵਾਹ, ਕਿਆ ਮਜ਼ੇਦਾਰ ਗੱਲ ਪੁੱਛੀ ਹੈ ਐ ਤੁਸੀਂ! ਮੈਂ ਲਾਲ ਸਿੰਘ ਪੁੱਤਰ ਸੁਰੈਣ ਸਿੰਘ, ਸਕਨਾ ਝੱਜ, ਠਾਣਾ ਟਾਂਡਾ, ਤਹਿਸੀਲ ਦਸੂਹਾ ( ਹੁਣ ਨੇੜੇ ਐਸ . ਡੀ . ਐਮ . ਦਸੂਹਾ), ਗੀਤਾ, ਕੁਰਾਨ ਜਾਂ ਗ੍ਰੰਥ ਸਾਹਿਬ ਜਾਂ ਹੋਰ ਕਿਸੇ ਵੀ ਮੁਕੱਦਸ ਪੁਸਤਕ 'ਤੇ ਹੱਥ ਰੱਖ ਕੇ ਬੱਸ ਇਹੋ ਸੱਚ ਕਹਾਂਗਾ ਕਿ ਮੈਨੂੰ ਇਨਾਮਾਂ-ਸਨਮਾਨਾਂ ਦੀ ਜੁਗਾੜਬੰਦੀ ਦੀ ਰੱਤੀ ਭਰ ਵੀ ਸਮਝ ਨਹੀਂ। ਦਿੱਲੀ - ਦੱਖਣ ਤਾਂ ਬਹੁਤ ਦੂਰ ਦੀ ਬਾਤ ਐ, ਮੈਂ ਤਾਂ ਕਦੀ ਪਟਿਆਲੇ ਵਾਲਾ ਭਾਸ਼ਾ ਵਿਭਾਗ ਵੀ ਨਹੀਂ ਦੇਖਿਆ। ਸੁਣਿਆ ਉਥੇ ਕੋਈ ਘੜਾ-ਘਰ ਵੀ ਬਣਿਆ ਹੋਇਆ ਲੜੇ ਲੇਖਕਾਂ ਲਈ। ਮੈਨੂੰ ਤਾਂ ਉਸ ਥਾਂ ਦੀ ਵੀ ਜਾਣਕਾਰੀ ਨਹੀਂ। ਉਂਝ ਇਨਾਮਾਂ-ਸਨਮਾਨਾਂ ਨੂੰ ਕਿਵੇਂ ਪ੍ਰਾਪਤ ਕੀਤਾ ਜਾਂਦਾ, ਇਹਨਾਂ ਪਿੱਛੇ ਕਿਹੋ ਜਿਹੀ ਹਿੱਲ-ਜੁਲ ਕੀਤੀ ਹੁੰਦੀ ਐ, ਕਦੀਂ-ਕਦਾਈਂ ਇਹ ਦੇਖਣ-ਪੜ੍ਹਨ ਨੂੰ ਜ਼ਰੂਰ ਮਿਲ ਜਾਂਦਾ। ਕਈ ਵਾਰ ਊਠ ਦੇ ਇਸ ਲਮਕਦੇ ਬੂਲ੍ਹ ਨੂੰ ਆਪਣੀ ਝੋਲੀ 'ਚ ਡਿਗਦਾ ਕਰਨ ਲਈ ਵੱਡੇ-ਵੱਡੇ ਸਾਹਿਤਕਾਰ ਉਤਸਵ, ਰਾਸ਼ਟਰੀ ਪੱਧਰ ਦੇ ਦਰਬਾਰਾਂ ਦਾ ਆਯੋਜਨ ਹੁੰਦਾ ਵੀ ਦ੍ਰਿਸ਼ਟੀਗੋਚਰ ਹੋਇਆ। ਖੈਰ ਕੁਝ ਵੀ ਹੋਵੇ, ਉਹ ਵਿਦਵਾਨ ਸੱਜਣ ਕਰਦੇ ਤਾਂ ਹਨ ਨਾ ਕੁਝ ਨਾ ਕੁਝ। ਇਸ ਨਾਤੇ ਮੈਨੂੰ ਉਹਨਾਂ ਸਾਹਿਬਾਂ ਦੀ ਵੀ ਬਹੁਤ ਇੱਜ਼ਤ ਕਰਨੀ ਪੈਂਦੀ ਆ, ਅੱਵਲ ਕਰਦਾਂ ਆਂ ਜੀ ਮੈਂ। ਉਹ ਢਿੱਲੇ -ਮੱਠੇ ਤਾਂ ਨਹੀਂ ਮੇਰੇ ਵਾਂਗ। ਮੈਂ ਤਾਂ ਕਦੀ ਤਿੰਨਾਂ ਯੂਨੀਵਰਸਿਟੀਆਂ ਦੇ ਵਿਭਾਗੀ ਦਫਤਰਾਂ ਦਾ ਵੀ ਗੇੜਾ ਤਾਂ ਨਹੀਂ ਕੱਢਿਆ, ਨਾ ਹੀ ਸਲੇਬਸੀ ਪਹਿਲਵਾਨਾਂ ਨੂੰ ਆਪਣੀ ਕੋਈ ਪੁਸਤਕ ਭੇਟ ਕੀਤੀ ਐ ਕਦੀ ਸੋਚਣ-ਵਿਚਾਰਨ ਲਈ ।

"ਅਜੋਕੇ ਸਮਿਆਂ ਵਿਚ ਲਿਖਤਾਂ ਦੀ ਅਹਿਮੀਅਤ ਉੱਤੇ ਮੱਠਬਾਜੀ ਹਾਵੀ ਹੈ "

? ਦਸੂਹਾ ਨਿੱਕਾ ਸ਼ਹਿਰ ਹੈ। ਕੀ ਤੁਸੀਂ ਕਦੇ ਨਹੀਂ ਸੋਚਿਆ ਪਈ ਜੇ ਤੁਸੀਂ ਚੰਡੀਗੜ੍ਹ ਦਿੱਲੀ ਜਾਂ ਕਿਸੇ ਹੋਰ ਵੱਡੇ ਸ਼ਹਿਰ 'ਚ ਰਹਿੰਦੇ ਹੁੰਦੇ ਤਾਂ ਤੁਹਾਡੀਆਂ ਕਹਾਣੀਆਂ ਦੀ ਵਧੇਰੇ ਚਰਚਾ ਹੋਣੀ ਸੀ ?



**ਮਿੱਤਰ ਬੇਲੀ** – ਲਾਲ ਸਿੰਘ, ਇਲਿਆਸ ਘੁੰਮਣ, ਜਰਨੈਲ ਸਿੰਘ ਘੁੰਮਣ ਅਤੇ ਹਰਭਜਨ ਸਿੰਘ ਹੁੰਦਲ

– ਪਹਿਲੋਂ ਤਾਂ ਕਦੀ ਨਹੀਂ ਸੀ ਸੋਚਿਆ, ਤੁਹਾਡਾ ਪ੍ਰਸ਼ਨ ਸੁਣ ਕੇ ਜ਼ਰੂਰ ਥੋੜ੍ਹੀ ਕੁ ਜਿੰਨੀ ਹਿਲਜੁਲ ਹੋਈ ਐ, ਮੇਰੇ ਅੰਦਰ। ਮੈਨੂੰ ਲੱਗਣ ਲੱਗਾ, ਕਿ ਜਦੋਂ ਕਿਸੇ 'ਗੁਣੀ-ਗਿਆਨੀ' ਨੇ ਚੰਗੇ ਕਵੀਆਂ, ਚੰਗੇ ਨਾਵਾਲਕਾਰਾਂ, ਕਹਾਣੀਕਾਰਾਂ ਦੀ ਟੋਹ ਲਾਈ ਹੈ ਤਾਂ ਉਸ ਨੇ ਪਹਿਲੀ ਉਡਾਨ ਦਿੱਲੀ, ਚੰਡੀਗੜ੍ਹ, ਪਟਿਆਲਾ , ਬਠਿੰਡਾ, ਲੁਧਿਆਣਾ, ਜਲੰਧਰ, ਅੰਬਰਸਰ ਆਦਿ ਵੱਡੇ ਸ਼ਹਿਰ ਤੱਕ ਦੀ ਹੀ ਭਰੀ ਹੈ। ਫਿਰ ਅਗਲੀ ਉਡਾਰੀ 'ਚ ਉਹ ਬਰਨਾਲਾ, ਮੋਗਾ, ਫਗਵਾੜਾ, ਨਾਭਾ, ਨਕੋਦਰ, ਫਰੀਦਕੋਟ, ਫਿਰੋਜ਼ਪੁਰ, ਨਵਾਂਸ਼ਹਿਰ ਵਰਗੇ ਮੁੱਖ-ਮਾਰਗੀ ਕਸਬਾ ਨੁਮਾ ਸ਼ਹਿਰਾਂ ਤੱਕ ਵੀ ਪੁੱਜਾ ਹੈ। ਇਸ ਤੋਂ ਹੇਠਲੀਆਂ ਥਾਵਾਂ 'ਤੇ ਜਾਣ ਦੀ ਜਾਂ ਉਸਦੀ ਹਿੰਮਤ ਨਹੀ ਹੋਈ ਜਾਂ ਉਸਦੀ ਸੂਚੀ ਦਾ ਘਰ ਪੂਰਾ ਹੋ ਗਿਆ। ਇਸਦੇ ਨਾਲ-ਨਾਲ ਇਸ ਤੱਥ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਕਿ ਅਜੋਕੇ ਸਮਿਆਂ ਵਿਚ ਲਿਖਤਾਂ ਦੀ ਅਹਿਮੀਅਤ ਉੱਤੇ ਮੱਠਮਾਰੀ ਹਾਵੀ ਹੈ। ਕਿਸੇ ਮੱਠ ਦੀ ਪ੍ਰਿੰਟ-ਮੀਡੀਆ ਨਾਲ ਬਹੁਤ ਸਾਂਝ ਐ, ਕਿਸੇ ਦੀ ਬਿਜਲਈ ਮੀਡੀਆ ਨਾਲ। ਜੇ ਇਕ ਦਾ ਇਕ ਯਨੀਵਰਸਿਟੀ 'ਚ ਬੋਲਬਾਲਾ ਹੈ, ਤਾਂ ਦੂਜੇ ਦਾ ਦੂਜੀ 'ਚ, ਤੀਜੇ ਦਾ ਤੀਜੀ 'ਚ। ਹੁਣੇ ਹੁਣੇ ਮੇਰੇ ਮਨ 'ਚ ਵੀ ਇਵੇਂ ਹੀ ਆਇਆ ਹੈ, ਜੇ ਮੈਂ ਵੀ ਕਿਸੇ ਨਾ ਕਿਸੇ ਦਰਗਾਹ ਦੀ ਸਿੱਖੀ-ਸੇਵਕੀ 'ਚ ਸ਼ਾਮਿਲ ਹੁੰਦਾ ਤਾਂ ਹੁਣ ਨੂੰ ਜ਼ਰੂਰ ਵੱਡੇ ਕਹਾਣੀਕਾਰਾਂ 'ਚ ਗਿਣਿਆ ਜਾਂਦਾ। ਮੈਂ ਵੱਡੇ-ਵੱਡੇ ਗੁਣੀਆਂ-ਗਿਆਨੀਆਂ ਦੀ ਨਿਗਾਹ ਚੜ੍ਹ ਗਿਆ ਹੁੰਦਾ, ਕਿਉਂ ਜੋ ਇਹਨਾਂ 'ਮਹਾਂਪੁਰਸ਼ਾਂ' ਦੀ ਉਡਾਨ ਦੀ ਸੀਮਾ ਹੀ ਵੱਡੇ ਸ਼ਹਿਰਾਂ ਤੱਕ ਸੀਮਤ ਹੈ। ਪਰ .... ਝੱਟ ਹੀ ਮੇਰੇ ਅੰਦਰੋਂ ਕਿਸੇ ਨੇ ਮੈਨੂੰ ਲਾਅਣਤ ਪਾਉਣ ਵਰਗੀ ਝਿੜਕ ਮਾਰੀ ਹੈ। ਮੈਂ ਝੱਟ ਹੀ ਸੰਭਲ ਗਿਆ ਹਾਂ। ਝੱਟ ਦਸੂਹਾ ਆਪਣੀ ਹੁਣ ਦੀ ਠਹਿਰ 'ਤੇ ਆ ਪੁੱਜਾ ਹਾਂ। ਇਸ ਠਹਿਰ ਨਾਲ ਵੀ ਇਕ ਤਰ੍ਹਾਂ ਮੇਰੀ ਡਾਕ ਦਾ ਹੀ ਸਰਨਾਵਾਂ ਹੈ। ਮੇਰੀ ਦਿਨ ਵੇਲੇ ਦੀ ਠਹਿਰ ਪਿੰਡ ਨਿਹਾਲਪੁਰ ਵਿਚਲੀ ਮੇਰੀ ਬਾੜੀ (ਹਵੇਲੀ) ਵਿਚੇ ਹੁਮਦਿ ਹੈ। ਮੇਰੀ ਥੋੜ੍ਹੀ ਜਿਹੀ ਭੋਏਂ ਨਾਲ ਜੁੜਵੇ ਪਿੰਡ ਕਹਿਰਵਾਲੀ ਵਿਖੇ ਹੈ। ਇਹਨਾਂ ਦੋਨਾਂ ਨਾਲ ਮੋਹ ਪਾਲਦਾ ਮੈਂ ਆਪਣੇ ਪੇਕਾ ਪਿੰਡ ਝੱਜਾਂ ਵਿਖੇ ਰਹਿ ਰਿਹਾ ਮਹਿਸੂਸਦਾ ਹਾਂ। ਇਹ ਸਚਮੁੱਚ ਹੀ ਨਿਰੋਲ ਸੱਚ ਵਰਗਾ ਸੱਚ ਹੈ ਕਿ ਜੇ ਮੈਨੂੰ ਦਸੂਹਾ ਦੇ ਕਿਸੇ ਅੰਦਰੂਨੀ ਖੇਤਰ ਵਿਚ ਰਹਿਣਾ ਪੈਂਦਾ ਤਾਂ ਮੈਂ ਹੁਣ ਤੱਕ ਕਦੋਂ ਦਾ ਪਰਲੋਕ ਸੁਧਾਰ ਗਿਆ ਹੁੰਦਾ। ਜਲੰਧਰ, ਚੰਡੀਗੜ੍ਹ, ਦਿੱਲੀ ' ਚ ਰਹਿਣ ਬਾਰੇ ਤਾਂ ਕਦੀ ਸੁਪਨਾ ਵੀ ਨਹੀਂ ਲਿਆ ਜਾ ਸਕਦਾ ।

? ਤੁਸੀ ਕਾਫੀ ਦੇਰ ਸਕੂਲੀ-ਅਧਿਆਪਕ ਰਹੇ ਹੋ, ਅਧਿਆਪਕ ਜਥੇਬੰਦੀਆਂ ਨਾਲ ਵੀ ਜੁੜੇ ਰਹੇ ਹੋ, ਲੇਕਿਨ ਅਧਿਆਪਕ ਜਥੇਬੰਦੀਆਂ ਟੀਚਰਾਂ ਨਾਲ ਬਦਲੀਆਂ ਕਰਾਉਣ, ਗਰੇਡ ਦੁਹਰਾਉਣ, ਤੱਕ ਹੀ ਸੀਮਤ ਰਹੀਆਂ ਹਨ। ਇਸ ਬਾਰੇ ਤੁਹਾਡੇ ਕੀ ਵਿਚਾਰ ਹਨ ?

– ਇਹ ਪੂਰਾ ਸੱਚ ਨਹੀਂ। ਇਹ ਸੱਚ ਉਦੋਂ ਬਣਿਆ ਜਦੋਂ ਇਤਿਹਾਸਕ ਪਿੱਠ-ਭੂਮੀ ਵਾਲੀ ਜੀ . ਟੀ . ਯੂ . ਕਈਆਂ ਕਾਰਨਾਂ ਕਰਕੇ ਅਗਾਂਹ ਲੰਬੀ ਗਰੁੱਪ, ਅਧਿਆਪਕ ਦਲ, ਅਧਿਆਪਕ ਸੰਗਠਨ ਏਕਤਾ ਕੇਂਦਰ, ਵਰਗੇ ਫੱਟਿਆਂ ਹੇਠ ਖਿੰਡ-ਖਿੱਲਰ ਗਈ। ਇਹ ਗਰੁੱਪ-ਬੰਦੀ ਆਪਣੀ-ਆਪਣੀ ਮੈਂਬਰਸ਼ਿਪ ਨੂੰ ਕਾਇਮ ਰੱਖਣ ਜਾਂ ਹੋਰ ਖੁਰਦਾ ਹੋਣੋਂ ਬਚਾਉਣ ਲਈ, ਬਦਲੀਆਂ ਜਾਂ ਗਰੇਡ ਦੁਹਰਾਈ ਵਰਗੇ ਹਲਕੇ ਜਿਹੇ ਉਦੇਸ਼ਾਂ ਨੂੰ ਹੀ ਯੂਨੀਅਨਇਜ਼ਮ ਦਾ ਮੁੱਖ ਉਦੇਸ਼ ਸਮਝਣ ਲੱਗ ਪਈ। ਅੱਜ ਸਥਿਤੀ ਏਨੀ ਹਾਸੋ-ਹੀਣੀ ਹੈ ਕਿ ਸਰਕਾਰੀ ਸਕੂਲਾਂ ਵਿਚ ਅਨੇਕਾਂ ਰੰਗਾਂ ਦੇ ਅਧਿਆਪਕ ਹਨ। ਕੋਈ ਜ਼ਿਲ੍ਹਾਂ ਪ੍ਰੀਸ਼ਦ ਹੇਠ ਕੰਮ ਕਰਦਾ, ਕੋਈ ਸਰਵ-ਸਿੱਖਿਆ ਅਭਿਆਨ ਨਾਲ, ਕੋਈ ਪੜ੍ਹੋ-ਪੰਜਾਬ ਦਾ ਅਧਿਆਪਕ ਕਰਮੀ ਹੈ, ਕੋਈ ਸਿੱਖਿਆ ਮਹਿਕਮੇ ਦੀ ਸਿੱਧੀ ਕਮਾਨ ਹੇਠ ਆਉਂਦੈਂ। ਇਹਨਾਂ ਵਿਚ ਕਿਸੇ ਵੀ ਵਰਗ ਦੀ ਕੋਈ ਕਾਰਗਰ ਜਥੇਬੰਦੀ ਨਹੀਂ ਹੈ। ਹੁਣ ਸਰਕਾਰਾਂ ਆਪਣੀਆਂ ਸ਼ਰਤਾਂ 'ਤੇ ਨੌਕਰੀਆਂ ਦਿੰਦੀਆਂ। ਆਪਣੀਆਂ ਸ਼ਰਤਾਂ ' ਤੇ ਬਦਲੀਆਂ ਕਰਦੀਆਂ। ਗ੍ਰੇਡ ਸੁਧਾਈ ਦੀ ਤਾਂ ਹੁਣ ਮੱਦ ਹੀ ਖਾਰਜ ਹੈ। ਠੇਕਾ ਸਿਸਟਮ ਹੋਣ ਕਰਕੇ। ਪਰ ਇਕਮੁੱਠਤਾ ਵਾਲੀ ਗੌਰਮਿੰਟ ਟੀਚਰ ਯੂਨੀਅਨ ਵੇਲੇ ਇਵੇਂ ਨਹੀਂ ਸੀ ਹੁੰਦਾ। ਦੋ ਵੱਖ-ਵੱਖ ਧੜੇ, ਢਿੱਲੋਂ ਤੇ ਰਾਣਾ ਗਰੁੱਪ ਚੋਣ ਜਿੱਤਣ-ਹਾਰਨ ਪਿੱਛੋਂ ਵੀ ਇਕ ਜੀ.ਟੀ.ਯੂ. ਹੀ ਹੁੰਦੇ ਸਨ। ਨਜਾਇਜ਼ ਬਦਲੀਆਂ ਰੁਕਵਾ ਵੀ ਲੈਂਦੇ ਸਨ। ਬਦਲੀਆਂ ਦੀ ਨੀਤੀ ਨਿਰਧਾਰਤ ਕਰਵਾਉਣ ਲਈ ਸਰਕਾਰਾਂ 'ਤੇ ਦਬਾਅ ਪਾਉਣ ਦੀ ਵੀ ਸਮਰੱਥਾ ਰੱਖਦੇ ਸਨ। ਟਰੇਡ ਯੂਨੀਅਨ ਦੇ ਨਿਯਮ, ਹਰ ਜਥੇਬੰਦੀ ਨੂੰ ਪਹਿਲ ਦੇ ਆਧਾਰ ' ਤੇ ਪਹਿਲਾਂ ਆਪਣੇ ਹੀ ਮਹਿਕਮੇ ਵਿਚ ਕੰਮ ਕਰਨ ਦੀ ਆਗਿਆ ਦਿੰਦੇ ਹਨ। ਇਸੇ ਕਾਰਨ ਜੀ . ਟੀ . ਯੂ . ਪਾਸ ਮੁੱਖ ਵਿਸ਼ੇ ਗਰੇਡ-ਸੁਧਾਈ, ਜਾਂ ਬਦਲੀਆਂ ਆਦਿ ਹੀ ਸਨ। ਪਰ , ਇਹ ਜਥੇਬੰਦੀ ਕੇਵਲ ਤੇ ਕੇਵਲ ਏਨੇ ਨਾਲ ਸੰਤੁਸ਼ਟ ਨਹੀਂ ਸੀ। ਐਮਰਜੈਂਸੀ ਵੇਲੇ ਜਦੋਂ ਬੀਬੀ ਇੰਦਰਾ ਦੀ ਮਰਜ਼ੀ ਤੋਂ ਬਗੈਰ ਪੱਤਾ ਵੀ ਨਹੀਂ ਸੀ ਹਿੱਲ ਸਕਦਾ, ਉਸ ਸਮੇਂ ਅਧਿਆਪਕ ਯੂਨੀਅਨ ਦੀਆਂ ਚੋਣਾਂ ਕਰਵਾਉਣਾ ਇਕ ਤਰ੍ਹਾਂ ਨਾਲ ਲੋਕਤੰਤਰੀ ਵਿਵਸਥਾ ਦੀ ਰਾਖੀ ਕਰਨ ਦੇ ਬਰਾਬਰ ਸੀ। ਇਸ ਚੋਣ ਦੀ ਖ਼ਬਰ ਬੀ . ਬੀ . ਸੀ . ਲੰਡਨ ਤੋਂ ਪ੍ਰਸਾਰਤ ਹੋਣਾ ਆਪਣੇ ਆਪ ਵਿਚ ਇਕ ਵੱਡੀ ਘਟਨਾ ਸੀ। ਇਸ ਕਾਰਨਾਮੇ ਨੇ ਹੋਰਨਾਂ ਵਰਕਰਾਂ ਨੂੰ ਵੀ ਸਿਰ ਚੁੱਕਣ ਲਈ ਉਤਸ਼ਾਹਿਤ ਕੀਤਾ। ਭਾਵੇਂ ਕਿ ਟਰੇਡ -ਯੂਨੀਅਨਇਜ਼ਮ ਮੋਟੇ ਤੌਰ ' ਤੇ ਆਰਥਿਕਤਾਵਾਦ ਦੀ ਹੀ ਸ਼ਿਕਾਰ ਰਹੀ ਹੈ। ਹੁਣ ਹਾਲਾਤ ਹੋਰ ਹਨ। ਅੱਜ ਦੇ ਨਿੱਜੀ ਕ੍ਰਿਤ ਵਰਤਾਰੇ ਨੇ ਅਧਿਆਪਕ ਜਥੇਬੰਦੀਆਂ ਸਮੇਤ ਕਰੀਬ ਸਾਰਿਆਂ ਦੀ ਅਦਾਰਿਆਂ ਦੀਆਂ ਜਥੇਬੰਦੀਆਂ ਨੂੰ ਪ੍ਰਭਾਵਹੀਣ ਕਰ ਦਿੱਤਾ ਹੋਇਆ ਹੈ। ਅੱਗੇ ਦੇਖੋ ਕੀ ਬਣਦਾ।



ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਮਾਗਮ ਗੁਰਦਾਸਪੁਰ ਵਿਖੇ ਬੋਲਦੇ ਹੋਏ ਲਾਲ ਸਿੰਘ। ਉਨ੍ਹਾਂ ਦੇ ਨਾਲ ਹਰਭਜਨ ਹੁੰਦਲ, ਸੁਸ਼ੀਲ ਦੁਸਾਂਝ, ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਅਤੇ ਹੋਰ।

## "ਮਨਪਸੰਦ ਸਾਹਿਤਕ ਪਰਚੇ ਕਿਹੜੇ ਤੇ ਕਿਉਂ ?"

? ਆਪਣੇ ਮਨਪਸੰਦ ਸਾਹਿਤਕ ਪਰਚਿਆਂ ਦੇ ਨਾਂ ਲਵੋ, ਅਤੇ ਇਹ ਵੀ ਦੱਸੋ ਕਿ ਤੁਹਾਨੂੰ ਇਹ ਕਿਉਂ ਪਸੰਦ ਨੇ ?

– ਲਓ, ਇਸ ਮਨ-ਪਸੰਦਗੀ ਦਾ ਵੀ ਹਿਸਾਬ-ਕਿਤਾਬ ਜੋੜ ਲੈਂਦਾ ਹਾਂ। 'ਹੁਣ' ਵੰਨ-ਸਵੰਨੀ ਸਮੱਗਰੀ ਦਾ ਭੰਡਾਰ ਹੋਣ ਕਰਕੇ 'ਸਿਰਜਣਾ' ਆਪਣੀ ਸਾਹਿਤਕ ਵਚਨਬੱਧਤਾ ਕਰਕੇ, 'ਚਿਰਾਗ' ਜਗਤ-ਪ੍ਰਸਿੱਧ ਸੰਗਰਾਮੀ ਕਵੀਆਂ ਨਾਲ ਤੁਆਰਫ਼ ਕਰਵਾਉਂਦਾ ਹੋਣ ਕਰਕੇ, 'ਮਹਾਂਦਰਾ' ਆਪਣੀ ਬੇ-ਬਾਕ ਪਹੁੰਚ ਕਰਕੇ। 'ਪ੍ਰਵਚਨ' ਸਾਹਿਤਕ-ਸੰਵਾਦ ਰਚਾਉਣ ਕਰਕੇ, 'ਸਰੋਕਾਰ' ਅਜੇ ਤੱਕ ਆਪਣੀ ਥਾਂ ਡਟਿਆ ਰਹਿਣ ਕਰਕੇ, 'ਅੱਖਰ' ਤਿੱਖੀ ਤਰਕਸੰਗਤ ਸੰਪਾਦਕੀ ਕਰਕੇ, 'ਕਹਾਣੀ-ਧਾਰਾ' ਆਪਣੀ ਧਿਰ ਦੀ ਠੋਕਵੀਂ ਰਾਖੀ ਕਰਦਾ ਹੋਣ ਕਰਕੇ, 'ਤ੍ਰਿਸ਼ੰਕੂ' ਆਪਣੀ ਮੱਧ-ਮਾਰਗੀ ਨੀਤੀ ਕਰਕੇ, 'ਕਹਾਣੀ-ਪੰਜਾਬ ' ਪੀਸ ਆਫ਼ ਸੋਸਾਇਟੀ ਨਸ਼ਰ ਕਰਦਾ ਹੋਣ ਕਰਕੇ' 'ਛੇਵਾਂ ਦਰਿਆ' ਕੁੱਲ ਖ਼ਰਚਾ ਪੱਲਿਓ ਕਰਦਾ ਹੋਣ ਕਰਕੇ, 'ਸ਼ਬਦ' ਜੁਗਾੜਬੰਦੀ ਰਾਹੀਂ ਵਿੱਤੀ ਪ੍ਰਬੰਧ ਦਾ ਮਾਹਿਰ ਹੋਣ ਕਰਕੇ, 'ਸਮਕਾਲੀ ਸਾਹਿਤ ' ਲੇਖਕਾਂ ਨੂੰ ਸੇਵਾ-ਫਲ ਦਿੰਦਾ ਹੋਣ ਕਰਕੇ, 'ਸਮਦਰਸ਼ੀ' ਨੂਰ ਦੀ ਸ਼ਹਿਨਸ਼ਾਹੀ ਚਮਕਾਉਂਣ ਹੋਣ ਕਰਕੇ, 'ਹਾਸ਼ੀਆ' ਦਲਿਤ ਸਮੱਸਿਆਵਾਂ ਦਾ ਬੁਲਾਰਾ ਹੋਣ ਕਰਕੇ ।

ਨਵੀਂ 'ਲਕੀਰ' ਦੀ ਨਵੀਂ ਨੀਤੀ ਅਜੇ ਸਮਝਣੀ ਬਾਕੀ ਹੈ। 'ਸ਼ਿਲਾਲੇਖ', 'ਨਜ਼ਰੀਆ' ਕਦੀ ਨਿੱਠ ਕੇ ਪੜ੍ਹੇ ਨਹੀਂ। ਚੰਗਾ ਜੀ, ਰੱਬ ਰਾਖਾ। ਫਿਰ ਮਿਲਾਂਗੇ।

# ਕਿਊਬਾ ਦੇ ਗੀਤ

ਪਾਬਲੋ ਨੇਰੂਦਾ

(ਅਨੁਵਾਦ - ਹਰਭਜਨ ਸਿੰਘ ਹੁੰਦਲ)

''ਪੈਰਿਸ- 13 ਜੂਨ- ਪੈਰਿਸ ਦੀ ਪ੍ਰੈਸ ਨੇ ਫਾਸ਼ੀ ਕਾਤਲਾਂ ਹੱਥੋਂ ਇਕ ਨੌਜਵਾਨ ਕਵੀ ਮੈਨੂਅਲ ਮੋਰੀਨੋ ਬਾਰੈਕੋ ਦੇ ਕਤਲ ਬਾਰੇ ਟਿੱਪਣੀਆਂ ਕੀਤੀਆਂ ਹਨ।''

''ਏਸੇ ਫਰਵਰੀ ਨੂੰ ਗ੍ਰਿਫ਼ਤਾਰ ਕੀਤਾ, ਉਹ ਦਸ ਦਿਨਾਂ ਪਿਛੋਂ ਜੇਲ੍ਹ ਦੇ ਹਸਪਤਾਲ ਵਿਚ ਮਰ ਗਿਆ। ਮੌਤ ਦੇ ਕਾਰਨਾਂ ਦੀ ਵਿਆਖਿਆ ਵਜੋਂ, ਫਰਾਂਕੋ ਦੇ ਅਧਿਕਾਰੀਆਂ ਨੇ ਉਸ ਦੇ ਪਰਿਵਾਰ ਨੂੰ ਉਹੀ ਕਹਾਣੀ ਪੇਸ਼ ਕਰ ਦਿਤੀ, ਜਿਹੜੀ ਉਨ੍ਹਾਂ ਨੇ ਜੂਲੀਅਨ ਗਰੀਮਾਓ (ਸਪੇਨ ਦੇ ਸਮਾਜਵਾਦੀ ਆਗੂ) ਦੀ ਮੌਤ ਸਮੇਂ ਘੜੀ ਸੀ। ''ਉਸ ਨੇ ਜੇਲ੍ਹ ਦੀ ਖਿੜਕੀ 'ਚੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ।'' ਪਰ ਇਹ ਕਹਾਣੀ ਨੰਗੀ ਹੋ ਗਈ, ਜਦੋਂ ਫਰਾਂਕੋ ਦੇ ਹਤਿਆਰਿਆਂ ਨੇ ਨੌਜਵਾਨ ਕਵੀ ਦੀ ਮਾਂ ਵਲੋਂ ਆਪਣੇ ਪੁੱਤਰ ਨੂੰ ਵੇਖਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ ਤਾਂ ਕਿ ਉਹ ਉਸ ਦੇ ਜਿਸਮ ਤੋਂ ਤਸੀਹਿਆਂ ਦੇ ਨਿਸ਼ਾਨ ਨਾ ਵੇਖ ਲਵੇ।''

-ਉਸ ਦਿਨ, ਅਰਥਾਤ, 14 ਜੂਨ 1963 ਨੂੰ ਮੈਂ ਕੁਝ ਬਿਮਾਰ ਸੀ। ਮੈਂ ਉਸ ਵੇਲੇ ਬੈਠ ਕੇ ਕਿਊਬਾ ਬਾਰੇ ਸਪੇਨੀ ਕਵਿਤਾ ਦੇ ਸੰਗ੍ਰਹਿ ਦੀ ਭੂਮਿਕਾ ਲਿਖਣ ਬਾਰੇ ਫੈਸਲਾ ਕੀਤਾ। ਆਪਣੇ ਸੌਣ ਕਮਰੇ 'ਚੋਂ ਮੈਂ ਵਿਲਪਾਰੈਸੋ ਬੰਦਰਗਾਹ ਵਿਚ ਖਲੋਤੇ ਜਹਾਜ਼ ਵੇਖ ਸਕਦਾ ਸੀ। ਉਨ੍ਹਾਂ ਵਿਚੋਂ ਕੁੱਝ, ਸਿਆਲੀ ਸਮੁੰਦਰ ਦੇ ਸਾਹਵੇਂ ਕਾਲੇ ਜਹਾਜ਼, ਸ਼ਾਇਦ ਸਪੇਨ ਤੋਂ ਆਏ ਸਨ ਜਾਂ ਸ਼ਾਇਦ ਘਰ ਮੁੜਦੇ ਉਥੋਂ ਦੀ ਲੰਘਣਗੇ। ਉਨ੍ਹਾਂ ਜਹਾਜ਼ਾਂ ਤੋਂ ਮੇਰਾ ਖਿਆਲ ਸਮੁੰਦਰੀ ਬੰਦਰਗਾਹਾਂ ਵੱਲ ਪਰਤ ਗਿਆ ਤੇ ਕਿਊਬਾ ਤੋਂ ਨਵੀਆਂ ਕਵਿਤਾਵਾਂ ਵੱਲ। ਅਖਬਾਰਾਂ ਫਰੋਲਦੇ, ਮੈਨੂੰ ਉਪਰ ਦਿਤੀ ਰਿਪੋਰਟ ਟੱਕਰ ਗਈ।

ਇਸ ਲਈ ਹਰ ਚੀਜ਼ ਪਹਿਲਾਂ ਵਰਗੀ ਸੀ?
ਇੰਝ ਜਾਪਦਾ ਸੀ....
ਪਰ ਇੰਝ ਨਹੀਂ ਸੀ
ਸਿਰਫ ਪਸ਼ੂ ਹੀ ਪੁਰਾਣੀ ਤਰ੍ਹਾਂ ਅੜਿੰਗਦੇ ਨੇ
ਪਰ ਕਵੀਆਂ ਦੇ ਗੀਤ ਨਵੇਂ ਹਨ।

ਇਹ ਪੁਸਤਕ ਉਨ੍ਹਾਂ ਲੇਖਕਾਂ ਵਲੋਂ ਲਿਖੀ ਗਈ ਹੈ, ਜਿਹੜੇ ਆਪਣੀਆਂ ਕਵਿਤਾਵਾਂ ਨੂੰ ਜੇਲ੍ਹ ਦੀ ਕੰਧ 'ਤੇ ਉਕਰ ਦੇਣਗੇ, ਜਿਹਨਾਂ ਦੀਆਂ ਆਵਾਜ਼ਾਂ ਸਮੁੰਦਰਾਂ ਨੂੰ ਪਾਰ ਕਰ ਜਾਣਗੀਆਂ, ਆਵਾਜ਼ਾਂ ਨਹੀਂ, ਸਪੇਨੀ ਧਰਤ ਦੀਆਂ ਦਬਾਈਆਂ ਹੋਈਆਂ ਹੂਕਾਂ ਤੇ ਹਾਵੇ।

ਜਦੋਂ ਕਦੇ ਅਸਾਂ ਸਾਰੇ ਸੰਸਾਰ ਦੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਸਪੇਨ ਨੂੰ ਸਮਰਪਤ ਕੀਤੀਆਂ ਸਨ, ਤਾਂ ਸਿੱਟਾਂ ਇਹ ਹੋਇਆ ਸੀ ਕਿ ਮੇਰੇ ਮਿੱਤਰਾਂ ਤੇ ਸਹਿਕਰਮੀਆਂ ਨੇ ਅਮਰੀਕੀ ਮਹਾਂਦੀਪ ਵਿਚ ਸਪੇਨ ਦੇ ਦੁਖਾਂਤ ਤੇ ਸੂਰਮਤਾਈ ਨੂੰ ਅਨੁਭਵ ਕੀਤਾ ਸੀ ਤੇ ਇਸ ਦਾ ਹੁੰਗਾਰਾ ਭਰਿਆ ਸੀ। ਅਸੀਂ ਅਥਾਹ ਮੈਦਾਨਾਂ ਤੇ ਪਰਬਤਾਂ ਤੋਂ ਪਾਰ ਵੱਖੋ ਵੱਖਰੇ ਦੇਸ਼ਾਂ ਤੋਂ ਆਏ ਸੀ, ਪਰ ਫਾਸਲੇ ਸਾਡੀ ਏਕਤਾ ਨੂੰ ਤੋੜ ਨਾ ਸਕੇ। ਅਸੀਂ ਇਕ ਦੂਸਰੇ ਨੂੰ ਜਾਣਦੇ ਨਹੀਂ ਸੀ, ਪਰ ਅਸਾਂ ਰਲ ਕੇ ਗੀਤ ਛੋਹਿਆ ਸੀ। ਅਸੀਂ ਸਪੇਨ ਤੇ ਇਸ ਦੇ ਲੋਕਾਂ ਨੂੰ ਪਿਆਰ ਕਰਦੇ ਸੀ, ਤੇ ਸਾਡੀਆਂ ਕਵਿਤਾਵਾਂ ਉਸ ਦੀ ਰਾਖੀ ਲਈ ਭੱਜੀਆਂ ਆਈਆਂ ਸਨ ਤੇ ਹਰ ਢੰਗ ਨਾਲ ਵੈਰੀ ਦੇ ਵਿਰੁਧ ਲੜੀਆਂ ਸੀ। ਇਹ ਸਾਡੀ ਮਹਾਨ ਉਮੀਦ ਹੀ ਸੀ, ਜਿਸ ਨੇ ਸਾਨੂੰ ਪੱਕੀ ਤਰ੍ਹਾਂ ਜੋੜੀ ਰੱਖਿਆ ਸੀ।

ਤੇ ਹੁਣ ਸਪੇਨੀ ਕਵੀ ਏਹੀ ਗੀਤ ਸਾਡੇ ਲਈ ਗਾ ਰਹੇ ਹਨ, ਉਨ੍ਹਾਂ ਨੇ ਇਸ ਨੂੰ ਨਵਾਂ ਜੀਵਨ, ਨਵੇਂ ਅਰਥ ਤੇ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ।

ਉਨ੍ਹਾਂ ਦੀਆਂ ਸਤਰਾਂ ਪੜ੍ਹਦਿਆਂ, ਜਿਹੜੀਆਂ ਕਿ ਪੀੜ ਨਾਲ ਭਰੀਆਂ ਹੋਈਆਂ ਹਨ, ਸਾਨੂੰ ਪ੍ਰਤੀਤ ਹੁੰਦਾ ਹੈ ਜਿਵੇਂ ਪ੍ਰਛਾਵੇਂ ਅਲਪੋ ਹੋ ਰਹੇ ਹਨ। ਇਹ ਕਵਿਤਾਵਾਂ ਠੋਸ ਕਾਰਨਾਮਿਆਂ ਨਾਲ ਏਨੀਆਂ ਭਰੀਆਂ ਹੋਈਆਂ ਹਨ ਕਿ ਇਹ ਅਸਲ ਵਿਚ ਉਨ੍ਹਾਂ ਵਿਚ ਸਮੋਅ ਗਈਆਂ ਹਨ। ਇਹ ਸਪੇਨੀ ਸੰਘਰਸ਼ 'ਚੋਂ ਉਪਜਦੀਆਂ ਹਨ; ਕਿਊਬਾ ਬਾਰੇ ਸੋਚਦੇ ਹੋਏ, ਕਵੀ ਆਪਣੇ ਲੋਕਾਂ ਦੀ ਮੁਕਤੀ ਲਈ ਲੜ ਰਹੇ ਹਨ।

ਕਵੀ ਗੰਜ਼ਾਲੋ ਆਬਾਦ ਆਖਦਾ ਹੈ :
ਮੈਂ ਆਪਣਾ ਜੀਵਨ
'ਹਵਾਨਾ' ਦੇ ਝੁਲਸਦੇ ਸੂਰਜ ਹੇਠ
ਨਵੇਂ ਸਿਰਿਓਂ ਆਰੰਭ ਕਰਨਾ ਚਾਹੁੰਦਾ ਹਾਂ

ਇਹ ਏਂਜਲ ਸੰਨਤਿਆਗੋ ਹੈ;
ਮੈਂ ਯੋਰਪ ਤੇ ਅਮਰੀਕਾ ਵਿਚਲਾ



ਸਮੁੰਦਰ ਸੁਕਾ ਦਿਆਂਗਾ
ਕਿਉਂਕਿ ਇਹ ਮੇਰਾ ਰਸਤਾ ਹੈ
ਮੈਂ ਇਹਦੇ ਬਿਨਾਂ ਆਪਣੇ ਫੌਜੀ ਬੂਟਾਂ
ਦੇ ਗਿੱਲਾ ਕਰਨ ਤੋਂ
ਪਾਰ ਕਰਨਾ ਚਾਹੁੰਦਾ ਹਾਂ

ਕਾਰਲੋ ਅਲਵਰੇਜ਼;
ਮੈਂ ਉਸ ਉਮੀਦ ਨੂੰ ਘੁੱਟ ਕੇ ਦਿਲ ਨਾਲ
ਗਲੇ ਲਗਾ ਲਵਾਂਗਾ,
ਜਿਹੜੀ ਕਿ ਕਿਊਬਾ ਨੇ
ਮੈਨੂੰ ਦਿਤੀ ਹੈ।

ਅਨਤੋਨੀਓ ਗੋਦਰੀ ਗੁਏਜ਼;
ਨਹੀਂ ਕਿਊਬਾ
ਮੈਂ ਤੇਰੀ ਕਾਢ ਨਹੀਂ ਕੱਢੀ
ਤੂੰ ਪਹਿਲਾਂ ਹੀ ਇਥੇ ਸੀ,
ਮੈਂ ਤੇਰੇ ਨਾਲ ਤੇਰੇ ਗੰਨੇ ਕੱਟਦਾ ਹਾਂ
ਤੇ ਤੇਰੇ ਇਸ਼ਤਿਹਾਰ ਗਿੱਲੇ ਕਰ ਕੇ
ਕੰਧਾਂ ਤੇ ਗੇਟਾਂ ਤੇ ਚਿਪਕਾਉਂਦਾ ਹਾਂ
ਤੇ ਸੰਧਿਆ ਤੋਂ ਪਹਿਲਾ
ਤੇਰੇ ਸਮੁੰਦਰੀ ਤੱਟ ਤੇ
ਇਹ ਕਵਿਤਾ ਲਿਖਦਾ ਹਾਂ

ਏਂਜਲ ਗੰਜ਼ੇਲਜ;
ਇਕ ਅੰਨ੍ਹੇ ਤੂਫਾਨ ਨੂੰ
ਧਰਤੀ ਤੇ ਚੱਲਣ ਦਿਓ
ਜਾਂ ਵਾਦੀ ਵਿਚ ਕਹਿਰ ਵਾਪਰਨ ਦਿਓ
ਕਿਊਬਾ ਮੇਰੀਆਂ ਅੱਖਾਂ ਵਿਚ
ਇਕ ਪਰਚਮ ਵਾਂਗ ਹੈ
ਇਕ ਮੱਚਦੀ ਜਵਾਲਾ
ਤੇ ਸਦੀਵੀ ਰੌਸ਼ਨੀ

ਅੰਜੇਲਾ ਫਿਗੂਏਰਾ;
ਐ, ਕਿਊਬਾ
ਤੇਰੇ ਲੋਕ ਆਜ਼ਾਦ ਹਨ।
ਉਨ੍ਹਾਂ ਆਪਣੇ ਭਾਰੇ ਸੰਗਲ
ਲਾਹ ਸੁੱਟੇ ਹਨ
ਤੇ ਉਹ ਆਸ ਉਮੀਦ ਦੇ ਮਾਰਗ 'ਤੇ
ਹਵਾਵਾਂ ਨੂੰ ਕੱਟਦੇ, ਸਿੱਧੇ ਤੁਰੇ ਜਾਂਦੇ ਹਨ
ਤੇ ਸਪੇਨ ਦੇ ਲੋਕ
ਜਿਹਨੂੰ ਗੱਦਾਰਾਂ ਨੇ ਦਬਾਇਆ
ਤੇ ਵੇਚ ਸੁੱਟਿਆ ਹੈ,
ਆਪਣੇ ਅੱਥਰੂ ਨਿਗਲ ਰਹੇ ਹਨ
ਤੇ ਸੰਗਲਾਂ ਨੂੰ ਦੰਦ ਮਾਰਦੇ ਹਨ
ਤੇ ਉਨ੍ਹਾਂ ਦੇ ਸੈਂਕੜ ਜ਼ਖ਼ਮਾਂ 'ਚੋਂ
ਬੇ-ਬੁਹਾ ਲਹੂ ਵਗ ਰਿਹਾ ਹੈ

ਬਰਾਸ-ਦੀ-ਓਤੇਰੋ, ਰਾਫੇਲ ਅਲਬੇਰਤੀ ਤੇ ਹੋਰ ਬਹੁਤ ਸਾਰੇ ਕਵੀ, ਜਿਹੜੇ ਆਪਣੀਆਂ ਕਵਿਤਾਵਾਂ ਨਾਂ ਲਿਖ ਸਕੇ ਤੇ ਮਾਰੇ ਗਏ, ਉਹ ਸਾਰੇ ਜਿਨ੍ਹਾਂ ਦੀਆਂ ਕਵਿਤਾਵਾਂ ਇਸ ਸੰਗ੍ਰਹਿ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ ਤੇ ਉਹ ਸਾਰੇ ਜਿਹੜੇ ਹੁਣੇ ਹੀ ਉਠੇ ਹਨ, ਤੇ ਆਪਣੀਆਂ ਕਾਵਿ ਪੰਗਤੀਆਂ ਲਿਖਣ ਵਾਲੇ ਹਨ, ਇਸ ਸਾਂਝੇ ਸਮੂਹ ਗਾਣ ਵਿਚ ਆਪਣੀਆਂ ਆਵਾਜ਼ਾਂ ਰਲਾਉਂਦੇ ਹਨ। ਸਾਡੇ ਨਾਲ, ਸਪੇਨੀ ਕਵੀ ਕਿਊਬਾ ਦੀ ਰਖਵਾਲੀ ਕਰ ਰਹੇ ਹਨ, ਤੇ ਆਪਣੀ ਏਕਤਾ ਨਾਲ ਸਾਨੂੰ ਨਵੀਂ ਸ਼ਕਤੀ ਦੇ ਰਹੇ ਹਨ ਤੇ ਆਪਣੀ ਸਦੀਵੀ ਕੋਮਲਤਾ ਨਾਲ ਸਾਨੂੰ ਨਿੱਘ ਦੇ ਰਹੇ ਹਨ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Contact:
Umesh Amin
Ph:780 463 2886
Fax: 780 463 6536
email: unamin@gmail.com



WE CARE YOUR CAR BETTER

Laddi Padda Realtor
ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ
PROFESSIONAL
REALTY GROUP
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



Cell: 780-909-5154
9222-51 Avenue, Edmonton, AB T6E 5L8
Phone: 780-439-9818, Fax: 780-439-1257



Laddi Padda


BIG BO'S
UP TO 50% SALE
Furniture, Appliances & Blinds
ਵਧੀਆ ਫਰਨੀਚਰ, ਅਪਲਾਇੰਸਿਜ਼
ਅਤੇ ਬਲਾਇੰਡਜ਼ ਲਈ ਅੱਜ ਹੀ
ਪਧਾਰੋ BIG BO'S FURNITURE
Stainless Steel
3 Pcs Set
Fridge, Range, Dishwasher, Washer & Dryer 5 Pcs. White Set
SAMSUNG
FRIGIDAIRE
Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.
4220 99 St. NW
Edmonton, AB
780 430 4346
Prices valid until Quantities last.


Creative Doors & Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5



# NEW WAY Stucco Ltd.

Quality work at reasonable rates.

We do Splash Dash Stucco and Acrylic. For free estimates call

(BALJIT) Ph. : (780)-708-1436, Fax : (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985



Experts in Interior & Exterior Paint

Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Sales Representative

Harinder Hundal

M.Sc. Eco, M.B.A

Residential | Commertial | Investment Properties

Home Life/United Realty Inc. Brokerage

Independently Owned & Operated.

Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

MLS MULTIPLE LISTING SERVICE® REALTOR

50 SunnyVale Gate, Unit # 7, Brampton, ON L6S 0C4

# ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com

# ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ

SPRING HAS ARRIVED AT MILLWOODS SUZUKI!

2.9% O.A.C.*

Certified PRE-OWNED Vehicles
SPRING SALE EVENT on now!

All Pre-owned Certified Vehicles come with a 7 month/7,000km Courtesy Powertrain Warranty

2011 SUZUKI GRAND VITARA JX 4X4
#11905-0 LOADED, LOW KMS, FACTORY WARRANTY
3 TO CHOOSE
FROM $23,995 Special Purchase

2.9% FINANCING*

2011 SUZUKI KIZASHI SX AWD
#11948-0 HEATED LEATHER, SUNROOF, ONLY 15,000 KMS
$26,995 Special Purchase

2007 SATURN AURA XR LUXURY SEDAN #11932-0 HEATED LEATHER, SUNROOF, ONLY 59,000KM'S $14,995

2009 KIA RIO5 HATCHBACK #11853-0 4 CYL, AUTO, LOADED, HEATED SEATS, WARRANTY $11,995

2008 BMW X5 3.0Si AWD #11889-0 NAVIGATION, LOADED $42,995

2008 MERCEDES ML 350 #11913-0 LOADED $42,995

2008 SUZUKI XL7 JLX-L #11T049-1 LOADED, LEATHER, SUNROOF, WARRANTY $20,995

2007 MAZDA5 GT #11892-0 LEATHER, SUNROOF, ONLY 46,000KMS $14,995

2007 BMW Z4 3.0Si CONVERTIBLE #11786-0 LOW KM'S, VERY NICE $30,995

2 TO CHOOSE 2008 MERCEDES B200 H/B #11904-0 LOADED FROM $20,995

3 TO CHOOSE 2011 SUZUKI SX4 JLX AWD #11944-0 AUTO, LOADED, HEATED SEATS, ONLY 11,000 KM'S $22,995

2008 MERCEDES-BENZ C300 4MATIC #11914-0 LUXURY SEDAN, PHOTOS ONLINE $34,995

2009 CHRYSLER PT CRUISER #11926-0 AUTO, LOADED, WARRANTY $12,995

2006 FORD F350 DIESEL CREW CAB LARIAT 4X4 #C301169-1 LEATHER, LOADED, FINANCING AVAILABLE $26,995

2006 INFINITI G35X AWD SEDAN #11918-1 HEATED LEATHER, SUNROOF, MUST SEE $16,995

2010 FORD FUSION SE #11895-0 CLOTH, LOADED, ONLY 28,000KMS, WARRANTY $18,995

2008 BMW X5 4.8i AWD #11888-0 PREMIUM PKG, SEE PHOTOS ONLINE $43,995

2006 NISSAN X-TRAIL LE #11917-0 LOADED $19,995

2005 CHEV UPLANDER LT #T100469-1 7 PASS, DVD, P.SLIDE DOOR $11,995

2007 NISSAN MURANO SL AWD #11939-0 HEATED CLOTH, SUNROOF $25,995

2007 VW GOLF CITY HATCHBACK #11T070-1 AUTO, LOADED $14,995

2007 TOYOTA CAMRY LE SEDAN #011952-1 LOADED, CLOTH INT., SUNROOF $15,995

2008 GMC YUKON XL 1500 SLT 4X4 #11941-0 HEATED QUADS, DVD, SUNROOF $26,995

SUZUKI Thank You for making us the #1 SUZUKI DEALER IN CANADA!

SHOP 24/7 @

*2.9% financing up to 36 months O.A.C. or up to $2,000 discount. Vehicles may not appear as illustrated. See dealer for more details.

MILLWOODS SUZUKI.COM

OPEN SUNDAY 12PM - 4PM

BBB ACCREDITED BUSINESS

3403-93 ST. ON THE AUTO ROW 780-450-4500 TOLL FREE 1-866-897-4500



NAND BHASIN
Contact Nand for the best trade-in value for your vehicle

☑ GREAT SERVICE! ☑ GREAT PRICES! ☑ GREAT SELECTION!

# ਸੰਤੁਲਿਤ ਭੋਜਨ ਦੀ ਮਨੁੱਖੀ ਸਰੀਰ ਲਈ ਅਹਿਮੀਅਤ



ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ)
ਆਈਵੀ ਮਲਟੀਸਪੈਸ਼ਲਿਟੀ ਹਸਪਤਾਲ ਸੈਕਟਰ 71 ਮੋਹਾਲੀ
balwinderdietician77@gmail.com

ਇਸ ਲੇਖ ਵਿਚ ਮੈਂ ਦਿਲ ਦਾ ਦੌਰਾ ਅਤੇ ਅਧਰੰਗ ਦੀ ਰੋਕਥਾਮ ਲਈ ਆਹਾਰ ਯੋਜਨਾ ਦੀ ਚਰਚਾ ਕਰਨ ਜਾ ਰਹੀ ਹਾਂ। ਖਾਸ ਕਰ ਕੇ ਇਹ ਯੋਜਨਾ ਅਜਿਹੇ ਖਤਰੇ ਦੇ ਤਿੰਨ ਕਾਰਨਾਂ ਨੂੰ ਘਟਾ ਕੇ ਕਰੇਗੀ;

- ☛ ਖ਼ੂਨ ਵਿਚ ਕਲੈਸਟਰੋਲ ਦਾ ਪੱਧਰ
- ☛ ਖ਼ੂਨ ਦਾ ਦਬਾਅ
- ☛ ਸਰੀਰਕ ਮੋਟਾਪਾ

ਹਰ ਭੋਜਨ ਦੱਸੇ ਅਨੁਸਾਰ ਖਾਣ ਪੀਣ ਦੀਆਂ ਯੋਗ ਆਦਤਾਂ ਅਤੇ ਸਰੀਰਕ ਸਰਗਰਮੀਆਂ ਸਿਹਤਮੰਦ ਜੀਵਨ ਨੂੰ ਬਲ ਬਖ਼ਸ਼ਦੀਆਂ ਹਨ। ਹੇਠਾਂ ਰੋਜ਼ਾਨਾ ਭੋਜਨ ਦੀ ਸੰਖੇਪ ਸੂਚੀ ਦਿਤੀ ਜਾ ਰਹੀ ਹੈ।

- ☛ ਹਰ ਰੋਜ਼ ਪੰਜ ਵਾਰ ਵੱਖ ਵੱਖ ਸਬਜ਼ੀਆਂ ਤੇ ਫਲ ਖਾਉ।
- ☛ ਦਿਨ 'ਚ ਛੇ ਵਾਰ ਵੱਖ ਵੱਖ ਅਨਾਜ ਲਉ।
- ☛ ਹਰ ਹਫ਼ਤੇ ਘੱਟੋ ਘੱਟ ਦੋ ਵਾਰ ਮੱਛੀ ਖਾਉ, ਤਰਜੀਹੀ ਤੌਰ 'ਤੇ ਮੋਟੀ ਮੱਛੀ ਜਿਵੇਂ ਸੈਲਮੋਨ ਅਤੇ ਟੂਨਾ।
- ☛ ਘੱਟ ਫੈਟ ਵਾਲੀਆਂ ਡੇਅਰੀ ਦੀਆਂ ਵਸਤਾਂ, ਫਲੀਆਂ, ਚਮੜੀ ਰਹਿਤ ਪੋਲਟਰੀ ਅਤੇ ਹਲਕਾ ਮੀਟ ਚੁਣੋ।
- ☛ ਦੋ ਗਰਾਮ ਪ੍ਰਤੀ ਚਮਚ ਘੀ ਦੀ ਮਾਤਰਾ ਤੋਂ ਜ਼ਿਆਦਾ ਵਾਲੀਆਂ ਵਸਤਾਂ ਨਾ ਚੁਣੋ ਜਿਵੇਂ ਤਰਲ 'ਤੇ ਜੰਮਿਆ ਹੋਇਆ ਮੱਖਣ ਅਤੇ ਹਰ ਤਰ੍ਹਾਂ ਦੇ ਬਨਸਪਤੀ ਤੇਲ।
- ☛ ਦਿਨ 'ਚ ਘੱਟੋ ਘੱਟ ਤੀਹ ਮਿੰਟ ਸਰੀਰਕ ਤੌਰ 'ਤੇ ਸਰਗਰਮ ਰਹੋ।
- ☛ ਉਚੀ ਕਲੋਰੀ ਪਰ ਨੀਵੀਂ ਪੌਸ਼ਟਿਕਤਾ ਵਾਲੇ ਭੋਜਨ ਜਿਵੇਂ ਕਿ ਕੋਲਡ ਡਰਿੰਕਸ ਅਤੇ ਟਾਫੀਆਂ ਆਦਿ ਨੂੰ ਘੱਟ ਲਓ।
- ☛ ਚਰਬੀ ਭਰਪੂਰ, ਤਲੀਆਂ ਹੋਈਆਂ ਅਤੇ ਕੈਲਸਟਰੋਲ ਦੀ ਵਧੇਰੇ ਮਾਤਰਾ ਵਾਲੀਆਂ ਖਾਣ ਪੀਣ ਵਾਲੀਆਂ ਵਸਤਾਂ ਸੀਮਤ ਕਰੋ।
- ☛ ਸੋਡੀਅਮ ਲੈਣ ਦੀ ਮਾਤਰਾ ਰੋਜ਼ਾਨਾ 2400 ਐਮ.ਜੀ. ਅਤੇ ਸਵਾ ਚਮਚਾ ਤਕ ਜਾਂ ਇਸ ਤੋਂ ਹੇਠਾਂ ਰੱਖੋ।

# ਏਅਰਪੋਰਟ ਟੈਕਸੀ ਸਟੈਂਡ ਨੂੰ ਸਿਟੀ ਦੇ ਹਵਾਲੇ ਕਰਨ ਦੀ ਮੰਗ ਨੂੰ ਲੈ ਕੇ ਟੈਕਸੀ ਡਰਾਈਵਰਾਂ ਦੀ ਮੀਟਿੰਗ



ਐਡਮਿੰਟਨ, (ਨਦਬ) : ਯੂਨਾਇਟਡ ਕੈਬਜ਼ ਐਸੋਸੀਏਸ਼ਨ ਆਫ਼ ਐਡਮਿੰਟਨ ਵਲੋਂ ਮਹਾਰਾਜਾ ਬੈਂਕੁਇਟ ਹਾਲ ਵਿਖੇ ਟੈਕਸੀ ਡਰਾਈਵਰਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਵਿਚਾਰ ਚਰਚਾ ਕਰਨ ਲਈ ਮੀਟਿੰਗ ਕੀਤੀ ਗਈ ਜਿਸ ਵਿਚ ਐਡਮਿੰਟਨ ਦੇ ਵੱਡੀ ਗਿਣਤੀ 'ਚ ਵੱਖੋ ਵੱਖ ਕੰਪਨੀਆਂ ਨਾਲ ਸਬੰਧਤ ਟੈਕਸੀ ਡਰਾਈਵਰ ਇਕੱਠੇ ਹੋਏ। ਮੀਟਿੰਗ ਦੌਰਾਨ ਸਮੁੱਚੇ ਰੂਪ 'ਚ ਸਾਰੇ ਡਰਾਈਵਰਾਂ ਨੇ ਏਅਰਪੋਰਟ ਟੈਕਸੀ ਸਟੈਂਡ ਨੂੰ ਸਿਟੀ ਦੇ ਹਵਾਲੇ ਕਰਨ ਦੀ ਮੰਗ ਉਠਾਣ, ਨਵੀਆਂ ਟੈਕਸੀ ਪਲੇਟਾਂ ਜਾਰੀ ਕਰਨ ਦੇ ਮਾਮਲੇ 'ਚ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਨਵੀਆਂ ਪਲੇਟਾਂ ਜੇਕਰ ਜਾਰੀ ਕਰਨੀਆਂ ਹੀ ਹਨ ਤਾਂ ਉਹ ਸੀਮਤ ਗਿਣਤੀ 'ਚ ਕੀਤੀਆਂ ਜਾਣ ਅਤੇ ਉਹ ਵੀ ਪੜਾਅ ਵਾਰ ਜ਼ਾਰੀ ਕੀਤੀਆਂ ਜਾਣ। ਇਸ ਦੌਰਾਨ ਟੈਕਸੀ ਡਰਾਈਵਰ ਕੌਂਸਲ ਵਲੋਂ ਟੈਕਸੀ ਕਮਿਸ਼ਨ ਬਾਰੇ ਪੇਸ਼ ਕੀਤੇ ਗਏ ਉਸ ਮਤੇ ਦਾ ਜ਼ੋਰਦਾਰ ਸਮਰਥਨ ਕੀਤਾ ਜਿਸ ਵਿਚ ਕੌਂਸਲਰ ਅਮਰਜੀਤ ਸੋਹੀ ਵਲੋਂ ਟੈਕਸੀ ਕਮਿਸ਼ਨ 'ਚ ਬਦਲਾਅ ਲਿਆਉਣ ਸਬੰਧੀ ਮਤਾ ਪੇਸ਼ ਕੀਤਾ ਗਿਆ ਹੈ। ਯੂਨਾਇਟਡ ਕੈਬਜ਼ ਐਸੋਸੀਏਸ਼ਨ ਦੇ ਪ੍ਰਧਾਨ ਬਲਰਾਮ ਮਿਨਹਾਸ ਨੇ ਜਿਥੇ ਸਮੁੱਚੇ ਟੈਕਸੀ ਡਰਾਈਵਰਾਂ ਦਾ ਉਕਤ ਮੰਗਾਂ ਨੂੰ ਲੈ ਕੇ ਸੰਘਰਸ਼ ਨੂੰ ਸਫਲ ਬਣਾਉਣ ਲਈ ਸਹਿਯੋਗ ਦਿਤਾ ਉਥੇ ਉਨ੍ਹਾਂ ਦੇ ਮੇਅਰ ਸਟੀਫਨ ਮੈਂਡਲ ਵਲੋਂ ਟੈਕਸੀ ਕਮਿਸ਼ਨ 'ਚ ਸੋਧ ਕਰਨ ਦੇ ਮਾਮਲੇ ਨੂੰ ਲੈ ਕੇ ਲਏ ਸਟੈਂਡ ਦੀ ਪੁਰਜ਼ੋਰ ਸ਼ਲਾਘਾ ਕੀਤੀ। ਇਸ ਦੌਰਾਨ ਉਘੇ ਵਕੀਲ ਗੁਰਪ੍ਰੀਤ ਗਿੱਲ ਨੇ ਟੈਕਸੀ ਡਰਾਈਵਰਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਏਅਰਪੋਰਟ ਦਾ ਟੈਕਸੀ ਸਟੈਂਡ ਸਿਟੀ ਦੇ ਹਵਾਲੇ ਕਰਨ ਨਾਲ ਵਧੇਰੇ ਰੁਜ਼ਗਾਰ ਪੈਦਾ ਹੋਵੇਗਾ। ਇਸ ਮੌਕੇ ਐਸੋਸੀਏਸ਼ਨ ਦੇ ਉਪ ਪ੍ਰਧਾਨ ਮਨਜਿੰਦਰ ਪੁਨੀਆ ਅਤੇ ਟੀਮ ਦੇ ਅਧਿਕਾਰੀ ਡੇਵ ਫਰੋਇਲਿਕ ਸਮੇਤ ਹੋਰ ਕਈ ਆਗੂਆਂ ਨੇ ਸੰਬੋਧਨ ਕੀਤਾ।

# ਹਰੀ ਸਿੰਘ ਬਦੇਸ਼ਾ ਨੂੰ ਯਾਦ ਕਰਦਿਆਂ

ਅੱਜ ਉਹ ਸਾਡੇ ਵਿਚ ਨਹੀਂ ਹਨ, ਪ੍ਰੰਤੂ ਉਨ੍ਹਾਂ ਦੀ ਕਿਰਸਾਨੀ, ਮਜ਼ਦੂਰਾਂ, ਦਲਿਤਾਂ, ਖੇਤ ਮਜ਼ਦੂਰਾਂ, ਦੇਸ਼ ਦੀ ਆਜ਼ਾਦੀ ਲਈ ਲੜੇ ਘੋਲਾਂ ਦੇ ਸੰਘਰਸ਼ ਦੀ ਗਾਥਾ ਸਾਡੇ ਲਈ ਪ੍ਰੇਰਣਾ ਸਰੋਤ ਹੈ। ਇਹ ਸਨ ਆਪਣੀ ਜ਼ਿੰਦਗੀ ਲੋਕ ਹਿੱਤਾਂ ਨੂੰ ਸਮਰਪਿਤ ਕਰਨ ਵਾਲੇ ਸ੍ਰੀ ਹਰੀ ਸਿੰਘ ਬਦੇਸ਼ਾ। ਜ਼ਿਲ੍ਹਾ ਜਲੰਧਰ (ਹੁਣ ਨਵਾਂ ਸ਼ਹਿਰ) ਪੰਜਾਬ ਦੇ ਪਿੰਡ ਮੰਢਾਲੀ 'ਚ ਸੰਨ 1915 'ਚ ਜਨਮੇ ਸ੍ਰੀ ਹਰੀ ਸਿੰਘ ਬਦੇਸ਼ਾ ਨੇ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ ਕੇ ਪਟਵਾਰੀ ਦੀ ਨੌਕਰੀ ਸ਼ੁਰੂ ਕਰ ਦਿੱਤੀ। ਪਰ ਭਰਾ ਦੀ ਮੌਤ ਨੇ ਬਹੁਤ ਕੁੱਝ ਬਦਲ ਦਿਤਾ। ਨੌਕਰੀ ਛੱਡ ਪਰਿਵਾਰ ਦੀ ਰੋਟੀ ਪਾਣੀ ਦਾ ਜੁਗਾੜ ਜੱਦੀ ਪੁਸ਼ਤੀ ਜ਼ਮੀਨ ਰਾਹੀਂ ਲੱਭਣਾ ਸ਼ੁਰੂ ਕੀਤਾ। ਅਕਾਲੀ -ਬੱਬਰ ਲਹਿਰ ਤੋਂ ਪ੍ਰਭਾਵਿਤ ਹੋ ਕੇ ਕਿਸਾਨੀ ਸੰਘਰਸ਼ ਵਿਚ ਕੁੱਦ ਪਏ। ਉਪਰੰਤ ਕਿਸਾਨ ਸਭਾ ਦੀ ਖੱਬੇ ਪੱਖੀ ਲਹਿਰ ਨਾਲ ਤਨੋ, ਮਨੋ, ਧਨੋ ਜੁੜ ਗਏ। ਕਿਰਸਾਨੀ ਦੀ ਮੰਦੀ ਹਾਲਤ ਨੂੰ ਸੁਧਾਰਨ ਲਈ ਪੇਂਡੂ ਕਮੇਟੀਆਂ ਦਾ ਗਠਨ ਕੀਤਾ, ਕਰਜ਼ਾ ਹਟਾਉ ਕਮੇਟੀ 'ਚ ਆਗੂ ਵਜੋਂ ਵਿਚਰੇ, ਪਰਿਵਾਰ ਸਹਾਇਤਾ ਕਮੇਟੀਆਂ ਨੂੰ ਪਿੰਡੋਂ ਪਿੰਡ ਸੁਰਜੀਤ ਕੀਤਾ। ਦੁਆਬਾ ਨਹਿਰ ਕਮੇਟੀ ਲਈ ਜਿੰਦ ਜਾਨ ਇਕ ਕੀਤੀ। ਆਜ਼ਾਦੀ ਘੋਲ ਵਿਚ ਆਪਣੇ ਘਰ 'ਤੇ ਤਿਰੰਗਾ ਝੰਡਾ ਲਹਿਰਾਉਣ 'ਤੇ ਪਿੰਡ ਵਿਚ ਦਫ਼ਾ 144 ਤੋੜ ਕੇ ਕਾਨਫਰੰਸ ਕਰਾਉਣ ਕਰਕੇ ਬਾਬਾ ਭਗਤ ਸਿੰਘ ਬਿਲਗਾ, ਚੈਨ ਸਿੰਘ ਚੈਨ, ਉਜਾਗਰ ਸਿੰਘ ਦੁਸਾਂਝ ਸਮੇਤ ਜੇਲ ਯਾਤਰਾ ਵੀ ਕੀਤੀ। ਉਹ ਲਾਹੌਰ ਦੀ ਦੇਸ਼ ਪੱਧਰੀ ਕਿਸਾਨ ਸਭਾ ਕਨਵੈਨਸ਼ਨ ਵਿਚ ਬਾਬਾ ਭਗਤ ਸਿੰਘ ਬਿਲਗਾ ਨਾਲ ਡੈਲੀਗੇਟ ਵਜੋਂ ਸ਼ਾਮਿਲ ਹੋਏ। ਲਾਹੌਰ ਵਿਚ ਹੀ ਕਿਸਾਨ ਮੋਰਚੇ ਦੌਰਾਨ ਸ੍ਰੀ ਹਰੀ ਸਿੰਘ ਬਦੇਸ਼ਾਂ ਨੂੰ ਜੇਲ ਯਾਤਰਾ ਕਰਨੀ ਪਈ।

1966 ਵਿਚ ਇੰਗਲੈਂਡ ਆਉਣ ਉਪਰੰਤ ਇੰਡੀਅਨ ਵਰਕਰ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਰਹੇ ਤੇ ਆਗੂ ਰੋਲ ਅਦਾ ਕੀਤਾ। 1984 ਵਿਚ ਇਥੋਂ ਰਿਟਾਇਰਮੈਂਟ ਲੈਣ ਉਪਰੰਤ ਸੀ.ਪੀ.ਆਈ.ਐਮ. ਦੇ ਨਾਲ ਪੱਕੇ ਤੌਰ 'ਤੇ ਜੁੜ ਗਏ ਤੇ ਆਖ਼ਰੀ ਸਾਹ ਤਕ ਪਾਰਟੀ ਦੀ ਬਿਹਤਰੀ ਲਈ ਕੰਮ ਕਰਦੇ ਰਹੇ। ਇਸ ਤੋਂ ਇਲਾਵਾ ਸ੍ਰੀ ਹਰੀ ਸਿੰਘ ਬਦੇਸ਼ਾ ਲਗਾਤਾਰ ਕਈ ਸਾਲ ਪਿੰਡ ਦੇ ਮੈਂਬਰ ਪੰਚਾਇਤ ਰਹੇ ਅਤੇ ਮੁਰਬੇਬੰਦੀ ਕਮੇਟੀ ਦੇ ਪ੍ਰਧਾਨ ਵੀ ਰਹੇ। ਇਸੇ ਦੌਰਾਨ ਬਾਜੀਗਰ ਬਰਾਦਰੀ, ਦਲਿਤਾਂ, ਪੇਂਡੂ ਖੇਤ ਮਜ਼ਦੂਰਾਂ ਲਈ ਮੁਫ਼ਤ ਜ਼ਮੀਨਾਂ ਦੀ ਅਲਾਟਮੈਂਟ ਦਾ ਸੰਘਰਸ਼ ਵੀ ਸਿਰੇ ਚੜ੍ਹਾਇਆ। ਸੰਨ 2002 ਦੀ ਨਵਾਂ ਸ਼ਹਿਰ (ਬੰਗਾ) ਵਿਖੇ ਹੋਈ ਸੂਬਾਈ ਕਿਸਾਨ ਕਾਨਫਰੰਸ ਵਿਚ ਉਨ੍ਹਾਂ ਦੇ ਕਿਸਾਨੀ ਸੰਘਰਸ਼ ਨੂੰ ਉਦਾਹਰਣ ਵਜੋਂ ਐਲਾਨਿਆ ਗਿਆ। ਪਿਛਲੇ ਦਿਨੀ ਉਹ ਸਾਡੇ ਤੋਂ ਸਦਾ ਲਈ ਵਿਛੜ ਗਏ ਹਨ।

ਸ੍ਰੀ ਹਰੀ ਸਿੰਘ ਬਦੇਸ਼ਾ ਦੇ ਪਦ-ਚਿੰਨ੍ਹਾਂ 'ਤੇ ਚਲਦਿਆਂ ਉਨ੍ਹਾਂ ਦੇ ਪੁੱਤਰ ਕਸ਼ਮੀਰਾ ਸਿੰਘ ਬਦੇਸ਼ਾ ਨੇ ਵੀ ਸੰਘਰਸ਼ ਦਾ ਰਾਹ ਅਪਣਾਈ ਰੱਖਿਆ ਹੈ। ਕਨੇਡਾ ਵਿਚ



ਕਈ ਸਾਲਾਂ ਤੋਂ ਰਹਿੰਦਿਆਂ ਕਸ਼ਮੀਰਾ ਬਦੇਸ਼ਾ ਨੇ ਹਿੰਦੁਸਤਾਨੀ ਗਦਰ ਪਾਰਟੀ (ਮਾਰਕਸਵਾਦੀ-ਲੈਨਨਵਾਦੀ) ਈਸਟ ਇੰਡੀਆ ਡਿਫੈਂਸ ਕਮੇਟੀ ਵਲੋਂ ਸਮੇਂ ਸਮੇਂ 'ਤੇ ਸ਼ੁਰੂ ਕੀਤੀ ਸੰਘਰਸ਼ਾਂ ਲਈ ਮੋਹਰੀ ਆਗੂ ਵਜੋਂ ਸੇਵਾ ਨਿਭਾਉਂਦੇ ਰਹੇ। ਹੁਣ ਚਾਹੇ ਉਹ ਟੈਕਸੀਆਂ ਦਾ ਮਸਲਾ ਹੋਵੇ, ਚਾਹੇ ਆਪਣੇ ਭਾਈਚਾਰੇ ਦਾ ਕੋਈ ਹੋਰ ਮਸਲਾ ਅਤੇ ਚਾਹੇ ਉਹ ਬੱਚਿਆਂ ਨੂੰ ਦੇਸ਼ ਭਗਤੀ, ਖੇਡਾਂ ਆਦਿ ਪ੍ਰਤੀ ਉਤਸ਼ਾਹਿਤ ਕਰਨਾ ਹੋਵੇ, ਕਸ਼ਮੀਰਾ ਸਿੰਘ ਬਦੇਸ਼ਾ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਹਨ।

ਅਦਾਰਾ 'ਨਵੀਂ ਦੁਨੀਆ' ਜਿਥੇ ਬਦੇਸ਼ਾ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ, ਉਥੇ ਸ੍ਰੀ ਹਰੀ ਸਿੰਘ ਬਦੇਸ਼ਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ। ਹੋਰ ਜਾਣਕਾਰੀ ਲਈ ਕਸ਼ਮੀਰਾ ਸਿੰਘ ਬਦੇਸ਼ਾ ਨਾਲ 780-462-3071 'ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਨਦਬ)






RELIABLE | CONVENIENT | SAFE

# UAEXCHANGE™

Service is our Currency

# SEND MONEY
## TO Your Loved Ones
## To WIN

$20






## LAPTOP &
## 5 GAS COUPONS OF $ 20 EACH

BANK A/C TRANSFERS ONLY $5
FOR ANY AMOUNT TO ANY BANK IN PAKISTAN

OFFER VALID FROM 14 JULY, 2011 TO 31 AUGUST, 2011

*Conditions Apply

BANK DRAFTS | INTERNATIONAL BANK TRANSFERS | FOREIGN EXCHANGE
INSTANT MONEY TRANSFERS | ONLINE MONEY TRANSFER

**9288, 34 AVE EDMONTON. PH: 780-436-8830**



*We'd Like...*
*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*
*Toll Free: 1-866-996-9776*
*sales@progressivewarranty.com*
*www.progressivewarranty.com*

CARB
CANADIAN ALLIANCE OF RESIDENTIAL BUILDERS

# progressive
home warranty solutions inc.

## *Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

# ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

## ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1. ਗੁਰਮੁਖੀ ਲਿਪੀ ਦੇ ਪੈਰ ਵਿਚ ਬਿੰਦੀ (.) ਵਾਲੇ ਕੁਲ ਕਿੰਨੇ ਅੱਖਰ ਹਨ ?
2. ੳ, ਅ, ੲ ਨਾਲ ਕਿਹੜੀਆਂ-ਕਿਹੜੀਆਂ ਲਗਾਂ, ਮਾਤਰਾਵਾਂ ਲੱਗਦੀਆਂ ਹਨ ?
3. ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਨਾਮ ਦੱਸੋ ?
4. ਗੁਰਮੁਖੀ ਲਿਪੀ ਵਿਚ ਵਿਅੰਜਨ ਕਿਹੜੇ ਕਿਹੜੇ ਹਨ ?
5. ਗੁਰਮੁਖੀ ਲਿਪੀ ਦੇ ਦੁੱਤ ਅੱਖਰ ਕਿਹੜੇ ਕਿਹੜੇ ਹਨ ?

## ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ____________________
ਪਤਾ
____________________
ਫੋਨ ਨੰਬਰ __________
ਸਕੂਲ ਦਾ ਨਾਮ __________
ਗ੍ਰੇਡ __________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ
ਮਿਤੀ______ ______________

ਸਾਡਾ ਪਤਾ-

*Nawi Dunia*
2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

## ਜੁਲਾਈ-2011 ਦੀ ਪੰਜਾਬੀ ਪ੍ਰਸ਼ਨੋਤ੍ਰੀ ਦਾ ਨਤੀਜਾ

ਪਿਛਲੇ ਮਹੀਨੇ ਦੇ ਸਵਾਲਾਂ ਦੇ ਸਭ ਤੋਂ ਸਹੀ ਉਤਰ ਭੇਜਣ ਵਾਲੇ ਪਹਿਲੇ ਤਿੰਨ ਵਿਦਿਆਰਥੀ :-

ਲਗਭਗ ਸਾਰੇ ਹੀ ਵਿਦਿਆਰਥੀਆਂ ਦੇ ਭੇਜੇ ਜਵਾਬ ਠੀਕ ਹਨ। ਪਰ ਇਨ੍ਹਾਂ ਵਿਚੋਂ ਸੁੰਦਰ ਲਿਖਾਈ ਅਤੇ ਸਫ਼ਾਈ ਦੇ ਆਧਾਰ ਤੇ ਹੇਠ ਲਿਖੇ ਵਿਦਿਆਰਥੀ ਚੁਣੇ ਗਏ : -

**1) ਜੈਸਮੀਨ ਕੌਰ ਸੇਖੋਂ, 2) ਜੈਸਮੀਨ ਹੀਰ, 3) ਅਰਮਾਨ ਚੌਹਾਨ**

# Matrimonial

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

------

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1" ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/ 780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ ਇਲਾਵਾ ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ

## ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

Gursikh 39 yrs 5"4 looking for life partner. Tourist, Work, student visa can also be considered. For more information please contact at marriageproposal@inbox.com

# Classified **Plus**

Your guide to every search

## HOUSE ON RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.

****

Newly Built 1950 Sq. Ft. Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

sold

* * * *

## House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

## 2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details
call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments
Contact 780 964 7001.

****

## ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****

## House for sale

2008 Built, 3148 Sq. Ft., 5 Bedroom with master bedroom, Large Living, Dining, Family Room, Big Breakfast nook & more just in $ 6,69,889.00. Address for location is 120 lakeland drive, Beaumont, Alberta T4XOB6. make an appointment call : 587-784-0599

****

## Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.



ਸਿਟੀ ਅਸਟੇਟਸ

## City Estates

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**

# NIRVANA

Restaurant ✵ Lounge ✵ Hall

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**



## ਕਲਾ ਅਤੇ ਸਮਾਜਕ ਸਰੋਕਾਰਾਂ ਦਾ ਸੰਗਮ

# ਸ਼ਕੀਰਾ

*ਕੋਲੰਬੀਆ ਦੀ ਮਸ਼ਹੂਰ ਗਾਇਕਾ ਸ਼ਕੀਰਾ ਕਿਸੇ ਵੀ ਧੁੰਨ 'ਤੇ ਜਦੋਂ ਥਿਰਕਦੀ ਹੈ ਅਤੇ ਆਪਣੀ ਬੁਲੰਦ ਆਵਾਜ਼ ਵਿਚ ਗਾਉਂਦੀ ਹੈ,* ਉਸ ਦੀਆਂ ਖਾਨਾਬਦੋਸ਼ ਅੱਖਾਂ ਤੋਂ ਅਤੇ ਆਧੁਨਿਕ ਰਾਕ ਗਾਉਂਦੇ ਹੋਏ ਵੀ ਪ੍ਰਾਚੀਨ ਲਗਣ ਵਾਲੇ ਨ੍ਰਿਤ ਤੋਂ ਮੰਤਰਮੁਗਧ ਹੋਏ ਬਿਨਾਂ ਕੋਈ ਨਹੀਂ ਰਹਿ ਸਕਦਾ। ਬੱਚਿਆਂ ਲਈ 'ਡੋਰਾ' ਦੇ ਸੰਗੀਤ ਤੋਂ ਲੈ ਕੇ 'ਲੋਕਾ', 'ਹਿਪਸ ਡੋਂਟ ਲਾਈ', 'ਜਿਪਸੀ', 'ਵਾਕਾ ਵਾਕਾ' ਆਦਿ ਨਾਲ ਪੌਪ ਕਵੀਨ ਮੰਨੀ ਜਾ ਚੁੱਕੀ ਸ਼ਕੀਰਾ ਹਰ ਉਮਰ ਦੇ ਸੰਗੀਤ ਪ੍ਰੇਮੀ ਦੇ ਦਿਲ ਦੀ ਰਾਣੀ ਹੈ। ਗੈਬਰੀਅਲ ਗਸ੍ਰਿਆ ਮਾਰਕੇਸ ਆਪਣੇ ਦੇਸ਼ ਦੀ ਇਸ ਗਾਇਕਾ ਬਾਰੇ ਕਹਿੰਦੇ ਹਨ-'ਸ਼ਕੀਰਾ ਵਾਂਗ ਕਿਸੇ ਵੀ ਉਮਰ ਵਿਚ, ਕੋਈ ਵੀ ਹੋਰ ਨੱਚ ਜਾਂ ਗਾ ਨਹੀਂ ਸਕਦਾ। ਉਸ ਦੀ ਭੋਲੀ ਕਾਮੁਕਤਾ ਉਸ ਦੀ ਆਪਣੀ ਖੋਜ ਹੈ।' ਆਪਣੀ ਫਿਲਮ 'ਲਵ ਇਨ ਦੀ ਟਾਈਮ ਆਫ ਕੋਲੇਰਾ' ਲਈ ਮਾਰਕੇਸ ਨੇ ਗੀਤ ਲਿਖਣ-ਗਾਉਣ ਦੀ ਅਪੀਲ ਸ਼ਕੀਰਾ ਨੂੰ ਹੀ ਕੀਤੀ। ਗਰੀਬੀ ਖਿਲਾਫ਼ ਅੰਦੋਲਨ ਛੇੜਨ ਵਿਚ ਵੀ ਮਾਰਕੇਸ ਸ਼ਕੀਰਾ ਦੇ ਪਾਰਟਨਰ ਹਨ।

ਚਾਰ ਸਾਲ ਦੀ ਉਮਰ ਤੋਂ ਹੀ ਪੁਰਾਣੀਆਂ ਧੁੰਨਾਂ 'ਤੇ ਥਿਰਕਣ ਵਾਲੀ ਸ਼ਕੀਰਾ ਕਦੇ ਸਟੇਜ 'ਤੇ ਆਉਣ ਤੋਂ ਨਹੀਂ ਘਬਰਾਈ। ਉਹ ਕਹਿੰਦੀ ਹੈ ਕਿ ਸਟੇਜ 'ਤੇ ਆਉਂਦੇ ਹੀ ਮੈਂ 'ਜੰਗਲ ਵਿਚ ਸ਼ੇਰੀ ਵਾਂਗ ਮਹਿਸੂਸ ਕਰਦੀ ਹਾਂ।'' ਸਪੇਨਿਸ਼ ਤੋਂ ਇਲਾਵਾ ਸ਼ਕੀਰਾ ਇੰਗਲਿਸ਼, ਪੁਰਤਗਾਲੀ, ਫਰੈਂਚ, ਇਤਾਲਵੀ ਅਤੇ ਅਰਬੀ ਭਾਸ਼ਾਵਾਂ ਤੋਂ ਜਾਣੂ ਹੈ। ਅੰਗਰੇਜ਼ੀ ਸਿੱਖੀ ਤਾਂ ਆਪਣੇ ਹੀ ਅੰਦਾਜ਼ ਵਿਚ 'ਲਿਓਨਾਰਡ ਕੋਹੇਨ ਅਤੇ ਵਿਟਮੈਨ ਦੀ ਕਵਿਤਾ ਪੜ੍ਹ ਕੇ। ਪ੍ਰਾਚੀਨ ਸਭਿਅਤਾਵਾਂ ਬਾਰੇ ਜਾਣਨਾ-ਸਿੱਖਣਾ ਚਾਹਿਆ ਤਾਂ ਯੂਨੀਵਰਸਿਟੀ (ਯੂ.ਸੀ.ਐਲ.ਏ.) ਵਿਚ ਦਾਖ਼ਲਾ ਲਿਆ। ਉਥੇ ਆਪਣਾ ਵਿਚਲਾ ਨਾਂ 'ਇਜ਼ਾਬੇਲ ਮਿਬਾਰਕ ਰਿਪੋਲੀ' ਰੱਖ ਕੇ ਇਕ ਸਾਲ ਤਕ ਪੜ੍ਹਾਈ ਪੂਰੀ ਕੀਤੀ। ਕਿਸੇ ਨੂੰ ਪਤਾ ਤਕ ਨਹੀਂ ਲੱਗਾ ਕਿ ਇਜ਼ਾਬੇਲ ਹੀ ਸ਼ਕੀਰਾ ਹੈ।

ਸ਼ਕੀਰਾ ਦੇ ਪਿਤਾ ਲਿਬਨਾਨ ਦੇ ਹਨ ਅਤੇ ਮਾਂ ਸਪੈਨਿਸ਼। ਉਨ੍ਹਾਂ ਦਾ ਸ਼ਹਿਰ ਬਾਰੰਕੀਆ ਕੋਲੰਬੀਆ ਦੇ ਕੈਰੀਬੀਅਨ ਸਮੁੰਦਰ ਦਾ ਤੱਟੀ ਸ਼ਹਿਰ ਹੈ। ਸ਼ਹਿਰ ਦੇ 50 ਫੀਸਦੀ ਲੋਕ ਗਰੀਬੀ ਦੀ ਰੇਖਾ ਹੇਠਾਂ ਹਨ। ਬੰਦਰਗਾਹ ਹੋਣ ਕਾਰਨ ਉਥੇ ਸਦੀਆਂ ਤੋਂ ਕਈ ਦੇਸ਼ਾਂ ਦੇ ਵਪਾਰੀ ਆਉਂਦੇ-ਜਾਂਦੇ ਰਹਿੰਦੇ ਹਨ ਅਤੇ ਸ਼ਹਿਰ ਵਿਚ ਕਈ ਤਰ੍ਹਾਂ ਦੇ ਸਭਿਆਚਾਰਾਂ ਦੇ ਸੁਮੇਲ ਦੀ ਝਲਕ ਹੈ। ਇਸੇ ਸ਼ਹਿਰ ਵਿਚ ਸਰਕਾਰੀ ਸਕੂਲ ਵਿਚ ਆਪਣੇ ਸੱਤ ਭਰਾ-ਭੈਣਾਂ ਨਾਲ ਸ਼ਕੀਰਾ ਨੇ ਪੜ੍ਹਾਈ ਪੂਰੀ ਕੀਤੀ। ਉਹ ਕਹਿੰਦੀ ਹੈ-'ਮੈਂ ਸੁਮੇਲ ਹਾਂ, ਲੈਬੇਨੀਜ਼ ਪਿਤਾ ਅਤੇ ਸਪੈਨਿਸ਼ ਮਾਂ ਦਾ, ਕੋਲੰਬੀਆ ਦੇ ਲੋਕ ਸੰਗੀਤ ਅਤੇ ਅਰਬ ਦੇ ਨ੍ਰਿਤ ਦਾ, ਪੌਪ ਅਤੇ ਰਾਕ ਸੰਗੀਤ ਦਾ।'

ਸ਼ਕੀਰਾ ਵਿਚ ਇਕ ਸੱਚੇ ਕਲਾਕਾਰ ਦੇ ਮਨ ਦੇ ਨਾਲ-ਨਾਲ ਇਕ ਸੋਚ ਦਾ ਮਿਸ਼ਰਨ ਵੀ ਹੈ। ਉਸ ਦੀ ਬੇਅਰਫੁੱਟ ਫਾਉਂਡੇਸ਼ਨ ਉਸ ਮਿਸ਼ਰਨ ਦੀ ਇਕ ਛੋਟੀ ਜਿਹੀ ਝਲਕ ਹੈ। 18 ਸਾਲਾਂ ਦੀ ਉਮਰ ਵਿਚ ਹੀ ਸ਼ਕੀਰਾ ਨੇ ਜਦੋਂ ਇਹ ਫਾਉਂਡੇਸ਼ਨ ਬਣਾਈ ਤਾਂ ਉਸ ਦੀ ਦ੍ਰਿਸ਼ਟੀ ਸਪਸ਼ਟ ਸੀ 'ਬੱਚਿਆਂ ਦੀ ਪੜ੍ਹਾਈ' ਉਨ੍ਹਾਂ ਨੂੰ ਮੌਕੇ ਪ੍ਰਦਾਨ ਕਰਨਾ ਅਤੇ ਇਕ ਨਵੇਂ ਸਮਾਜ ਦੀ ਨੀਂਹ ਰੱਖਣਾ।' ਉਹ ਕਹਿੰਦੀ ਹੈ-'ਕਰੋੜਾਂ ਬੱਚੇ ਪ੍ਰਾਇਮਰੀ ਸਿੱਖਿਆ ਤਕ ਨਹੀਂ ਪਹੁੰਚ ਸਕਦੇ ਹਨ ਅਤੇ ਹੋਰ ਕਰੋੜਾਂ ਬੱਚੇ ਜਿਵੇਂ ਦੀ ਸਿਖਿਆ ਲੈਂਦੇ ਹਨ, ਉਹ ਕਿਸੇ ਕੰਮ ਦੀ ਨਹੀਂ।' ਥਾਂ-ਥਾਂ ਸਕੂਲ ਖੋਲ੍ਹ ਕੇ ਉਹ ਸ਼ਾਂਤੀ ਦਾ ਸੰਦੇਸ਼ ਦੇਣਾ ਚਾਹੁੰਦੀ ਹੈ, 'ਅੱਜ ਦੇ ਸਮੇਂ ਸਾਡਾ ਸੰਦੇਸ਼ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਅਫਗਾਨਿਸਤਾਨ ਵਿਚ 30 ਹਜ਼ਾਰ ਅਧਿਆਪਕ ਭੇਜੇ ਹਨ, 30 ਹਜ਼ਾਰ ਫੌਜ ਨਹੀਂ।' ਆਪਣਾ ਪਿਛਲਾ ਜਨਮ ਦਿਨ ਮਨਾਉਣ ਲਈ ਉਸਨੇ ਆਪਣੇ ਸ਼ਹਿਰ ਬਾਂਕਰੀਆ ਵਿਚ ਸਕੂਲ ਖੋਲ੍ਹਿਆ। ਲਾਤੀਨੀ ਬੱਚਿਆਂ ਦੀ ਸਿੱਖਿਆ ਦੇ ਮੁੱਦੇ ਨੂੰ ਲੈ ਕੇ ਉਹ ਅਮਰੀਕੀ ਅਤੇ ਲਾਤੀਨੀ ਰਾਸ਼ਟਰਪਤੀਆਂ ਨੂੰ ਮਿਲ ਚੁੱਕੀ ਹੈ। ਸਟੇਜ 'ਤੇ ਸ਼ਕੀਰਾ ਜ਼ਿਆਦਾਤਰ ਨੰਗੇ ਪੈਰ ਨ੍ਰਿਤ ਕਰਦੀ ਹੈ। ਆਪਣੇ ਸੁਪਨਿਆਂ ਦੀ ਗੱਲ ਚੱਲਣ 'ਤੇ ਉਹ ਕਹਿੰਦੀ ਹੈ, 'ਅੱਖਾਂ ਬੰਦ ਕਰਦੇ ਹੀ ਮੈਂ ਬੱਚਿਆਂ ਦੇ ਚੇਹਰੇ ਦੇਖਦੀ ਹਾਂ। ਹਰ ਬੱਚੇ ਦਾ ਇਕ ਸੁਪਨਾ ਹੈ। ਸਾਡੀ, ਤੁਹਾਡੀ ਵਰਗੀ ਹੀ ਉਨ੍ਹਾਂ ਦੀ ਜ਼ਿੰਦਗੀ ਦੀ ਕੀਮਤ ਹੈ ਪਰ ਕਿੰਨੇ ਹੀ ਗਰੀਬ ਬੱਚੇ ਪੂਰੀ ਤਰ੍ਹਾਂ ਤ੍ਰਿਸਕਾਰ ਦੀਆਂ ਨਜ਼ਰਾਂ ਦਾ ਨਿਸ਼ਾਨਾ ਬਣਦੇ ਹਨ।' ਆਪਣੀ ਸੰਸਥਾ ਦੇ ਸਲੋਗਨ ਸ਼ਕੀਰਾ ਨੇ ਆਪਣੇ ਗੀਤਾਂ ਵਾਂਗ ਚੁਣੇ ਹਨ। ਉਸ ਦੀ ਸੰਸਥਾ ਦੀਆਂ ਤਿੰਨ ਇਕਾਈਆਂ ਹਨ-

ਇਫ ਆਈ ਈਟ ਵੈਲ, ਆਈ ਵਿੱਲ ਲਰਨ ਮੋਰ
ਇਫ ਆਈ ਲਰਨ ਮੋਰ, ਆਈ ਕੈਨ ਬੀ ਮੋਰ
ਇਫ ਆਈ ਸਮਾਈਲ ਮੋਰ, ਆਈ ਕੈਨ ਅਚੀਵ ਮੋਰ

(ਭੁੱਖੇ ਬੱਚਿਆਂ ਨੂੰ ਪੇਟ ਭਰ ਕੇ ਭੋਜਨ ਦੀ ਅਪੀਲ, ਬੱਚਿਆਂ ਦੀ ਸਿੱਖਿਆ ਦਾ ਪ੍ਰਬੰਧ ਕਰਨ ਵਾਲੀ ਇਕਾਈ, ਸੋਸ਼ਤ ਬੱਚਿਆਂ ਦੀ ਮਦਦ ਕਰਨ ਵਾਲੀ ਇਕਾਈ) ਇਕ ਸੱਚਮੁਚ ਦੀ ਪਰੀ-ਸ਼ਕੀਰਾ ਦਾ ਆਪਣਾ ਗੀਤ 'ਰੇਡੀ ਫਾਰ ਗੁੱਡ ਟਾਈਮਜ਼' ਉਸ ਦੀ ਅੰਦਰੂਨੀ ਤੇ ਬਾਹਰੀ ਪਛਾਣ ਤੋਂ ਜਾਣੂ ਕਰਾਉਂਦਾ ਹੈ।

(ਨਵੀਂ ਦੁਨੀਆ ਬਿਊਰੋ)

# ਕਟਹਿਰੇ ਵਿਚ ਮੀਡੀਆ ਸਮਰਾਟ

**ਜੈ ਪ੍ਰਕਾਸ਼ ਚੌਕਸੇ**

ਮੀਡੀਆ ਸਮਰਾਟ 80 ਸਾਲਾ ਰੁਪਰਟ ਮਰਡੋਕ ਨੇ ਬਰਤਾਨੀਆ ਦੀ ਸੰਸਦੀ ਕਮੇਟੀ ਸਾਹਮਣੇ ਖੁਦ ਨੂੰ ਨਿਰਦੋਸ਼ ਦੱਸਦੇ ਹੋਏ ਸਵੀਕਾਰ ਕੀਤਾ ਕਿ ਉਨ੍ਹਾਂ ਦੇ ਸੰਪਾਦਕਾਂ ਅਤੇ ਸਹਿਯੋਗੀਆਂ ਨੇ ਆਮ ਲੋਕਾਂ ਦੇ ਨਿੱਜੀ ਜੀਵਨ ਦੇ ਫੋਨ ਰਿਕਾਰਡ ਕਰਕੇ ਮਨਘੜਤ ਕਹਾਣੀਆਂ ਪ੍ਰਕਾਸ਼ਤ ਕੀਤੀਆਂ, ਜਿਨ੍ਹਾਂ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ ਅਤੇ ਪਛਤਾਵੇ ਵਜੋਂ ਉਹ ਆਪਣਾ ਧਨ ਕਮਾਉਣ ਵਾਲਾ 168 ਸਾਲਾ ਅਖ਼ਬਾਰ ਬੰਦ ਵੀ ਕਰ ਚੁੱਕੇ ਹਨ। ਸੁਣਵਾਈ ਮਗਰੋਂ ਇਕ ਨਾਰਾਜ਼ ਨਾਗਰਿਕ ਨੇ ਉਨ੍ਹਾਂ ਦੇ ਚਿਹਰੇ 'ਤੇ ਸਾਬਣ ਦਾ ਝੱਗ ਮਲਣ ਦੀ ਕੋਸ਼ਿਸ਼ ਕੀਤੀ। ਸੱਚ ਤਾਂ ਇਹ ਹੈ ਕਿ ਇਸ ਤਰ੍ਹਾਂ ਦੇ ਕੰਮ ਨਾਲ ਚਰਿਤਰ 'ਤੇ ਲੱਗੇ ਦਾਗ਼ ਧੋਣ ਲਈ ਕੋਈ ਸਾਬਣ ਇਜਾਦ ਨਹੀਂ ਹੋਇਆ ਹੈ। ਦਿਲ ਤੋਂ ਕੀਤੇ ਪਛਤਾਵੇ ਦਾ ਭਾਵ ਕੁਝ ਸਹਾਇਤਾ ਕਰ ਸਕਦਾ ਹੈ। ਇਹ ਪੂਰਾ ਕਾਂਡ ਉਸ ਸਮੇਂ ਉਜਾਗਰ ਹੋਇਆ, ਜਦੋਂ ਨੌਜਵਾਨ ਮਹਿਲਾ ਮਿਲੀ ਡਾਉਲਰ ਦੇ ਵੀਕਲ ਨੇ ਮੁਕੱਦਮਾ ਦਾਇਰ ਕੀਤਾ ਕਿ ਲੜਕੀ ਦੇ ਗੁਮਸ਼ੁਦਾ ਹੋਣ ਮਗਰੋਂ ਉਸ ਦੇ ਫੋਨ ਨਾਲ ਛੇੜਛਾੜ ਕੀਤੀ ਗਈ ਅਤੇ ਉਸ ਦੀ ਹੱਤਿਆ ਨੂੰ ਵੀ ਲੁਕਾਇਆ ਗਿਆ, ਤਾਂ ਕਿ ਗਰਮ ਖ਼ਬਰਾਂ ਵਿਚ ਉਸ ਨੂੰ ਕੁਝ ਸਮੇਂ ਹੋਰ ਜ਼ਿੰਦਾ ਰੱਖਿਆ ਜਾ ਸਕੇ। ਸਨਸਨੀਖੇਜ਼ ਪੱਤਰਕਾਰੀ ਵਿਚ ਮੌਤ ਦਾ ਵੀ ਵਪਾਰ ਕੀਤਾ ਜਾਂਦਾ ਹੈ। ਅਫਗਾਨਿਸਤਾਨ ਦੀ ਗ਼ੈਰ-ਜ਼ਰੂਰੀ ਜੰਗ ਵਿਚ ਗ਼ੈਰ-ਜ਼ਰੂਰੀ ਢੰਗ ਨਾਲ ਕੁੱਦੇ ਬਰਤਾਨੀਆ ਦੇ ਮਰੇ ਫੌਜੀਆਂ ਦੇ ਫੋਨ ਵੀ ਬਖਸ਼ੇ ਨਹੀਂ ਗਏ। ਇਹ ਸੰਭਵ ਹੈ ਕਿ ਲਚੀਲੇ ਕਾਨੂੰਨ ਦੇ ਦਾਇਰੇ ਵਿਚ ਮਰਡੋਕ ਦਾ ਕੰਮ ਗੁਨਾਹ ਮੰਨਿਆ ਜਾ ਸਕੇ। ਇਹ ਵੀ ਸੰਭਵ ਹੈ ਕਿ ਇਸ ਇਕ ਘਟਨਾ ਨਾਲ ਮਰਡੋਕ ਦਾ ਸਾਮਰਾਜ ਹੀ ਖ਼ਤਰੇ ਵਿਚ ਆ ਜਾਵੇ। ਜੇਕਰ ਮਰਡੋਕ ਦੀ ਕੋਈ ਸ਼ਾਖਾ ਭਾਰਤ ਵਿਚ ਹੁੰਦੀ, ਤਾਂ ਇਹ ਹਿੱਸਾ ਉਸੇ ਤਰ੍ਹਾਂ ਕਾਇਮ ਰਹਿੰਦਾ, ਪਰ ਤਥਾਕਥਿਤ ਭੌਤਿਕਵਾਦੀ ਅਤੇ ਵਿਲਾਸੀ ਪੱਛਮ ਵਿਚ ਇਸ ਤਰ੍ਹਾਂ ਦੀ ਘਟਨਾ ਉਨ੍ਹਾਂ ਦੇ ਸਾਮਰਾਜ ਨੂੰ ਨਸ਼ਟ ਕਰ ਸਕਦੀ ਹੈ। ਵਾਟਰਗੇਟ ਕਾਂਡ ਨੇ ਨਿਕਸਨ ਨੂੰ ਨਸ਼ਟ ਕਰ ਦਿੱਤਾ ਸੀ। ਦਰਅਸਲ ਇਸ ਪੂਰੇ ਕਾਂਡ ਵਿਚ ਮਰਡੋਕ ਇਕੱਲੇ ਹੀ ਦੋਸ਼ੀ ਨਹੀਂ ਹਨ। ਇਹ ਦੋਸ਼ ਉਸ ਆਮ ਪਾਠਕ 'ਤੇ ਵੀ ਲਗਣਾ ਚਾਹੀਦਾ ਹੈ ਜੋ ਆਪਣੇ ਸਭਿਆਚਾਰਕ ਸੁੰਨੇਪਣ ਨੂੰ ਭਰਨ ਲਈ ਇਸ ਤਰ੍ਹਾਂ ਦੀਆਂ ਖ਼ਬਰਾਂ ਨੂੰ ਚਸਕਿਆਂ ਨਾਲ ਪੜ੍ਹਦਾ ਹੈ ਅਤੇ ਪੈਸਾ ਵੀ ਖਰਚ ਕਰਦਾ ਹੈ।



ਮਰਡੋਕ ਮਹਿਜ਼ ਵਪਾਰੀ ਹੈ ਅਤੇ 'ਖਪਤ' ਦੇਖ ਕੇ 'ਮਾਲ' ਬਣਾਉਂਦਾ ਅਤੇ ਵੇਚਦਾ ਹੈ। ਦੂਸਰਿਆਂ ਦੇ ਨਿੱਜੀ ਜੀਵਨ ਵਿਚ ਝਾਕਣਾ ਸਾਡੇ ਮੂਲ ਸੁਭਾਅ ਦਾ ਇਕ ਹਿੱਸਾ ਹਮੇਸ਼ਾ ਰਿਹਾ ਹੈ ਅਤੇ ਦੋਸ਼ ਲਾਉਣ ਦਾ ਸਾਡਾ ਸ਼ੋਕ ਵੀ ਨਵਾਂ ਨਹੀਂ ਹੈ। ਮਨੁੱਖ ਦੀ ਅਨੰਤ ਜਗਿਆਸਾ ਨੇ ਹੀ ਉਸ ਤੋਂ ਖੋਜ ਅਤੇ ਚਮਤਕਾਰ ਕਰਵਾਏ ਹਨ, ਯਾਤਰਾਵਾਂ ਕਰਵਾਈਆਂ ਹਨ, ਪਰ ਇਸੇ ਜਗਿਆਸਾ ਦਾ ਇਕ ਹਿੱਸਾ ਉਸ ਨੂੰ ਦੂਸਰਿਆਂ ਦੇ ਜੀਵਨ ਦੇ ਅੰਦਰੂਨੀ ਪਹਿਲਆਂ ਵੱਲ ਵੀ ਲਿਜਾਂਦਾ ਹੈ। ਦਰਅਸਲ, ਆਦਮੀ ਖੁਦ ਦੇ ਸੱਚ ਤੋਂ ਭੱਜਣ ਲਈ ਹਜ਼ਾਰ ਯਤਨ ਕਰਦਾ ਹੈ। ਇਹ ਸਨਸਨੀ ਦੀ ਭੁੱਖ ਵੀ ਉਸੇ ਹਿਜਰਤ ਦਾ ਹਿੱਸਾ ਹੈ। ਮਰਡੋਕ ਦੇ ਉਸ ਦਫ਼ਤਰ ਵਿਚ ਕਰਮਚਾਰੀਆਂ ਵਿਚਾਲੇ ਆਪਸੀ ਮੁਕਾਬਲੇਬਾਜ਼ੀ ਕਾਰਨ ਹੀ ਕੁਝ ਲੋਕਾਂ ਇਹ ਸਨਸਨੀ ਰਚੀ। ਪੂਰੇ ਕਾਰਪੋਰੇਟ ਸੰਸਾਰ ਵਿਚ 'ਉਸਦੀ ਕਮੀਜ਼ ਮੇਰੀ ਕਮੀਜ਼ ਨਾਲੋਂ ਸਫੇਦ ਕਿਉਂ ਹੈ?' ਦਾ ਦਬਾਅ ਵਿਅਕਤੀ ਨੂੰ ਸਾਰੀਆਂ ਹੱਦਾਂ ਪਾਰ ਕਰਨ ਲਈ ਮਜਬੂਰ ਕਰਦਾ ਹੈ। ਤਮਾਮ ਦਫ਼ਤਰਾਂ ਵਿਚ ਚੁਗਲਖੋਰੀ ਹੁੰਦੀ ਹੈ, ਕਿਉਂਕਿ ਸਾਡਾ ਸਾਰਾ ਢਾਂਚਾ ਅਤੇ ਵਿਵਸਥਾ ਵਿਚ ਗੁਣਵੱਤਾ ਤੇ ਮਿਹਨਤ ਨਿਵਾਜੇ ਨਹੀਂ ਜਾਂਦੇ। ਚਸਕੇ ਤੇ ਚੁਗਲਖੋਰੀ ਸਾਡੇ ਸੁਭਾਅ ਵਿਚ ਸ਼ਾਮਲ ਹੈ। ਮਰਡੋਕ ਨੇ ਹੋਰਨਾਂ ਸਾਰੇ ਸ਼ਿਖਰ ਘਰਾਣਿਆਂ ਵਾਂਗ ਹੀ ਡਿਗਰੀਆਂ ਦੇਖ ਕੇ ਨੌਕਰੀਆਂ ਦਿੱਤੀਆਂ ਹੋਣਗੀਆਂ। ਮਨੁੱਖ ਨੂੰ ਪਛਾਣਨਾ ਬਹੁਤ ਔਖਾ ਹੈ। ਇਕ ਗੈਰ ਵਿਹਾਰਕ ਉਦਾਹਰਣ ਇਹ ਹੈ ਕਿ ਸ਼ਾਹਜਹਾਂ ਨੇ 'ਤਾਜ ਮਹਿਲ' ਦੀ ਰਚਨਾ ਲਈ ਮਹੱਤਵਪੂਰਨ ਅਹੁਦੇ ਦੇ ਦਾਅਵੇਦਾਰਾਂ ਨੂੰ ਕਿਹਾ ਕਿ ਜਿੰਨੀਆਂ ਅਸ਼ਰਫੀਆਂ ਚੁੱਕ ਸਕਦੇ ਹੋ, ਚੁੱਕੋ। ਫਿਰ ਕਿਹਾ, 'ਇਸ ਨੂੰ ਯਮੁਨਾ ਵਿਚ ਸੁੱਟ ਦਿਓ। ਜਿਸ ਨੇ ਸੁੱਟਣ ਤੋਂ ਪਹਿਲਾਂ ਥੋੜ੍ਹੀ ਝਿਜਕ ਦਿਖਾਈ, ਉਸ ਨੂੰ ਅਹੁਦਾ ਨਹੀਂ ਦਿੱਤਾ ਗਿਆ। ਲਾਲਚ ਨਾਲ ਭਰੇ ਵਿਅਕਤੀ ਕੋਈ ਮਹਾਨ ਕੰਮ ਨਹੀਂ ਕਰ ਸਕਦੇ।

# Royal Executive Homes

# Town Houses in Wildwood



**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- Affordable Prices

**Hurry 50% SOLD**




**Unit A**

| | |
|---|---|
| MAIN FLOOR AREA | 597 Sq.F. |
| UPPER FLOOR AREA | 992 Sq.F. |
| TOTAL LIVING AREA | 1589 Sq.F. |
| GARAGE AREA | 336 Sq.F. |




**Unit B**

| | |
|---|---|
| MAIN FLOOR AREA | 498 Sq.F. |
| UPPER FLOOR AREA | 734 Sq.F. |
| TOTAL LIVING AREA | 1232 Sq.F. |
| GARAGE AREA | 182 Sq.F. |



**Unit C**

| | |
|---|---|
| MAIN FLOOR AREA | 524 Sq.F. |
| UPPER FLOOR AREA | 780 Sq.F. |
| TOTAL LIVING AREA | 1304 Sq.F. |
| GARAGE AREA | 200 Sq.F. |



wild wood TOWN HOUSES
1820, 34th Ave
Edmonton.

**780-965-7390**
**780-906-4497**



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**
**3 For 1**
Any 3 Toppings
12" Medium - 14" Large

ਸਵਾਦੀ ਪੀਜ਼ੇ ਲਈ ਹੁਣੇ ਆਡਰ ਕਰੋ

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

# BRIDGEPORT HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**